ਸਤੰਬਰ 2026

ਗੁਰਮਤਿ ਵਿਰਸਾ

GURMAT VIRSA ਗੁਰਮਤਿ ਵਿਰਸਾ

Year-8, Issue-2, September 2026, Ludhiana gurmatvirsa@gmail.com Multilingual Price 25/-



ਸਾਕਾ ਸਾਰਾਗੜ੍ਹੀ
ਸਿੱਖਾਂ ਦੀ ਬਹਾਦਰੀ ਦੀ ਅਦੁੱਤੀ ਮਿਸਾਲ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਮਾਲੂਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਪਿੰਡ ਛਿਛਰੇਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਪਿੰਡ ਚੱਕ ਸਿਕੰਦਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਹਿੰਮਤ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਅੱਪਰਾ ਦੇ ਪਿੰਡ ਥਲਾ (ਫਿਲੌਰ) ਵਿਖੇ ਬੱਚੇ ਗੁਰਬਾਣੀ ਸੰਥਿਆ ਹਾਸਲ ਕਰਦੇ ਹੋਏ।



ਕੇਂਦਰ ਪਰਿੰਗੜੀ ਵਿਖੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਬੱਚਿਆਂ ਦੀ ਗੁਰਮਤਿ ਕਲਾਸ ਦੌਰਾਨ।



ਕੇਂਦਰ ਬਠਿੰਡਾ ਦੇ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਬੱਚਿਆਂ ਨੇ ਗੁਰਮਤਿ ਮੁਕਾਬਲੇ ਕਰਵਾਏ ਗਏ। ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਸੰਗਤਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ।

ਗੁਰਮਤਿ ਵਿਰਸਾ

ਸਤੰਬਰ 2026 **(ਮਾਸਿਕ ਮੈਗਜ਼ੀਨ)**

ਮੁੱਖ ਸੰਪਾਦਕ : ਰਾਣਾ ਇੰਦਰਜੀਤ ਸਿੰਘ
ਸੰਪਾਦਕ : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
ਸੰਪਾਦਕ : ਕੈਪਟਨ ਅਵਤਾਰ ਸਿੰਘ ਪਰਿੰਗੜੀ
ਪ੍ਰਬੰਧਕ: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
ਪ੍ਰਕਾਸ਼ਕ: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
ਫੋਨ: 98146-35655, 99155-29725, 79733-70542
Email: gurmatvirsa@gmail.com
Website: www.gurmatgian.org

ਸੰਪਾਦਕੀ ਬੋਰਡ: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
ਕਾਨੂੰਨੀ ਸਲਾਹਕਾਰ: ਐਡਵੋਕੇਟ ਜਸਪਾਲ ਸਿੰਘ ਚੁੱਘ

ਭਾਦੋਂ-ਅੱਸੂ ਮਹੀਨੇ ਦੇ ਖਾਸ ਦਿਹਾੜੇ

- ਪਹਿਲਾ ਪ੍ਰਕਾਸ਼ ਪੁਰਬ ਗੁਰੂ ਗ੍ਰੰਥ ਸਾਹਿਬ : 17 ਭਾਦੋਂ (1 ਸਤੰਬਰ)
- ਗੁਰਗੱਦੀ ਪਾਤਸ਼ਾਹੀ ਚੌਥੀ : 02 ਅੱਸੂ (16 ਸਤੰਬਰ)
- ਜੋਤੀ ਜੋਤਿ ਪਾਤਸ਼ਾਹੀ ਤੀਜੀ : 02 ਅੱਸੂ (16 ਸਤੰਬਰ)
- ਗੁਰਗੱਦੀ ਪਾਤਸ਼ਾਹੀ ਪੰਜਵੀਂ : 02 ਅੱਸੂ (16 ਸਤੰਬਰ)
- ਜੋਤੀ ਜੋਤਿ ਪਾਤਸ਼ਾਹੀ ਚੌਥੀ : 02 ਅੱਸੂ (16 ਸਤੰਬਰ)
- ਗੁਰਗੱਦੀ ਪਾਤਸ਼ਾਹੀ ਦੂਜੀ : 04 ਅੱਸੂ (18 ਸਤੰਬਰ)
- ਜੋਤੀ ਜੋਤਿ ਪਾਤਸ਼ਾਹੀ ਪਹਿਲੀ : 08 ਅੱਸੂ (22 ਸਤੰਬਰ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

Editor- Gurbachan Singh Panwa *

Responsible for collection of all Printed matter as per PRB Act

Registration Number of the Newspaper
PUNMUL/2019/78309

ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

ਕੀ ਅਤੇ ਕਿੱਥੇ ?

ਸੰਪਾਦਕੀ	4
ਸਵਾਲ ਜਵਾਬ	7
ਸ਼ਬਦ ਵਿਚਾਰ	8
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ	9
ਆਓ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਨਾਲ ਜੁੜੀਏ	11
ਸਾਕਾ ਸਾਰਾਗੜ੍ਹੀ- ਸਿੱਖਾਂ ਦੀ ਬਹਾਦਰੀ ਦੀ ਅਦੁੱਤੀ ਮਿਸਾਲ	13
ਕੇਸ ਅਤੇ ਵਿਅਕਤੀਤਵ	15
ਗਦਰੀ ਸੂਰਬੀਰ ਬੀਬੀ ਗ਼ੁਲਾਬ ਕੌਰ	17
ਪਹਿਲੇ ਖ਼ਾਲਸਾ ਰਾਜ ਦਾ ਬਾਨੀ- ਬਾਬਾ ਬੰਦਾ ਸਿੰਘ ਬਹਾਦਰ	20
ਨੰਨੇ ਵਾਰਸ	22
ਲੜੀਵਾਰ: ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ	24
ਨਿਡਰ ਤੇ ਨਿਰਭੈ ਯੋਧਾ ਬਾਬਾ ਬਿਧੀ ਚੰਦ ਛੀਨਾ	26
ਵੱਡੇ ਸ਼ਹਿਰਾਂ ਤੋਂ ਤਰੱਕੀ ਫੈਲਦੀ ਫੈਲਦੀ ਸਿਧ ਪੱਧਰ ਪੰਜਾਬ 'ਚ...	28
ਸੁਪਨੇ, ਸੰਘਰਸ਼, ਸਫਲਤਾ...!	29
ਚੰਗੀਆਂ ਆਦਤਾਂ ਪਾਓ	30
ਕਾਵਿ ਕਿਆਰੀ	33
Save This Resource, By Drop	34
ਸ਼੍ਰੀ ਸੰਤ–ਸਿਪਾਹੀ ਤਾਰਾ ਸਿੰਘ ਜੀ 'ਗਾਂ'	36
ਸਾਡੀ ਖੇਤੀ	38
ਸਿਹਤ ਸੰਭਾਲ	39
ਗੁਰਮਤਿ ਸੰਜੋਗ	40
ਜੁਲਾਈ ਮਹੀਨੇ ਦੀਆਂ ਸਰਗਰਮੀਆਂ	41



ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ

ਸਿੱਖ ਧਰਮ ਵਿੱਚ ਗੁਰੂ ਅਰਜਨ ਪਾਤਸ਼ਾਹ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਆਪ ਕੀਤੀ ਜੋ ਕਿ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਇੱਕ ਵਿਲੱਖਣ ਗੱਲ ਹੈ। ਭਾਵੇਂ ਸ਼ਬਦ ਨੂੰ ਗੁਰਿਆਈ ਗੁਰੂ ਨਾਨਕ ਸਾਹਿਬ ਜੀ ਹੀ ਦੇ ਗਏ ਸਨ ਪਰ ਪੱਕੇ ਤੌਰ 'ਤੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦਿੱਤੀ।

ਦੁਨੀਆਂ ਦੇ ਬਾਕੀ ਧਰਮਾਂ (ਜਿਵੇਂ ਬੁੱਧ ਧਰਮ, ਈਸਾਈ ਧਰਮ ਅਤੇ ਇਸਲਾਮ ਧਰਮ) ਦੇ ਆਗੂਆਂ ਨੇ ਆਪਣੇ ਜੀਵਨ ਕਾਲ ਵਿੱਚ ਆਪਣੇ ਹੱਥੀਂ ਕੋਈ ਗ੍ਰੰਥ ਨਹੀਂ ਲਿਖਿਆ ਅਤੇ ਨਾ ਹੀ ਕੋਈ ਅਧਿਕਾਰਤ ਬੀੜ ਤਿਆਰ ਕਰਾਈ ਸੀ। ਉਨ੍ਹਾਂ ਦੇ ਮੁਖਾਰਬਿੰਦ ਤੋਂ ਨਿਕਲੇ ਬਚਨਾਂ ਨੂੰ ਉਹਨਾਂ ਦੇ ਜਾਣ ਤੋਂ ਕਈ ਸੌ ਸਾਲਾਂ (ਜਾਂ ਸਦੀਆਂ) ਬਾਅਦ ਉਨ੍ਹਾਂ ਦੇ ਪੈਰੋਕਾਰਾਂ ਵਲੋਂ ਲਿਖੇ ਗਏ।

ਹਜ਼ਰਤ ਮੁਹੰਮਦ ਸਾਹਿਬ ਨੂੰ ਜੋ ਇਲਾਹੀ ਬਾਣੀ (ਵਹੀ) ਉਤਰਦੀ ਸੀ, ਉਸ ਨੂੰ ਉਨ੍ਹਾਂ ਦੇ ਸਾਥੀ ਪੱਥਰਾਂ, ਚਮੜੇ ਜਾਂ ਖਜੂਰਾਂ ਦੇ ਪੱਤਿਆਂ ਤੇ ਲਿਖ ਲੈਂਦੇ ਸਨ ਤੇ ਜ਼ਬਾਨੀ ਯਾਦ ਰੱਖਦੇ ਸਨ। ਮੁਹੰਮਦ ਸਾਹਿਬ ਦੇ ਜੀਵਨ ਕਾਲ ਵਿੱਚ ਇਸ ਨੂੰ ਕਿਤਾਬੀ ਰੂਪ ਨਹੀਂ ਦਿੱਤਾ ਗਿਆ ਸੀ। ਮੁੰਹਮਦ ਸਾਹਿਬ ਦੇ ਅਕਾਲ ਚਲਾਣੇ ਉਪਰੰਤ ਪਹਿਲੇ ਖ਼ਲੀਫ਼ਾ ਹਜ਼ਰਤ ਅਬੂ ਬੱਕਰ ਦੇ ਸਮੇਂ ਸਾਰੇ ਹਿੱਸਿਆਂ ਨੂੰ ਇਕੱਠਾ ਕੀਤਾ ਗਿਆ ਸੀ। ਅਖ਼ੀਰ ਤੀਜੇ ਖ਼ਲੀਫ਼ੇ ਹਜ਼ਰਤ ਉਸਮਾਨ ਦੇ ਰਾਜ ਦੌਰਾਨ ਕੁਰਾਨ ਦਾ ਇੱਕ ਪ੍ਰਮਾਣਿਕ ਕਿਤਾਬੀ ਰੂਪ ਤਿਆਰ ਕੀਤਾ ਗਿਆ।



ਪ੍ਰੋ. ਗੁਰਬਚਨ ਸਿੰਘ ਪੰਨਵਾਂ
99155-29725

ਹਜ਼ਰਤ ਯਿਸੂ ਮਸੀਹ ਨੇ ਆਪ ਕੋਈ ਕਿਤਾਬ ਨਹੀਂ ਲਿਖੀ ਤੇ ਨਾ ਹੀ ਆਪਣੇ ਸਾਹਮਣੇ ਲਿਖਾਈ। ਉਨ੍ਹਾਂ ਦੇ ਚੇਲਿਆਂ ਮੱਤੀ, ਮਾਰਕਸ, ਯੂਹੰਨਾ ਅਤੇ ਪੌਲੂਸ ਦੁਆਰਾ ਵੱਖ ਵੱਖ ਥਾਵਾਂ ਤੇ ਲਿਖਿਆ ਗਿਆ। ਕਈ ਸਦੀਆਂ ਬਾਅਦ ਚਰਚ ਦੀਆਂ ਕੌਂਸਲਾਂ ਨੇ ਤੈਅ ਕੀਤਾ ਕਿ ਇਨ੍ਹਾਂ ਲਿਖਤਾਂ ਨੂੰ ਪਵਿੱਤਰ ਬਾਈਬਲ ਵਿੱਚ ਸ਼ਾਮਿਲ ਕੀਤਾ ਜਾਏ।

ਏਸੇ ਤਰ੍ਹਾਂ ਮਹਾਤਮਾ ਬੁੱਧ ਦਾ ਮਸ਼ਹੂਰ ਧਮਪਦ ਗ੍ਰੰਥ ਵੀ ਕਈ ਸੌ ਸਾਲ ਬਾਅਦ ਲਿਖਿਆ ਗਿਆ ਹੈ। ਹਿੰਦੂ ਧਰਮ ਦੇ ਗ੍ਰੰਥ ਕਿਸੇ ਇੱਕ ਆਗੂ ਦੁਆਰਾ ਨਹੀਂ ਲਿਖੇ ਗਏ ਬਲਕਿ ਵੱਖ-ਵੱਖ ਰਿਸ਼ੀਆਂ ਮੁਨੀਆਂ ਨੂੰ ਹੋਏ ਅਨੁਭਵ ਤੇ ਉਨ੍ਹਾਂ ਨੂੰ ਅਗਾਂਹ ਦੀ ਅਗਾਂਹ ਸੁਣ ਸੁਣ ਕੇ ਲਿਖੇ ਗਏ ਹਨ।

ਸਾਰੀ ਦੁਨੀਆਂ ਦਾ ਧਰਮ ਇਕ ਹੀ ਹੈ, ਕਿ ਮਨੁੱਖ ਨੇ ਆਪਣੇ ਜੀਵਨ ਵਿੱਚ ਸਚਿਆਰ ਬਣਨਾ ਹੈ। ਸਚਿਆਰ ਉਸ ਨੂੰ ਕਿਹਾ ਗਿਆ ਹੈ ਜੋ ਸੱਚ ਦਾ ਧਾਰਨੀ ਹੋ ਕੇ ਚਲਦਾ ਹੈ। ਸੱਚ ਨੂੰ ਜਾਨਣ ਲਈ ਵੱਖੋ ਵੱਖਰੇ ਰਸਤੇ ਹਨ ਜਿੰਨ੍ਹਾਂ ਨੂੰ ਮਜ਼ਹਬ ਕਿਹਾ ਗਿਆ ਹੈ। ਉਂਝ ਤਾਂ ਸਾਰੀ ਦੁਨੀਆਂ ਦੇ ਧਾਰਮਿਕ ਗ੍ਰੰਥ ਸਤਿਕਾਰ ਯੋਗ ਹਨ ਪਰ ਸੱਚ ਨੂੰ ਸਮਝਣ ਦਾ ਜੋ ਰਸਤਾ ਗੁਰਬਾਣੀ ਨਿਰਧਾਰਤ ਕਰਦੀ ਹੈ ਉਹ ਬਹੁਤ ਹੀ ਸਰਲ ਤੇ ਸਿੱਧਾ ਸਾਦਾ ਹੈ। ਦੋ ਅੱਖਰਾਂ ਵਿੱਚ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਜੀਵਨ ਜਾਚ ਦਾ ਖ਼ਜ਼ਾਨਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮਾਜਿਕ, ਧਾਰਮਿਕ, ਭਾਈਚਾਰਕ ਸਾਂਝ ਦਾ ਉਹ ਉਚਤਮ ਨਮੂਨਾ ਹੈ, ਜਿਹੜਾ ਹਰੇਕ ਵਰਗ ਨੂੰ ਪਿਆਰ ਗਲਵੱਕੜੀ ਵਿੱਚ ਲੈਂਦਾ ਹੈ। ਅੱਜ ਵਿਗਿਆਨ ਦਾ ਯੁੱਗ ਹੈ ਜਿਸ ਵਿੱਚ ਓਸੇ ਵਿਚਾਰ ਨੂੰ ਸਹੀ ਮੰਨਿਆ ਜਾਂਦਾ ਹੈ ਜਿਹੜਾ ਤਰਕ ਦੀ ਕਸਵੱਟੀ 'ਤੇ ਪੂਰਾ ਉੱਤਰਦਾ ਹੈ। ਜਿਹੜਾ ਵਿਚਾਰ ਵਿਗਿਆਨ ਨਾਲ ਮੇਲ ਨਹੀਂ ਖਾਂਦਾ, ਤਰਕ ਦੀ ਕਸਵੱਟੀ 'ਤੇ ਪੂਰਾ ਨਹੀਂ ਉੱਤਰਦਾ ਉਹ ਅੰਧ-ਵਿਸ਼ਵਾਸ ਪੈਦਾ ਕਰਦਾ ਹੈ। ਨਿਰਸੰਦੇਹ ਮਨੁੱਖ ਨੇ 1990 ਤੋਂ ਲੈ ਕੇ 2026 ਤੱਕ ਜੋ ਤਰੱਕੀ ਕੀਤੀ ਹੈ, ਉਸ ਨੇ ਸਿੱਖਰਾਂ ਨੂੰ ਛੋਹਿਆ ਹੈ। ਹਰੇਕ ਕਰਮ ਲਈ ਤੇ ਮਨੁੱਖ ਨੇ ਆਪਣੀ ਸਹੂਲਤ ਲਈ ਵੱਖ-ਵੱਖ ਮਸ਼ੀਨਾਂ ਤਿਆਰ ਕਰ ਲਈਆਂ ਹਨ। ਮਨੁੱਖੀ ਸੁੱਖ ਅਰਾਮ ਦੀਆਂ ਸਹੂਲਤਾਂ, ਆਵਾਜਾਈ ਦੇ ਸਾਧਨਾਂ ਤੇ ਟੈਲੀਫੂਨ ਦੀ ਸਹੂਲਤ ਨੇ ਸਾਰੀ ਦੁਨੀਆਂ ਇੱਕ ਮੁੱਠ ਵਿੱਚ ਕਰ ਦਿੱਤੀ ਹੈ। ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕੁਝ ਵੀ ਵਾਪਰ ਰਿਹਾ ਹੋਵੇ ਅੱਧੇ ਸੈਕਿੰਡ ਵਿੱਚ ਸਾਰੀ ਜਾਣਕਾਰੀ ਮਿਲ ਜਾਂਦੀ ਹੈ। ਵਪਾਰ ਦੇ ਖੇਤਰ ਵਿੱਚ ਹੱਦੋਂ ਵੱਧ ਤਰੱਕੀ ਹੋਈ ਹੈ। ਘਰ ਬੈਠਿਆਂ ਹਰੇਕ ਵਸਤੂ ਮੰਗਵਾਈ ਜਾ ਸਕਦੀ ਹੈ। ਮਨੱਖ ਨੇ ਆਪਣੀ ਸਿਹਤ ਸਹੂਲਤ ਲਈ ਨਵੀਂ ਤੋਂ ਨਵੀਂ ਬਿਮਾਰੀ ਲੱਭ ਕੇ ਉਸ ਦਾ ਇਲਾਜ ਵੀ ਲੱਭਿਆ ਹੈ। ਅਸਮਾਨ ਤੇ ਸਮੁੰਦਰ ਦੀ ਗਹਿਰਾਈ ਨੂੰ ਗਾਹ ਮਾਰਿਆ ਹੈ। ਜਿਸ ਚੰਦ੍ਰਮਾ ਨੂੰ ਪੂਜਿਆ ਜਾਂਦਾ ਸੀ ਵੱਖ-ਵੱਖ ਮੁਲਕਾਂ ਨੇ ਉਸ ਦੀ ਖੋਜ ਕਰਕੇ ਨਵੀਆਂ ਇਕਾਈਆਂ ਨੂੰ ਜਨਮ ਦਿੱਤਾ ਹੈ। ਹੁਣ ਤਾਂ ਇਹ ਸਮਝ ਆਉਂਦੀ ਹੈ ਕਿ ਸ਼ਾਇਦ ਪੜ੍ਹਾਈ ਵੀ ਮਸ਼ੀਨਾਂ ਹੀ ਕਰਨਗੀਆਂ। ਤੁਸੀਂ ਕੋਈ ਲੇਖ ਲਿਖਣਾ ਜਾਂ ਕੋਈ ਜਾਣਕਾਰੀ ਲੈਣੀ ਹੈ ਤਾਂ ਮਿੰਟ ਤੋਂ ਪਹਿਲਾਂ ਸਾਰੀ ਲਿਖਤ ਤੁਹਾਡੇ ਹੱਥ ਵਿੱਚ ਹੁੰਦੀ ਹੈ।

ਜੇ ਇੱਕ ਦੇਸ਼ ਹਮਲਾ ਕਰਦਾ ਤਾਂ ਦੂਸਰਾ ਉਸ ਨੂੰ ਰੋਕਣ ਦੀ ਸਮਰੱਥਾ ਵੀ ਰੱਖਦਾ ਹੈ। ਅਸਮਾਨ ਦੀ ਲੜਾਈ ਨੇ ਤਾਂ ਮਨੁੱਖ ਨੂੰ ਹੈਰਾਨ ਹੀ ਕਰ ਦਿੱਤਾ ਹੈ। ਪੈਨਸਲ ਦੇ ਨੁਕਤੇ ਜਿੰਨੀ ਥਾਂ ਤੇ ਵੀ ਮਜ਼ਾਇਲ ਸੁੱਟੀ ਜਾ ਸਕਦੀ ਹੈ। ਐਨਾ ਕੁਝ ਹੋਣ ਦੇ ਬਾਵਜੂਦ ਵੀ ਇਹ ਮਨੁੱਖ ਅਸ਼ਾਂਤ ਹੈ, ਭਗਵੰਤ ਪ੍ਰੀਤ ਤੋਂ ਸੱਖਣਾ ਹੀ ਨਹੀਂ ਸਗੋਂ ਤਲਖ਼ੀ ਭਰੀ ਜ਼ਿੰਦਗੀ ਜਿਉ ਰਿਹਾ ਹੈ। ਰਾਜਨੀਤਿਕ ਖੇਤਰ ਵਿੱਚ ਮੱਚੀ ਹਫੜਾ-ਦਫੜੀ, ਝੂਠ ਫਰੇਬ ਨਾਲ ਭਿੱਜੀਆਂ ਤਕਰੀਰਾਂ ਨੇ ਮਨੁੱਖਤਾ ਦਾ ਘਾਣ ਕੀਤਾ ਹੋਇਆ ਹੈ। ਸਮਾਜਿਕ ਵਰਤਾਰੇ ਵਿੱਚ ਭਗਦੜ ਮੱਚੀ ਹੋਈ ਹੈ ਇਕ ਦੂਜੇ ਨਾਲੋਂ ਅੱਗੇ ਲੰਘਣ ਦੀ ਦੌੜ ਲੱਗੀ ਹੋਈ ਹੈ। ਪਰਿਵਾਰਕ ਰਿਸ਼ਤੇ ਕੇਵਲ ਹੈਲੋ ਤੱਕ ਸੀਮਤ ਹੋ ਗਏ ਹਨ। ਇਕੱਲੇ ਰਹਿਣਾ ਹਰੇਕ ਪਸੰਦ ਕਰਦਾ ਹੈ। ਸਾਂਝੇ ਪਰਿਵਾਰਾਂ ਵਾਲੀ ਬਿਰਤੀ ਦਾ ਇੱਕ ਕਿਸਮ ਨਾਲ ਭੋਗ ਹੀ ਪੈ ਗਿਆ ਹੈ। ਧਾਰਮਿਕ ਦੁਨੀਆਂ ਦੇ ਆਗੂ ਜਿਨ੍ਹਾਂ ਨੇ ਸੱਚ ਅਚਾਰ ਦੀ ਗੱਲ ਕਰਨੀ ਸੀ, ਉਹ ਰਾਜਨੀਤਿਕ ਲੋਕਾਂ ਦੀਆਂ ਰਖੇਲਾਂ ਬਣ ਕੇ ਰਹਿ ਗਏ ਹਨ।

ਇਸ ਅਸ਼ਾਂਤ ਮਾਹੌਲ ਵਿੱਚ ਇੱਕ ਸਕੂਨ ਵਾਲੀ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਿਧਾਂਤ ਹਰੇਕ ਪ੍ਰਸ਼ਨ ਦਾ ਉੱਤਰ ਦੇ ਕੇ ਨਿਰੋਏ ਜੀਵਨ ਤੇ ਸਮਾਜ ਦੀ ਸਿਰਜਣਾ ਕਰਦਾ ਹੈ। ਦੁੱਖ ਇਸ ਗੱਲ ਦਾ ਹੈ ਅਸਾਂ ਇਸ ਗ੍ਰੰਥ ਨੂੰ ਕੇਵਲ ਇੱਕ ਮੂਰਤੀ ਵਾਂਗ ਪੂਜਣਾ ਸ਼ੁਰੂ ਕਰ ਦਿੱਤਾ ਹੈ ਜਦ ਕਿ ਬਾਣੀ ਦੀ ਨਿਰੋਈ ਵਿਚਾਰ ਕਰਨੀ ਸੀ।

ਸਭ ਤੋਂ ਪਹਿਲਾਂ ਇਹ ਦੇਖਾਂਗੇ ਕਿ ਗੁਰਬਾਣੀ ਦਾ ਆਸ਼ਾ ਸੱਚ ਦੇ

ਅਧਾਰਤ ਹੈ। ਗੁਰਬਾਣੀ ਦੀਆਂ ਸਦਚਾਰਕ ਕਦਰਾਂ ਕੀਮਤਾਂ ਵਿਗਿਆਨ ਨੂੰ ਵੀ ਸਹੀ ਰਸਤਾ ਦਿਖਾਲਦੀਆਂ ਹਨ। ਗੁਰਬਾਣੀ ਆਖਦੀ ਹੈ ਕਿ ਕਿਸੇ ਦਾ ਸੁੱਖ ਖੋਹਣਾ ਨਹੀਂ ਹੈ ਸਗੋਂ ਦੂਜੇ ਦਾ ਦਰਦ ਵੰਡਾਉਣਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਭ ਤੋਂ **ਪਹਿਲੀ** ਸਿੱਖਿਆ ਕਿ ਇਸ ਦਾ ਆਸ਼ਾ ਸੱਚ ਦੇ ਅਧਾਰਤ ਹੈ ਸੱਚ ਕਦੇ ਵੀ ਪੁਰਾਣਾ ਨਹੀਂ ਹੁੰਦਾ-

ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥
ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥ (1248)

ਗੁਰੂ ਗ੍ਰੰਥ ਸਾਹਿਬ ਜੀ ਨੇ ਜੀਵਨ ਦੇ ਹਰੇਕ ਖੇਤਰ ਵਿੱਚ ਬਿਬੇਕ ਵਿਚਾਰ ਨੂੰ ਮੁੱਖ ਰੱਖਿਆ ਹੈ। ਵਿਚਾਰ ਨੂੰ ਪੜ੍ਹਨਾ ਭੇਦ ਨੂੰ ਸਮਝਣਾ ਤੇ ਗਿਆਨ ਦੇ ਰਸਤੇ ਨੂੰ ਅਖਤਿਆਰ ਕਰਨ ਤੇ ਜ਼ੋਰ ਦਿੱਤਾ ਹੈ। ਇਸ ਪ੍ਰਥਾਏ ਗੁਰੂ ਨਾਨਕ ਸਾਹਿਬ ਨੇ ਉਹ ਖ਼ਿਆਲ ਦਿੱਤਾ ਹੈ ਜੋ ਸਾਡਾ ਹੀ ਨਹੀਂ ਸਗੋਂ ਕੁੱਲ ਦੁਨੀਆਂ ਦੇ ਆਲਮ ਦਾ ਰਾਹ ਰੋਸ਼ਨ ਕਰਦਾ ਹੈ—

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ (1245)

ਗੁਰੂ ਗ੍ਰੰਥ ਸਾਹਿਬ ਵਿੱਚ ਉਹ ਸਚਾਈਆਂ ਹਨ ਜਿਹੜੀਆਂ ਸਾਰੀ ਮਨੁੱਖਤਾ ਨੂੰ ਆਦਰਸ਼ਕ ਮਨੁੱਖ ਬਣਨ ਦਾ ਅਹਿਸਾਸ ਕਰਾਉਂਦੀਆਂ ਹਨ। ਕੁਝ ਕੁ ਵੰਨਗੀਆਂ ਹੇਠਾਂ ਅੰਕਤ ਹਨ—

1. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (470)
2. ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥ (472)
3. ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ (474)
4. ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ (1384)
5. ਸੁਣਿ ਮੁੰਧੇ ਹਰਣਾਖੀਏ ਗੁੜਾ ਵੈਣੁ ਅਪਾਰੁ ॥
ਪਹਿਲਾ ਵਸਤੁ ਸਿਵਾਣਿ ਕੈ ਤਾਂ ਕੀਚੈ ਵਾਪਾਰੁ ॥ (1410)
6. ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ (3)
7. ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ (953)
8. ਨਾਨਕ ਦੁਖੀਆ ਸਭੁ ਸੰਸਾਰੁ ॥ (954)
9. ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥
(1411)

ਗੁਰਬਾਣੀ ਦੀ **ਦੂਜੀ** ਵਿਸ਼ੇਸ਼ਤਾ ਹੈ ਕਿ ਇਸ ਵਿੱਚ ਦੇਸ਼ ਦੀਆਂ 12 ਕੁ ਬੋਲੀਆਂ ਦਾ ਮਿਸ਼ਰਨ ਹੈ ਅਤੇ ਬਹੁਤਾ ਲੋਕ ਬੋਲੀ ਵਿੱਚ ਹੈ। ਅਲੰਕਾਰ ਵਸਤਾਂ ਹਵਾਲੇ ਉਹ ਲਏ ਗਏ ਹਨ ਜਿੰਨ੍ਹਾਂ ਦਾ ਲੋਕਾਂ ਨਾਲ ਨਿੱਤ ਦਾ ਸਬੰਧ ਹੈ। ਪਪੀਹਾ, ਚਾਤ੍ਰਿਕ, ਮੋਰ, ਹਰਨੀ, ਕੋਇਲ, ਵਣ, ਬਾਰ, ਭੌਰਾ, ਅੱਕ, ਟਿੱਡਾ, ਚੰਦਨ, ਚੰਦ, ਸੂਰਜ, ਤਾਰੇ, ਪਉਣ, ਪਾਣੀ, ਅਗਨੀ, ਮਾਤਾ ਪਿਤਾ, ਪੁੱਤਰ, ਜਨਨੀ, ਮਾਂ ਬਾਪ, ਲੁਹਾਰ, ਭਾਂਡੇ, ਸੁਤਕ ਪਾਤਕ, ਰਾਜਾ ਪਰਜਾ ਆਦਿਕ ਜਦੋਂ ਅਕਾਲ ਪੁਰਖ ਦੀ ਸਰਬ ਵਿਆਪਕਤਾ ਦੀ ਗੱਲ ਕਰਦੇ ਹਨ ਕਿੰਨੀ ਸੁੰਦਰ ਮਿਸਾਲ ਦਿੰਦੇ ਹਨ ਕਿ ਜਿਸ ਤਰ੍ਹਾਂ ਕਈ ਪਾਣੀ ਵਾਲੇ ਘੜੇ ਵਿਚੋਂ ਚੰਦ੍ਰਮਾ ਦਾ ਅਕਸ ਇਕਸਾਰ ਦੇਖਿਆ ਜਾ ਸਕਦਾ ਹੈ ਏਸੇ ਤਰ੍ਹਾਂ ਅਕਾਲ ਪੁਰਖ ਦੀ ਨਿਯਮਾਂਵਲੀ ਹਰੇਕ ਥਾਂ ਵਰਤ ਰਹੀ ਹੈ-

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥
ਪਰਗਟੁ ਥੀਆ ਆਪਿ ਨਾਨਕ ਮਸਤਕਿ ਲਿਖਿਆ॥ (1099)

ਗੁਰੂ ਗ੍ਰੰਥ ਸਾਹਿਬ ਜੀ **ਤੀਜੀ** ਵੱਡੀ ਵਿਸ਼ੇਸ਼ਤਾ ਇਸ ਵਿਚ ਵਹਿਮ ਭਰਮ, ਅੰਧ-ਵਿਸ਼ਵਾਸ ਤੇ ਮਨੋਕਲਪਤ ਗੱਲਾਂ ਨੂੰ ਕੋਈ ਥਾਂ ਨਹੀਂ ਹੈ। ਸੂਤਕ-ਪਾਤਕ, ਸੁੱਚ-ਭਿੱਟ, ਲਿੰਗ ਭੇਦ, ਜਾਤ-ਪਾਤ, ਖਾਣ-ਪੀਣ ਤੇ ਪਹਿਨਣ ਦੇ ਵਿਤਕਰਿਆਂ ਤੇ ਪਾਬੰਧੀਆਂ ਨੂੰ ਕੋਈ ਥਾਂ ਨਹੀਂ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (16)

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥ (401)

ਗੁਰੂ ਗ੍ਰੰਥ ਸਾਹਿਬ ਜੀ ਦੀ **ਚੌਥੀ** ਵੱਡੀ ਵਿਸ਼ੇਸਤਾ ਹੈ ਕਿ ਇਸ ਗ੍ਰੰਥ ਵਿੱਚ ਉਨ੍ਹਾਂ ਮਹਾਂਪੁਰਸ਼ਾਂ ਦੀ ਬਾਣੀ ਅੰਕਤ ਕੀਤੀ ਗਈ ਹੈ। ਜਿਸ ਦਾ ਸਿਧਾਂਤ ਇੱਕ ਅਕਾਲ ਪੁਰਖ ਦੇ ਗੁਣਾਂ ਨਾਲ ਭਰਿਆ ਹੋਇਆ ਸੀ। ਭਾਰਤ ਦੇ ਸਭਿਆਚਾਰ ਵਿੱਚ ਮਲੇਸ਼ ਤੇ ਕਾਫ਼ਰ ਸ਼ਬਦਾਂ ਨੇ ਨਫਰਤ ਵਾਲੀ ਥਾਂ ਬਿਠਾਈ ਹੋਈ ਸੀ।

ਗੁਰੂ ਨਾਨਕ ਸਾਹਿਬ ਜੀ ਨੇ ਇਸ ਵਲਗਣ ਨੂੰ ਤੋੜਿਆ ਹੀ ਨਹੀਂ, ਸਗੋਂ ਸ਼ੂਦਰ ਅਖਵਾਉਣ ਵਾਲਿਆਂ ਨੂੰ ਆਪਣੇ ਬਰਾਬਰ ਬਿਠਾਇਆ ਹੈ। ਭਗਤ ਰਵਿਦਾਸ ਜੀ, ਕਬੀਰ ਜੀ, ਸੈਣ ਜੀ, ਸਧਨਾ ਜੀ, ਨਾਮਦੇਵ ਜੀ, ਤ੍ਰਿਲੋਚਣ ਜੀ, ਫਰੀਦ ਜੀ, ਧੰਨਾ ਜੀ, ਬੇਣੀ ਜੀ, ਰਾਮਾ ਨੰਦ ਜੀ, ਭੀਖਨ ਜੀ, ਜੈ ਦੇਵ ਜੀ, ਪੀਪਾ ਜੀ ਸਤਾ ਜੀ, ਬਲਵੰਡ ਜੀ, ਸੁੰਦਰ ਜੀ ਅਤੇ ਗਿਆਰਾਂ ਭੱਟਾਂ ਦੀ ਬਾਣੀ ਅੰਕਤ ਕੀਤੀ ਹੈ; ਜਾਤੀ ਬੰਧਨ ਤੋੜਿਆ ਹੈ। ਸ਼ੂਦਰ ਅਖਵਾਉਣ ਵਾਲਿਆਂ ਨੂੰ ਸਿੰਘਾਸਣ ਤੇ ਬਿਠਾਇਆ ਹੈ। ਉੱਚੀ ਜਾਤ ਦਾ ਹੰਕਾਰ ਪਾਲਣ ਵਾਲੇ ਬ੍ਰਾਹਮਣ ਨੂੰ ਕਬੀਰ ਸਾਹਿਬ ਜੀ ਨੇ ਵਿੰਆਗਾਤਿਮਕ ਢੰਗ ਨਾਲ ਪੁਛਿਆ ਹੈ, ਕਿ ਐ ਬ੍ਰਾਹਮਣ ਦੇਵਤਾ ਜੀ ਕੀ ਆਪ ਜੀ ਦੇ ਜਨਮ ਲੈਣ ਦਾ ਤਰੀਕਾ ਕੋਈ ਦੁਨੀਆਂ ਨਾਲੋਂ ਵੱਖਰਾ ਹੈ? ਜਿਸ ਤਰ੍ਹਾਂ ਇੱਕ ਆਮ ਆਦਮੀ ਜਨਮ ਲੈਂਦਾ ਹੈ, ਓਸੇ ਤਰ੍ਹਾਂ ਤੂੰ ਸੰਸਾਰ ਵਿੱਚ ਆਇਆ ਏਂ। ਕੀ ਤੇਰੇ ਸਰੀਰ ਵਿੱਚ ਖ਼ੂਨ ਦੀ ਥਾਂ ਤੇ ਦੁੱਧ ਚੱਲ ਰਿਹਾ ਹੈ? ਅਸਲ ਬ੍ਰਾਹਮਣ ਤਾਂ ਉਹ ਹੈ ਜੋ ਰੱਬੀ ਗੁਣਾਂ ਦੀ ਵੀਚਾਰ ਕਰਕੇ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲ ਲੈਂਦਾ ਹੈ। ਉਚ-ਨੀਚ, ਜਾਤ-ਪਾਤ ਦੇ ਵਖਰੇਵੇਂ ਨੂੰ ਤਾਰ ਤਾਰ ਕਰਦਾ ਸ਼ਬਦ ਰਾਗ ਗਉੜੀ ਅੰਦਰ ਅੰਕਤ ਹੈ:---

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥1॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥1॥ ਰਹਾਉ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥2॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥3॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ (324)

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਚ-ਨੀਚ, ਜਾਤ-ਪਾਤ ਦੀ ਵੰਡ ਨੂੰ ਮੁੱਢੋਂ ਖਤਮ ਕਰਦੀ ਹੈ। ਇਹ ਉਪਦੇਸ਼ ਉਘੜ ਕੇ ਸਾਹਮਣੇ ਆਉਂਦਾ ਹੈ- "ਏਕੁ ਪਿਤਾ ਏਕਸ ਕੇ ਹਮ ਬਾਰਿਕ" ਅਤੇ ਅਸੀਂ ਸਾਰੇ ਇੱਕ ਪਰਮਾਤਮਾ ਦੇ ਨੂਰ ਤੋਂ ਪੈਦਾ ਹੋਏ ਹਾਂ। ਅਸੀਂ ਆਪਣਿਆਂ ਕਰਮਾਂ ਕਰਕੇ ਉੱਚੇ ਨੀਵੇਂ ਹੋ ਸਕਦੇ ਹਾਂ, ਨਾ ਕਿ ਜਨਮ ਕਰਕੇ।

ਇਸ ਮਹਾਨ ਗ੍ਰੰਥ ਅੰਦਰ ਪੰਜਵਾਂ ਨੁਕਤਾ ਬਹੁਤ ਹੀ ਮਹੱਤਵਪੂਰਨ ਹੈ। ਸਮਾਜ ਅਤੇ ਧਰਮ ਅੰਦਰ ਆਈ ਗਿਰਾਵਟ ਨੂੰ ਸੋਹਣੇ ਢੰਗ ਨਾਲ ਪੇਸ਼ ਕੀਤਾ ਹੈ। ਧਰਮ ਦੇ ਨਾਂ 'ਤੇ ਸਮਾਜ ਵਿੱਚ ਹੋ ਰਹੀ ਲੁੱਟ ਦਾ ਜ਼ਿਕਰ ਕਰਕੇ ਇੱਕ ਸੁੰਦਰ ਸਮਾਜ ਦੀ ਸਿਰਜਣਾ ਕੀਤੀ ਗਈ ਹੈ। ਧਰਮੀ ਮਨੁੱਖ ਨੂੰ ਬਾਹਰਲੀ ਦਿਖਾਵਟ ਬੰਦ ਕਰਨ ਲਈ ਆਖਿਆ ਹੈ। ਅੰਦਰਲਾ ਹਿਰਦਾ ਧਰਮੀ ਬਣਾਉਣ ਦਾ ਉਪਦੇਸ਼ ਸਾਡੇ ਸਾਹਮਣੇ ਹੈ। ਮਨੁੱਖ ਦੇ ਪਰਛਾਵਿਆਂ ਤੋਂ ਡਰਨ ਵਾਲੇ ਨੂੰ ਨਕਲੀ ਲਕੀਰਾਂ ਕੱਢਦਿਆਂ ਜਦੋਂ ਗੁਰੂ ਨਾਨਕ ਸਹਿਬ ਜੀ ਦੇਖਦੇ ਹਨ ਤਾਂ ਉਸੇ ਵੇਲੇ ਹੀ ਉਸ ਦੇ ਪਾਖੰਡ ਨੂੰ ਉਸ ਦੇ ਸਾਹਮਣੇ ਰੱਖਦੇ ਹਨ–

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ
ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥ (91)

ਕਾਜ਼ੀ, ਬ੍ਰਾਹਮਣ, ਮੁਲਾਂ ਤੇ ਜੋਗੀ ਆਪਣੇ ਫ਼ਰਜ਼ਾਂ ਤੋਂ ਬੁਰੀ ਤਰ੍ਹਾਂ ਤਿਲਕ ਚੁੱਕੇ ਸਨ। ਝੂਠ ਤੇ ਵੱਢੀ ਇਹਨਾਂ ਦੇ ਜੀਵਨ ਦਾ ਅਧਾਰ ਬਣ ਚੁੱਕਿਆ ਸੀ। ਜੋਗੀ ਜੀਵਨ ਜੁਗਤ ਤੋਂ ਬਹੁਤ ਪਿੱਛੇ ਰਹਿ ਗਿਆ ਸੀ।

ਇਨ੍ਹਾਂ ਤਿੰਨਾਂ ਇਕਾਈਆਂ ਸਬੰਧੀ ਗੁਰਦੇਵ ਪਿਤਾ ਜੀ ਦਾ ਵਾਕ ਹੈ—

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥ (662)



ਛੇਵਾਂ ਆਰਥਿਕ ਪਹਿਲੂ ਦਾ ਵੀ, ਜੋ ਅੱਜ ਕਲ੍ਹ ਭੱਖਵਾਂ ਮਸਲਾ ਹੈ, ਸਪੱਸ਼ਟ ਹੱਲ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਾਪਤ ਹੁੰਦਾ ਹੈ। ਗੁਰਬਾਣੀ ਬਿਨਾਂ ਕਿਸੇ ਲਪਟ-ਲਪੇਟ ਦੇ, ਸਪੱਸ਼ਟ ਤੌਰ ਤੇ, ਕਿਰਤ ਦੀ ਮਹਾਨਤਾ ਤੇ ਉੱਦਮ, ਸੇਵਾ, ਸੰਤੋਖ ਅਤੇ ਵੰਡ ਛੱਕਣ ਦਾ ਮਾਰਗ ਇਉਂ ਦਸਦੀ ਹੈ–

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ (1245)
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ (417)
ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (141)
ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ (522)

ਗੁਰੂ ਸਾਹਿਬ ਜੀ ਵਪਾਰ, ਵਾਹੀ-ਖੇਤੀ, ਚਾਕਰੀ ਆਦਿ ਸਭ ਕਿਰਤਾਂ ਨੂੰ ਕਿਵੇਂ ਸੱਚੇ ਤੇ ਸੁੱਚੇ ਢੰਗ ਨਾਲ ਕਰਨਾ ਤੇ ਜੀਵਨ ਵਿੱਚ ਨਿਭਾਉਣਾ ਹੈ।

ਸੰਸਾਰ ਦੇ ਕਲਿਆਣ ਲਈ ਤੇ ਸਰਵਨਾਸ਼ਤਾ ਤੋਂ ਬਚਣ ਲਈ, ਜੇ ਕੋਈ ਉਪਾਅ ਹੈ ਤਾਂ ਉਹ ਕੇਵਲ ਗੁਰਬਾਣੀ ਦੀ ਰੋਸ਼ਨੀ ਵਿੱਚ ਤੁਰ ਕੇ ਹੋ ਸਕਦਾ ਹੈ–

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥
(522)

–0–

ਕੀ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪਾਲਕੀ 'ਚ ਕਰਨਾ ਜਾਇਜ਼ ਹੈ?

ਉਤਰ : ਰਾਜੇ ਮਹਾਰਾਜੇ ਆਪਣੇ ਦਰਬਾਰ ਖੁਲ੍ਹੇ ਪੰਡਾਲ ਵਿੱਚ ਲਗਵਾਇਆ ਕਰਦੇ ਸਨ ਤੇ ਜਦੋਂ ਇੱਕ ਜ਼ਗ੍ਹਾਂ ਤੋਂ ਦੂਜੀ ਜ਼ਗ੍ਹਾਂ ਤੇ ਜਾਂਦੇ ਸਨ ਤਾਂ ਉਹ ਪਾਲਕੀ ਵਿੱਚ ਬੈਠਕੇ ਹੀ ਜਾਇਆ ਕਰਦੇ ਸਨ। ਇਤਿਹਾਸ ਮੁਤਾਬਕ ਸਿੱਖ ਗੁਰੂ ਸਾਹਿਬਾਨ ਵੀ ਆਪਣੇ ਦਰਬਾਰ ਖੁਲ੍ਹੇ ਪੰਡਾਲਾਂ ਵਿੱਚ ਹੀ ਲਗਾਇਆ ਕਰਦੇ ਸਨ ਤਾਂ ਜੋ ਵਕਤਾ ਅਤੇ ਪਰਵਕਤਾ ਦੋਨੋ ਇੱਕ ਦੂਜੇ ਨੂੰ ਧਿਆਨ ਨਾਲ ਸਮਝ ਸਕਣ ਅਤੇ ਜਦੋਂ ਇੱਕ ਜ਼ਗਾਂ ਤੋਂ ਦੂਜੀ ਜ਼ਗ੍ਹਾਂ ਤੇ ਜਾਣ ਦੀ ਜਰੂਰਤ ਪੈਂਦੀ ਸੀ ਤਾਂ ਪਾਲਕੀ ਦਾ ਇਸਤੇਮਾਲ ਵੀ ਕਰ ਲੈਂਦੇ ਸਨ ਜਿਵੇਂ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਪਾਲਕੀ ਵਿੱਚ ਬੈਠ ਕੇ ਕੀਰਤਪੁਰ ਸਾਹਿਬ ਤੋਂ ਦਿੱਲੀ ਗਏ ਸਨ।

ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਗੁਰਦੁਆਰਾ ਸਾਹਿਬ ਦਾ ਨਮੂਨਾ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਬਿਨਾਂ ਕਿਸੇ ਪਾਲਕੀ ਦੇ ਕੀਤਾ ਜਾਂਦਾ ਹੈ ਅਤੇ ਸੁਖ ਆਸਣ ਕਰਕੇ ਦਰਬਾਰ ਸਾਹਿਬ ਤੋਂ ਕੋਠਾ ਸਾਹਿਬ ਲਿਜਾਣ ਲਈ ਜਾਂ ਕੋਠਾ ਸਾਹਿਬ ਤੋਂ ਦਰਬਾਰ ਸਾਹਿਬ ਤਕ ਲੈਕੇ ਆਉਣ ਲਈ ਪਾਲਕੀ ਦੀ ਵਰਤੋਂ ਕੀਤੀ ਜਾਂਦੀ ਹੈ। ਸੋ ਪਾਲਕੀ ਦੀ ਵਰਤੋਂ ਸਫ਼ਰ ਦੇ ਦੌਰਾਨ ਕਰਨੀ ਸੋਭਾ ਦਿੰਦੀ ਹੈ। ਦਰਬਾਰ ਹਾਲ ਵਿੱਚ ਪਾਲਕੀ ਦੀ ਵਰਤੋਂ ਕਰਨੀ ਜਾਇਜ਼ ਨਹੀਂ ਹੈ ਸਗੋਂ ਅਗਿਆਨਤਾ ਹੈ।

ਹਿੰਦੂ ਮੰਦਰਾਂ ਵਿੱਚ ਮੂਰਤੀਆਂ ਨੂੰ ਪਾਲਕੀਆਂ ਵਿੱਚ ਸਜਾ ਕੇ ਰੱਖਿਆ ਜਾਂਦਾ ਹੈ। ਚਾਣਕਿਆ ਬ੍ਰਾਹਮਣ ਮੁਤਾਬਕ ਜੇਕਰ ਕਿਸੇ ਕੌਮ ਨੂੰ ਖਤਮ ਕਰਨਾ ਹੋਵੇ ਤਾਂ ਉਸਦੇ ਰੀਤੀ ਰਿਵਾਜ਼ਾਂ ਵਿੱਚ ਆਪਣੇ ਰੀਤੀ ਰਿਵਾਜ਼ਾਂ ਨੂੰ ਮਿਲਾ ਦੇਣਾ ਚਾਹੀਦਾ ਹੈ। ਸਿੱਖ ਗੁਰਦੁਆਰਿਆਂ ਵਿੱਚ ਸੇਵਾ ਨਿਭਾਉਣ ਵਾਲੇ ਜਿਆਦਾਤਰ ਗ੍ਰੰਥੀ ਪ੍ਰਚਾਰਕ ਅਤੇ ਪ੍ਰਬੰਧਕ ਗੁਰਮਤਿ ਦੀ ਵਿਚਾਰਧਾਰਾ ਤੋਂ ਅਗਿਆਨੀ ਹਨ ਅਤੇ ਅਨਮਤੀਆਂ ਤੋਂ ਪ੍ਰਭਾਵਿਤ ਹਨ ਜਿਸ ਕਰਕੇ ਉਹ ਬਿਨਾਂ ਕੁਝ ਸੋਚੇ ਵਿਚਾਰੇ ਵੇਖੋ ਵੇਖੀ ਹੀ ਗਿਆਨ ਵਿਹੂਣੇ ਕਰਮ ਕਰੀ ਜਾਂਦੇ ਹਨ। ਜਿਨ੍ਹਾਂ ਗੁਰਦੁਆਰਿਆਂ ਦੇ ਦਰਬਾਰ ਹਾਲਾਂ ਵਿੱਚ ਪਾਲਕੀਆਂ ਰੱਖ ਕੇ ਗੁਰੂ ਜੀ ਦੇ ਪ੍ਰਕਾਸ਼ ਕੀਤੇ ਹੁੰਦੇ ਹਨ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪਰਚਾਰਕ ਗਿਆਨ ਵਿਹੂਣੇ ਹੀ ਹਨ।

ਜਿਨ੍ਹਾਂ ਚਿਰ ਤੱਕ ਸਿੱਖ ਸਮਾਜ ਗੁਰਮਤਿ ਵਿਦਿਆਲਿਆ ਵਿੱਚੋਂ ਪੜ੍ਹ ਕੇ ਤਿਆਰ ਹੋਏ ਗ੍ਰੰਥੀ ਪ੍ਰਚਾਰਕਾਂ ਨੂੰ ਗੁਰਦੁਆਰਿਆਂ ਵਿੱਚ ਨਿਯੁਕਤ ਨਹੀਂ ਕਰਦਾ ਤੇ ਸਿੱਖ ਰਹਿਤ ਮਰਿਯਾਦਾ ਦੇ ਧਾਰਨੀ ਜਾਗਰੂਕ ਲੋਕਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿੱਚ ਲੈ ਕੇ ਨਹੀਂ ਆਉਂਦਾ ਉਨ੍ਹਾਂ ਚਿਰ ਤੱਕ ਗੁਰਦੁਆਰਿਆਂ ਵਿੱਚ ਸੁਧਾਰ ਦਾ ਹੋਣਾ ਮੁਸ਼ਕਲ ਹੈ। –0–

ਸਵਾਲ-ਜਵਾਬ

ਪ੍ਰਸ਼ਨ 83. ਗੁਰੂ ਤੇਗ ਬਹਾਦਰ ਸਾਹਿਬ ਜੀ ਭਾਈ ਕੀ ਡਰੋਲੀ (ਜ਼ਿਲ੍ਹਾ ਮੋਗਾ) ਵਿਖੇ ਕਿਸ ਕੋਲ ਠਹਿਰੇ ਸਨ?

ਉੱਤਰ :-ਭਾਈ ਸਾਂਈ ਦਾਸ ਜੀ ਕੋਲ।

ਪ੍ਰਸ਼ਨ 84. ਭਾਈ ਸਾਂਈ ਦਾਸ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਕੀ ਲੱਗਦੇ ਸਨ?

ਉੱਤਰ :- ਮਾਸੜ ਜੀ।

ਪ੍ਰਸ਼ਨ 85. ਕੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਾਣੀ ਵੀ ਉਚਾਰੀ ਸੀ?

ਉੱਤਰ :- ਹਾਂਜੀ, ਪਹਿਲੇ ਗੁਰੂ ਸਾਹਿਬਾਨ ਜੀ ਦੀ ਬਾਣੀ ਦਾ ਪ੍ਰਚਾਰ ਕਰਦਿਆਂ ਨਾਲ ਨਾਲ ਆਪਣੀ ਬਾਣੀ ਵੀ ਉਚਾਰਦੇ ਰਹੇ।

ਪ੍ਰਸ਼ਨ 86. ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਬਾਣੀ ਕਿੰਨੇ ਰਾਗਾਂ ਵਿੱਚ ਦਰਜ ਹੈ?

ਉੱਤਰ:- 15 ਰਾਗਾਂ ਵਿੱਚ।

ਪ੍ਰਸ਼ਨ 87.ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਕੁੱਲ ਕਿੰਨੇ ਸ਼ਬਦ ਹਨ?

ਉੱਤਰ :- ਵੱਖ ਵੱਖ ਰਾਗਾਂ ਵਿੱਚ 59 ਸ਼ਬਦ ਹਨ।

ਪ੍ਰਸ਼ਨ 88.ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਕੁੱਲ ਕਿੰਨੇ ਸਲੋਕ ਹਨ?

ਉੱਤਰ :-57 ਸਲੋਕ।

ਪ੍ਰਸ਼ਨ 89.ਉਹ ਕਿਹੜਾ ਰਾਗ ਹੈ ਜਿਸ ਵਿੱਚ ਕੇਵਲ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਬਾਣੀ ਦਰਜ ਹੈ?

ਉੱਤਰ :-ਰਾਗੁ ਜੈਜਾਵੰਤੀ ਦੇ ਚਾਰ ਸ਼ਬਦ।

ਪ੍ਰਸ਼ਨ 90.ਗੁਰੂ ਗ੍ਰੰਥ ਸਾਹਿਬ ਜੀ ਵਿੱਚ "ਸਲੋਕ ਵਾਰਾ ਤੇ ਵਧੀਕ" ਸਿਰਲੇਖ ਹੇਠ ਕਿਹੜੇ ਕਿਹੜੇ ਗੁਰੂ ਦੀ ਬਾਣੀ ਦਰਜ ਹੈ?

ਉੱਤਰ:- ਪਹਿਲੇ ਗੁਰੂ ਜੀ, ਤੀਜੇ ਗੁਰੂ ਜੀ, ਚੌਥੇ ਗੁਰੂ ਜੀ, ਪੰਜਵੇਂ ਗੁਰੂ ਜੀ ਅਤੇ ਨਾਵੇਂ ਗੁਰੂ ਜੀ।

ਪ੍ਰਸ਼ਨ 91.ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਕਿਸ ਨੇ ਦਰਜ ਕਰਵਾਇਆ?

ਉੱਤਰ :-ਗੁਰੂ ਤੇਗ ਬਹਾਦੁਰ ਜੀ ਨੇ ਆਪ ਹੀ।

ਪ੍ਰਸ਼ਨ 92.ਗੁਰੂ ਤੇਗ ਬਹਾਦੁਰ ਜੀ ਨੇ ਬਾਣੀ ਨੂੰ ਕਿੱਥੇ ਸੰਪਾਦਨ ਕੀਤਾ?

ਉੱਤਰ :- ਅਨੰਦਪੁਰ ਸਾਹਿਬ (ਗੁਰਦੁਆਰਾ ਦਮਦਮਾ ਸਾਹਿਬ)

ਪ੍ਰਸ਼ਨ 93.ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿੱਚ ਰੱਬ ਦੇ ਸੰਕਲਪ ਨੂੰ ਕਿਸ ਤਰ੍ਹਾਂ ਬਿਆਨ ਕੀਤਾ?

ਉੱਤਰ :-ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥

ਪ੍ਰਸ਼ਨ 94.ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਸ ਸਿਰਲੇਖ ਹੇਠ ਦਰਜ ਹੈ?

ਉੱਤਰ :- ਮਹਲਾ 9

ਪ੍ਰਸ਼ਨ 95.ਗੁਰੂ ਤੇਗ ਬਹਾਦੁਰ ਸਾਹਿਬ ਦੇ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਪੰਨੇ ਤੇ ਦਰਜ ਹਨ?

ਉੱਤਰ :-1426 ਤੋਂ 1429 ਤੱਕ।

ਪ੍ਰਸ਼ਨ 96.ਕਿਰਪਾ ਰਾਮ ਕਸ਼ਮੀਰੀ ਪੰਡਿਤਾਂ ਦਾ ਵਫਦ ਲੈ ਕੇ ਆਨੰਦਪੁਰ ਸਾਹਿਬ ਕਦੋਂ ਪਹੁੰਚਿਆ?

ਉੱਤਰ :- 10 ਜੂਨ,1675 ਈ: ਵਿੱਚ।

ਪ੍ਰਸ਼ਨ 97. ਪੰਡਿਤ ਕਿਰਪਾ ਰਾਮ ਕਿਥੋਂ ਦਾ ਰਹਿਣ ਵਾਲਾ ਸੀ?

ਉੱਤਰ :-(ਮਟਨ) ਕਸ਼ਮੀਰ।

ਪ੍ਰਸ਼ਨ 98.ਪੰਡਿਤ ਕਿਰਪਾ ਰਾਮ ਕੌਣ ਸੀ?

ਉੱਤਰ:- ਪੰਡਿਤ ਕਿਰਪਾ ਰਾਮ ਪੰਡਿਤ ਬ੍ਰਹਮਦਾਸ ਦੀ ਚੌਥੀ ਪੀੜ੍ਹੀ ਵਿੱਚੋਂ ਸੀ। (ਇਹ ਬ੍ਰਹਮਦਾਸ ਗੁਰੂ ਨਾਨਕ ਸਾਹਿਬ ਨੂੰ ਮਟਨ ਮਿਲਿਆ ਸੀ)

ਪ੍ਰਸ਼ਨ 99.ਕਸ਼ਮੀਰੀ ਪੰਡਿਤਾਂ ਦਾ ਜੱਥਾ ਅਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਜੀ ਪਾਸ ਕਿਉਂ ਪਹੁੰਚਿਆ?

ਉੱਤਰ-ਕਿਉਂਕਿ ਔਰੰਗਜੇਬ ਵੱਲੋਂ ਉਹਨਾਂ ਤੇ ਤਸ਼ੱਦਦ ਕੀਤਾ ਜਾ ਰਿਹਾ ਸੀ।

ਪ੍ਰਸ਼ਨ 100.ਕਸ਼ਮੀਰੀ ਪੰਡਿਤਾਂ ਉੱਤੇ ਤਸ਼ੱਦਦ ਢਾਹ ਰਹੇ ਗਵਰਨਰ ਦਾ ਕੀ ਨਾਂ ਸੀ?

ਉੱਤਰ :- ਇਫਤਿਆਰ ਖਾਂ।

ਪ੍ਰਸ਼ਨ 101.ਗੁਰੂ ਤੇਗ ਬਹਾਦਰ ਜੀ ਨੇ ਕਸਮੀਰੀ ਪੰਡਿਤਾਂ ਨੂੰ ਕੀ ਉਪਦੇਸ਼ ਦਿੱਤਾ?

ਉੱਤਰ:- ਗੁਰੂ ਨਾਨਕ ਸਹਿਬ ਜੀ ਤੋਂ ਲੈ ਕੇ ਹੁਣ ਤੱਕ ਇਹੀ ਪ੍ਰਚਾਰ ਕਰ ਰਹੇ ਹਾਂ ਕਰਮਕਾਂਡ, ਪਖੰਡ, ਵਹਿਮ ਭਰਮ,ਵਿਕਾਰ ਆਦਿ ਛੱਡ ਦਿਓ ਅਤੇ ਅਕਾਲ ਪੁਰਖ ਨੂੰ ਅੰਗਸੰਗ ਸਮਝੋ, ਬਲਵਾਨ ਬਣੋ ਅਤੇ ਆਪਣੇ ਹੱਕਾਂ ਦੀ ਰਾਖੀ ਆਪ ਕਰੋ।

ਪ੍ਰਸ਼ਨ 102.ਕਸ਼ਮੀਰੀ ਪੰਡਿਤਾਂ ਨੇ ਔਰੰਗਜੇਬ ਨੂੰ ਕੀ ਸੁਨੇਹਾ ਦਿੱਤਾ ਸੀ?

ਉੱਤਰ:-ਔਰੰਗਜੇਬ ਨੂੰ ਪੰਡਿਤਾਂ ਕਿਹਾ ਜੇ ਸਾਨੂੰ ਆਪਣੇ ਧਰਮ ਵਿੱਚ ਸ਼ਾਮਿਲ ਕਰਨਾ ਹੈ ਤਾਂ ਗੁਰੂ ਜੀ ਨਾਲ ਮੇਲ ਕਰੋ,ਅਸੀਂ ਉਹਨਾਂ ਦੇ ਹੁਕਮ ਅਨੁਸਾਰ ਚਲਾਂਗੇ।

ਪ੍ਰਸ਼ਨ 103.ਭਾਈ ਕਿਰਪਾ ਰਾਮ ਜੀ ਦੀ ਸ਼ਹੀਦੀ ਕਦੋਂ ਹੋਈ?

ਉੱਤਰ :-1704 ਈ: ਚਮਕੌਰ ਦੀ ਗੜ੍ਹੀ ਵਿੱਚ।

ਪ੍ਰਸ਼ਨ 104.ਗੁਰੂ ਤੇਗ ਬਹਾਦੁਰ ਜੀ ਨੇ ਅੰਮ੍ਰਿਤਸਰ ਦੇ ਮਸੰਦਾਂ ਨੂੰ ਕੀ ਕਿਹਾ?

ਉੱਤਰ:-ਨਹਿ ਮਸੰਦ ਤੁਮ ਅੰਮ੍ਰਿਤਸਰੀਏ । ਤ੍ਰਿਸ਼ਨਾ ਅਗਨ ਤੇ ਅੰਤਰ ਸੜੀਏ।

ਪ੍ਰਸ਼ਨ 105. ਮਸੰਦਾਂ ਨੂੰ ਝਾੜ ਕਿਉਂ ਪਾਈ?

ਉੱਤਰ :-ਜਦੋਂ ਗੁਰੂ ਜੀ ਗੋਇੰਦਵਾਲ, ਖਡੂਰ ਹੁੰਦੇ ਹੋਏ ਅੰਮ੍ਰਿਤਸਰ ਪਹੁੰਚੇ ਤਾਂ ਦਰਬਾਰ ਸਾਹਿਬ ਅੰਦਰ ਜਾਣ ਤੋਂ ਗੁਰੂ ਜੀ ਨੂੰ ਮਨ੍ਹਾਂ ਕਰ ਦਿੱਤਾ ਸੀ।



ਘਟ ਘਟ ਮੈ ਹਰਿ ਜੂ ਬਸੈ...

ਸਲੋਕ ੧੨
ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਣਾ

ਭੂਮਿਕਾ— ਰੱਬ ਉਹ ਸਰਵਉਚ ਸ਼ਕਤੀ ਹੈ ਜਿਸ ਨੂੰ ਇਸ ਸੰਸਾਰ ਦਾ ਸਿਰਜਨਹਾਰ ਮੰਨਿਆ ਹੈ। ਏਸੇ ਨੂੰ ਸਦੀਵ ਕਾਲ ਬੱਝਵੀਂ ਨਿਯਮਾਂਵਲੀ ਵੀ ਕਿਹਾ ਹੈ।

ਵੱਖ ਵੱਖ ਧਰਮਾਂ 'ਚ ਰੱਬ ਸਬੰਧੀ ਬਹੁਤ ਵੱਡ ਰੋਲ਼ ਘਚੋਲ਼ਾ ਹੈ। ਨਾਨਕਈ ਫਲਸਫੇ ਨੂੰ ਸਮਝਣ ਦੀ ਥਾਂ 'ਤੇ ਲੋਕਾਂ ਵਲੋਂ ਦਰਸਾਏ ਰੱਬ ਨੂੰ ਲੱਭਣ ਲਈ ਹਾਲੋਂ ਬੇ-ਹਾਲ ਹੋਏ ਪਏ ਹਾਂ। ਕੋਈ ਸਮਾਧੀਆਂ ਲਾ ਕੇ ਰੱਬ ਲੱਭ ਰਿਹਾ ਹੈ, ਤੇ ਕੋਈ ਤੀਰਥਾਂ 'ਤੇ ਜਾ ਕੇ ਪਾਣੀ ਦੀ ਗਹਿਰਾਈ ਵਿਚੋਂ ਰੱਬ ਲੱਭ ਰਿਹਾ ਹੈ।

ਬ੍ਰਾਹਮਣੀ ਫਲਸਫੇ ਅਨੁਸਾਰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਿੰਨ ਦੇਵਤੇ ਸੰਸਾਰ ਦੀ ਕਾਰ ਚਲਾ ਰਹੇ ਹਨ। ਇਸਲਾਮੀ ਮਤ ਅਨੁਸਾਰ ਖ਼ੁਦਾ ਤਾਂ ਹੈ, ਪਰ ਉਹ ਰਹਿੰਦਾ ਸਤਵੇਂ ਅਸਮਾਨ 'ਤੇ ਹੈ। ਫਰਿਸ਼ਤਿਆਂ ਨੇ ਉਸ ਦਾ ਤੱਖਤ ਚੁੱਕਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਸਮਝਾਇਆ ਕਿ ਤੇਰੇ ਵਿੱਚ ਤੇ ਰੱਬ ਵਿਚਕਾਰ ਦੂਰੀ ਸਿਰਫ ਹਉਮੈ ਦੀ ਕੰਧ ਹੈ। ਜੇ ਇਹ ਹਉਮੈ ਦੀ ਦੀਵਾਰ ਨੂੰ ਤੋੜ ਲਵੇਂ ਤਾਂ ਇਹ ਜਿਉਂਦੇ ਜੀਅ ਰੱਬ ਦਾ ਰੂਪ ਬਣ ਸਕਦਾ ਹੈ। ਰੱਬ ਸਦੀਵ ਕਾਲ ਸੰਸਾਰ ਵਿੱਚ ਹੈ। ਜੇ ਰੱਬ ਜ਼ਰੇ ਜ਼ਰੇ ਵਿੱਚ ਹੈ ਤਾਂ ਉਹ ਸਾਡੇ ਵਿੱਚ ਵੀ ਮੌਜੂਦ ਹੈ। ਸਦਾ ਰਹਿਣ ਵਾਲੀ ਬੱਝਵੀਂ ਨਿਯਮਵਾਲੀ ਵਿੱਚ ਸਾਰਾ ਸੰਸਾਰ ਚੱਲ ਰਿਹਾ ਹੈ ਜਿਸ ਨੂੰ ਹੁਕਮ ਦਾ ਨਾਂ ਦਿੱਤਾ ਗਿਆ ਹੈ। ਨਿਯਮ ਦਾ ਸਿਮਰਣ ਕੀਤਿਆਂ ਨਹੀਂ ਸਗੋਂ ਨਿਯਮਾਂ ਨੂੰ ਸਮਝਿਆਂ, ਰੱਬ ਵਿੱਚ ਅਭੇਦ ਹੋ ਸਕਦੇ ਹਾਂ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਸਲੋਕ—

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥

ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥

ਪਦ ਅਰਥ— ਘਟ ਘਟ-ਹਰੇਕ ਸਰੀਰ ਵਿੱਚ। ਜੂ-ਜੀ ।ਪੁਕਾਰਿ-ਉੱਚੀ ਬੋਲ ਕੇ। ਭਉਨਿਧਿ-ਸੰਸਾਰ, ਸਮੁੰਦਰ। ਉਤਰਹਿ-ਤੂੰ ਲੰਘ ਜਾਏਂਗਾ।੧੨

ਅੱਖਰੀ ਅਰਥ— ਸੰਤ ਜਨਾਂ ਉੱਚੀ ਕੂਕ ਕੇ ਭਾਵ ਗੁਰੂ ਦੇ ਗਿਆਨ ਨੇ ਦੱਸ ਦਿਤਾ ਹੈ ਕਿ ਰੱਬ ਜੀ ਹਰੇਕ ਸਰੀਰ ਵਿੱਚ ਵੱਸ ਰਿਹਾ ਹੈ।

ਹੇ ਨਾਨਕ ਆਖ! ਭਾਵ- ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ—ਕਿ ਹੇ ਮਨ ! ਤੂੰ ਉਸ ਪ੍ਰਮਾਤਮਾ ਦਾ ਭਜਨ ਕਰਿਆ ਕਰ। (ਭਜਨ ਦੀ ਬਰਕਤ ਨਾਲ) ਸੰਸਾਰ-ਸਮੁੰਦਰ ਤੋਂ ਤੂੰ ਪਾਰ ਲੰਘ ਜਾਏਂਗਾ।

ਵਿਚਾਰ ਚਰਚਾ ਤੇ ਵਿਹਾਰਕ ਪੱਖ—

ਪਹਿਲਾਂ ਮਨੁੱਖ ਜੰਗਲਾਂ, ਬੇਲਿਆਂ, ਪਹਾੜਾਂ ਦੀਆਂ ਕੰਦਰਾਂ, ਸੰਘਣੇ ਰੁੱਖਾਂ ਵਿਚਕਾਰ ਰਹਿੰਦਾ ਸੀ। ਇਸ ਨੂੰ ਕੋਈ ਪਤਾ ਨਹੀਂ ਸੀ, ਕਿ ਕੋਈ ਰੱਬ ਵੀ ਹੈ। ਜਿਵੇਂ ਜਿਵੇਂ ਮਨੁੱਖ ਤਰੱਕੀ ਦੀਆਂ ਪੁਲਾਂਘਾਂ ਪੁੱਟਣ ਲੱਗਿਆ, ਤਾਂ ਭਾਊ ਪੁਜਾਰੀ ਦਾ ਵੀ ਨਾਲ ਹੀ ਜਨਮ ਹੋ ਗਿਆ। ਤੇਜ਼ ਤਰਾਰ ਪੁਜਾਰੀ ਭਲੇ ਮਨੁੱਖ ਨੂੰ ਇਹ ਸਮਝਾਉਣ ਵਿੱਚ ਕਾਮਯਾਬ ਹੋ ਗਿਆ, ਕਿ ਰੱਬ ਬਹੁਤ ਕ੍ਰੋਧੀ ਹੈ, ਉਸ ਨੂੰ ਖੁਸ਼ ਕਰਨ ਲਈ ਲਗਾਤਾਰ ਭਜਨ ਕਰਨਾ ਪਏਗਾ, ਤਾਂ ਕੇ ਰੱਬ ਜੀ ਮਨੁੱਖ 'ਤੇ ਖੁਸ਼ ਰਹਿਣ। ਮੀਂਹ ਨਾ ਪਿਆ ਤਾਂ ਇਹ ਸਮਝਿਆ ਜਾਣ ਲੱਗਿਆ, ਕਿ ਰੱਬ ਦੀ ਸਾਡੇ ਤੇ ਬਹੁਤ ਵੱਡੀ ਕਰੋਪੀ ਹੈ। ਮੀਂਹ ਵੱਧ ਪੈ ਗਿਆ, ਤਾਂ ਵੀ ਰੱਬ ਦੀ ਕਰੋਪੀ। ਗੱਲ ਕੀ ਹਰੇਕ ਨੁਕਤੇ ਤੇ ਰੱਬ ਨੂੰ ਕਰੋਧੀ ਹੀ ਦਿਖਾਇਆ ਗਿਆ ਹੈ। ਏਸੇ ਲਈ ਲੋਕ ਰੱਬ ਨੂੰ ਖੁਸ਼ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਉਪਾਅ ਕਰਨ ਲੱਗੇ ਹੋਏ ਹਨ। ਸਿੱਖ ਧਰਮ ਅੰਦਰ ਵੀ ਕਈ ਪ੍ਰਕਾਰ ਦੇ ਅਭਿਆਸ ਸ਼ੁਰੂ ਹੋ ਗਏ ਹਨ।

ਹਰੇਕ ਸਰੀਰ ਵਿੱਚ ਰੱਬ ਵੱਸਦਾ ਹੈ *"ਘਟ ਘਟ ਮੈ ਹਰਿ ਜੂ ਬਸੇ"* ਭਾਵ ਜ਼ਰੇ ਜ਼ਰੇ ਵਿੱਚ ਰੱਬੀ ਹੋਂਦ ਹੈ। ਜਿਸ ਤਰ੍ਹਾਂ ਕਣਕ ਦੇ ਦਾਣੇ ਵਿੱਚ ਖੂਨ ਤੇ ਬੂਟਾ ਦੋ ਸ਼ਕਤੀਆਂ ਮੌਜੂਦ ਹਨ। ਕਣਕ ਦਾ ਦਾਣਾ ਖਾਵਾਂਗੇ, ਖੂਨ ਬਣੇਗਾ, ਜ਼ਮੀਨ ਵਿੱਚ ਬੀਜਾਂਗੇ, ਤਾਂ ਬੂਟਾ ਬਣੇਗਾ। ਇਸ ਤਰ੍ਹਾਂ ਇਹ ਸ਼ਕਤੀ, ਜ਼ਰੇ ਜ਼ਰੇ ਵਿੱਚ ਵਿਆਪਕ ਹੈ, ਸਾਡਾ ਸਰੀਰ ਹੱਡ ਮਾਸ ਨਾੜੀਆਂ ਦਾ ਬਣਿਆ ਇਕ ਪਿੰਜਰ ਹੈ। ਚੇਤੰਤਾ ਲਈ ਦਿਮਾਗ ਹੈ। ਰੱਬ ਦਾ ਰੂਪ ਰੰਗ ਕੋਈ ਨਹੀਂ, ਇਸ ਲਈ ਰੱਬ ਇੱਕ ਹੁਕਮ ਦੇ ਰੂਪ ਵਿੱਚ ਬੈਠਾ ਹੋਇਆ ਹੈ। ਦਿੱਲ ਆਪਣਾ ਕੰਮ ਕਰ ਰਿਹਾ ਹੈ ਕਿਡਨੀਆਂ ਆਪਣਾ ਕੰਮ ਕਰ ਰਹੀਆਂ ਹਨ। ਜਿੱਥੇ ਨਿਯਮ ਫੇਲ੍ਹ ਹੁੰਦਾ ਹੈ ਓੱਥੇ ਡਾਕਟਰੀ ਸਹਾਇਤਾ ਵੀ ਲਈ ਜਾਂਦੀ ਹੈ।

ਇਸਲਾਮ ਮੱਤ ਦਾ ਖ਼ਿਆਲ ਹੈ ਕਿ ਅੱਲਾ ਤਾਲਾ ਕਾਅਬੇ ਵਿੱਚ ਰਹਿੰਦਾ ਹੈ ਤੇ ਹਿੰਦੂ ਮਤ ਦਾ ਖ਼ਿਆਲ ਹੈ ਕਿ ਗੌਮਤੀ ਦੇ ਕੰਢੇ ਤੇ ਰੱਬ ਰਹਿੰਦਾ ਹੈ। ਕਬੀਰ ਸਾਹਿਬ ਜੀ ਨੇ ਇਸ ਵਿਚਾਰ ਨੂੰ ਮੁੱਢੋਂ ਨਿਕਾਰਦਿਆਂ ਕਿਹਾ-

ਹਜ ਹਮਾਰੀ ਗੌਮਤੀ ਤੀਰ॥

ਜਹਾ ਬਸਹਿ ਪੀਤੰਬਰ ਪੀਰ॥੧॥

ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ॥ (ਪੰਨਾ ੪੭)

"ਸੰਤਨ ਕਹਿਓ ਪੁਕਾਰਿ" ਗੁਰਬਾਣੀ ਉਪਦੇਸ਼ ਦੇ ਰਹੀ ਹੈ, ਕਿ ਰੱਬ ਕੇਵਲ ਕਬਰਾਂ ਜਾਂ ਧਾਰਮਿਕ ਅਸਥਾਨਾਂ ਤੇ ਨਹੀਂ ਹੈ ਰੱਬ ਦਾ ਨਿਯਮ (ਹੁਕਮ) ਸਾਰੀ ਕਾਇਨਾਤ ਵਿੱਚ ਵਰਤ ਰਿਹਾ ਹੈ। ਕੈਦੀ ਵਿੱਚ ਰੱਬ ਹੈ ਤੇ ਜੇਲ੍ਹ ਦੇ ਅਫ਼ਸਰ ਵਿੱਚ ਵੀ ਰੱਬ ਹੈ। ਇਹ ਵੀ ਵਹਿਮ ਕੱਢ ਦਿੱਤਾ, ਕਿ ਦੁਨੀਆਂ ਨੂੰ ਚਲਾਉਣ ਲਈ ਤਿੰਨ ਦੇਵਤੇ ਹਨ। ਰੱਬ ਦੀ ਨਿਯਮਾਂਵਲੀ ਏਦਾਂ ਵੱਸ ਰਹੀ ਹੈ, ਜਿਸ ਤਰ੍ਹਾਂ ਦੁੱਧ ਵਿੱਚ ਘਿਓ ਤੇ ਲਕੜੀ ਵਿੱਚ ਅੱਗ ਹੋਵੇ—

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥

ਊਚ ਨੀਚ ਮਹਿ ਜੋਤਿ ਸਮਾਨੀ ਘਟਿ ਘਟਿ ਮਾਧਉ ਜੀਆ ॥੧॥

(੬੧੭)

ਬਾਕੀ ਸਫਾ 14 'ਤੇ

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ

–ਰਣਜੀਤ ਸਿੰਘ
99155-15436



ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਜਿਸ ਵੇਲੇ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਚੌਕੀ ਉਤੇ ਬਿਠਾ ਕੇ ਭਰੀ ਸੰਗਤ ਦੇ ਸਾਹਮਣੇ ਆਪ ਮੱਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਨੇ ਮੱਥਾ ਟੇਕਿਆ ਤਾਂ ਆਪ (ਭਾਈ ਜੇਠਾ ਜੀ) ਵੈਰਾਗ ਵਿੱਚ ਆ ਗਏ ਅਤੇ ਆਪਣੇ ਬਚਪਨ ਦੇ ਜੀਵਨ ਨੂੰ ਅੱਖਾਂ ਅੱਗੇ ਲਿਆ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਉਸ ਵਾਹਿਗੁਰੂ ਨੇ ਮੈਨੂੰ ਕਿਥੋਂ ਕਿੱਥੇ ਪਹੁੰਚਾ ਦਿੱਤਾ ਹੈ। ਗੁਰੂ ਸਾਹਿਬ ਜੀ ਦੀ ਬਾਣੀ ਵਿਚ ਇਹ ਸ਼ਬਦ ਦਰਜ਼ ਹੈ–

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

(167)

ਬਚਪਨ ਦਾ ਇਹ ਜੀਵਨ ਕੀ ਸੀ, ਵੈਰਾਗ ਵਿੱਚ ਆ ਕੇ ਭਰੀ ਸੰਗਤ ਵਿੱਚ ਆਪ ਨੇ ਗੁਰੂ ਅਮਰਦਾਸ ਜੀ ਨੂੰ ਮੁਖਾਤਿਬ ਹੋ ਕੇ ਕਿਹਾ ਕਿ ਸੱਚੇ ਪਾਤਸ਼ਾਹ ਤੁਸੀਂ ਆਪ ਹੀ ਜਾਣਦੇ ਹੋ ਕਿ ਜਦੋਂ ਮੈਂ ਯਤੀਮ ਲਾਹੌਰ ਦੀਆਂ ਗਲੀਆਂ ਵਿੱਚੋਂ ਬੇਸਹਾਰਾ ਹੋ ਕੇ ਨਿਕਲਿਆ ਸੀ ਤਾਂ ਮੇਰਾ ਕੀ ਹਾਲ ਸੀ। ਮੈਂ ਕੱਖਾਂ ਵਾਂਗ ਰੁਲਦਾ ਫਿਰਦਾ ਸੀ। ਕੋਈ ਸਾਕ ਸਬੰਧੀ ਮੇਰੀ ਬਾਂਹ ਫੜਨ ਵਾਲਾ ਨਹੀਂ ਸੀ। ਨਾਨੀ ਨੇ ਮੈਨੂੰ ਗਲ ਨਾਲ ਲਾਇਆ, ਪਰ ਉਹ ਵੀ ਵਿਚਾਰੀ ਗਰੀਬਣੀ ਹੀ ਸੀ। ਮੈਂ ਪਾਤਸ਼ਾਹ ਇਕ ਨਿਕੇ ਜਿਹੇ ਕੀੜੇ ਦੀ ਨਿਆਈਂ ਸੀ ਜਿਸ ਦੀ ਕੋਈ ਪਾਂਇਆਂ ਨਹੀਂ ਹੁੰਦੀ। ਤੁਸੀਂ ਮੇਰੇ ਤੇ ਮੇਹਰ ਭਰਿਆ ਹੱਥ ਰੱਖਿਆ। ਮੇਰੀ ਯਤੀਮ ਦੀ ਬਾਂਹ ਫੜੀ ਅਤੇ ਮੈਨੂੰ ਮਿੱਟੀ ਵਿੱਚ ਰੁਲਦੇ ਨੂੰ ਤੁਸੀਂ ਅੱਜ ਅਰਸ਼ਾਂ ਤੇ ਪਹੁੰਚਾ ਦਿੱਤਾ ਹੈ।

ਬਚਪਨ ਦਾ ਇਹ ਜੀਵਨ ਕਿਵੇਂ ਦਾ ਸੀ ਆਉ ਇਸ ਪਿਛੋਕੜ ਤੇ ਝਾਤ ਮਾਰੀਏ। ਗੁਰੂ ਰਾਮ ਦਾਸ ਜੀ ਦਾ ਜਨਮ ੨੪ ਸਤੰਬਰ ਸੰਨ ੧੫੩੪ ਨੂੰ ਪਿਤਾ ਸ੍ਰੀ ਹਰਿਦਾਸ ਅਤੇ ਮਾਤਾ ਦਇਆ ਕੌਰ ਦੇ ਗ੍ਰਹਿ ਵਿਖੇ ਲਾਹੌਰ ਸ਼ਹਿਰ ਦੇ ਚੂਨਾ ਮੰਡੀ ਇਲਾਕੇ ਵਿੱਚ ਹੋਇਆ, ਪਹਿਲਾ ਬੱਚਾ ਹੋਣ ਕਰਕੇ ਸਭ ਜੇਠਾ ਕਰਕੇ ਬਲਾਉਣ ਲੱਗੇ। ਆਪ ਦੇ ਜਨਮ ਸਮੇਂ ਪਹਿਲੇ ਤਿੰਨ ਗੁਰੂ ਸਾਹਿਬ ਵੀ ਸਰੀਰਕ ਤੌਰ ਤੇ ਮੌਜੂਦ ਸਨ। ਗੁਰੂ ਨਾਨਕ ਸਾਹਿਬ ਜੀ ਦੀ ਉਮਰ ਉਸ ਵਕਤ ੬੫ ਸਾਲ ਦੀ ਸੀ। ਗੁਰੂ ਅੰਗਦ ਦੇਵ ਜੀ ਦੀ ੩੦ ਸਾਲ ਅਤੇ ਗੁਰੂ ਅਮਰਦਾਸ ਜੀ ਦੀ ਪਪ ਸਾਲ ਸੀ। ਬਾਬਾ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿੱਚ ਆਏ ਨੂੰ ਦੋ ਸਾਲ ਹੋ ਚੁੱਕੇ ਸਨ। ਆਪ ਜੀ ਦਾ ਇੱਕ ਛੋਟਾ ਭਰਾ ਹਰਦਿਆਲ ਤੇ ਇੱਕ ਛੋਟੀ ਭੈਣ ਰਮਦਾਸੀ ਸੀ।

ਬਚਪਨ ਤੋਂ ਹੀ ਆਪ ਦਾ ਸੁਭਾ ਭਗਤੀ ਭਾਵ ਵਾਲਾ ਸੀ। ਮਾਤਾ ਪਿਤਾ ਧਾਰਮਿਕ ਰੁਚੀ ਵਾਲੇ ਹੋਣ ਕਰਕੇ ਆਪ ਦਾ ਮਨ ਬਚਪਨ ਤੋਂ ਹੀ ਪ੍ਰਭੂ ਪਿਆਰ ਵਾਲਾ ਸੀ। ਪੰਜ ਸਾਲ ਦੀ ਉਮਰ ਵਿੱਚ ਆਪ ਦੇ ਮਾਤਾ ਜੀ ਚੜਾਈ ਕਰ ਗਏ। ਇਹ ਇੱਕ ਅਸਹਿ ਸੱਟ ਸੀ। ਅਜੇ ਇਸ ਦੁੱਖ ਨੂੰ ਭੁੱਲੇ ਹੀ ਨਹੀਂ ਸਨ ਕਿ ਦੋ ਸਾਲ ਬਾਅਦ ਪਿਤਾ ਦਾ ਸਾਇਆ ਵੀ ਸਿਰੋਂ ਚਲਾ ਗਿਆ। ਸੰਸਾਰਕ ਤੌਰ ਤੇ ਇਹ ਇੱਕ ਬਹੁਤ ਵੱਡਾ ਦੁਖਾਂਤ ਸੀ। ਛੋਟੇ ਭਰਾ ਤੇ ਭੈਣ ਦੀ ਸੰਭਾਲ ਵੀ ਆਪ ਦੇ ਸਿਰ ਆ ਪਈ।

ਆਪ ਜੀ ਦੇ ਨਾਨਕੇ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਦੇ ਸਨ। ਨਾਨੀ ਤਿੰਨਾਂ ਬੱਚਿਆਂ ਨੂੰ ਲੈ ਕੇ ਆਪਣੇ ਪਿੰਡ ਚਲੀ ਗਈ। ਆਪਣਾ ਘਰ ਛੱਡਣ ਸਮੇਂ ਜੋ ਉਹਨਾਂ ਦੇ ਮਨ ਤੇ ਗੁਜ਼ਰੀ ਹੋਵੇਗੀ ਉਸ ਮਾਨਸਿਕ ਦਰਦ ਦਾ ਅੰਦਾਜ਼ਾ ਉਹ ਹੀ ਲਾ ਸਕਦੇ ਹਨ। ਅਸਲ ਵਿੱਚ ਦਰਦ ਦੀ ਕੋਈ ਪ੍ਰੀਭਾਸ਼ਾ ਨਹੀਂ ਹੁੰਦੀ। ਇਹ ਜਿਸ ਨੂੰ ਹੁੰਦਾ ਹੈ ਕੇਵਲ ਉਹ ਹੀ ਮਹਿਸੂਸ ਕਰ ਸਕਦਾ ਹੈ। ਜਿਸ ਘਰ ਵਿੱਚ ਜੰਮੇ ਪਲੇ, ਜਿਹਨਾਂ ਗਲੀਆਂ ਵਿੱਚ ਸੱਤ ਸਾਲ ਖੇਡਦੇ ਰਹੇ, ਅੱਜ ਉਨ੍ਹਾਂ ਨੂੰ ਸਦਾ ਲਈ ਛੱਡ ਕੇ ਜਾ ਰਹੇ ਸਨ। ਬਚਪਨ ਦੇ ਸਾਥੀਆਂ ਦਾ ਪਿਆਰ ਟੁੱਟ ਰਿਹਾ ਸੀ। ਅਜਿਹੇ ਵਾਤਾਵਰਣ ਦਾ ਨਕਸ਼ਾ ਆਪ ਦੇ ਬਾਲਕ ਮਨ ਤੇ ਡੂੰਘੇ ਰੂਪ ਵਿੱਚ ਉਕਰਿਆ ਗਿਆ।

ਨਾਨੀ ਜਦੋਂ ਤਿੰਨਾਂ ਬੱਚਿਆਂ ਨੂੰ ਲੈ ਕੇ ਬਾਸਰਕੇ ਪਹੁੰਚੀ ਤਾਂ ਸਾਰੇ ਪਿੰਡ ਵਿੱਚ ਖਬਰ ਫੈਲ ਗਈ। ਸਾਰੇ ਭਾਈਚਾਰੇ ਦੇ ਲੋਕ ਨਾਨੀ ਤੇ ਬੱਚਿਆਂ ਨੂੰ ਧੀਰਜ ਦੇਣ ਲਈ ਪਹੁੰਚੇ। ਉਥੋਂ ਦੇ ਨਿਵਾਸੀ ਬਾਬਾ ਅਮਰਦਾਸ ਜੀ ਵੀ ਹਮਦਰਦੀ ਪ੍ਰਗਟ ਕਰਨ ਲਈ ਪਹੁੰਚੇ। ਉਹਨਾਂ ਦਾ ਇਸ ਸਮੇਂ ਤੱਕ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਹੋ ਚੁੱਕਾ ਸੀ। ਉਹਨਾਂ ਦੇ ਕੋਮਲ ਹਿਰਦੇ ਵਿੱਚ ਜੇਠਾ ਜੀ ਲਈ ਖਾਸ ਖਿੱਚ ਪਈ ਅਤੇ ਉਹ ਇਸ ਬਾਲਕ ਦਾ ਧਿਆਨ ਰੱਖਣ ਲੱਗ ਪਏ। ਦੋਹਾਂ ਦੀ ਆਪਸ ਵਿੱਚ ਨੇੜਤਾ ਵਧਦੀ ਗਈ। ਬਾਬਾ ਅਮਰਦਾਸ ਜੀ ਦੀ ਉਮਰ ਇਸ ਵੇਲੇ ੬੨ ਸਾਲ ਦੀ ਹੋ ਚੁੱਕੀ ਸੀ।

ਜੇਠਾ ਜੀ ਦੀ ਨਾਨੀ ਦੀ ਆਰਥਿਕ ਹਾਲਤ ਵੀ ਕੋਈ ਚੰਗੀ ਨਹੀਂ ਸੀ ਤੇ ਉਪਰੋਂ ਤਿੰਨ ਬੱਚਿਆਂ ਦੀ ਜਿੰਮੇਵਾਰੀ ਵੀ ਉਸ ਤੇ ਆ ਪਈ। ਇਸ ਲਈ ਛੋਟੀ ਉਮਰ ਵਿੱਚ ਹੀ ਜੇਠਾ ਜੀ ਨੇ ਘੁੰਗਣੀਆਂ ਵੇਚਣ ਦਾ ਕੰਮ ਸ਼ੁਰੂ ਕਰ ਦਿੱਤਾ ਤਾਂ ਕਿ ਪਰਿਵਾਰ ਦਾ ਗੁਜਾਰਾ ਹੋ ਸਕੇ। ਬਾਸਰਕੇ ਵਿੱਚ ਪੰਜ ਸਾਲ ਰਹਿ ਕੇ ਆਪ ਇਹੀ ਕਿਰਤ ਕਰਦੇ ਰਹੇ।

ਭਾਵੇਂ ਬਾਬਾ ਅਮਰਦਾਸ ਜੀ ਬਹੁਤਾ ਸਮਾਂ ਗੁਰੂ ਅੰਗਦ ਦੇਵ ਜੀ ਦੀ ਸੰਗਤ ਵਿੱਚ ਖਡੂਰ ਸਾਹਿਬ ਰਹਿੰਦੇ ਸਨ ਪਰ ਜਦੋਂ ਵੀ ਬਾਸਰਕੇ ਆਉਂਦੇ ਤਾਂ ਜੇਠਾ ਜੀ ਨੂੰ ਜਰੂਰ ਮਿਲਦੇ। ਇਸ ਤਰ੍ਹਾਂ ਦੋਹਾਂ ਵਿੱਚ ਨੇੜਤਾ ਵਧਦੀ ਗਈ। ਜੇਠਾ ਜੀ ਦੇ ਮਨ ਵਿੱਚ ਗੁਰੂ ਘਰ ਪ੍ਰਤੀ ਪਿਆਰ ਪੈਦਾ ਹੋਣਾ ਸ਼ੁਰੂ ਹੋ ਗਿਆ ਤੇ ਆਪ ਗੁਰਮਤਿ ਦੇ ਧਾਰਨੀ ਹੁੰਦੇ ਗਏ।

ਸੰਨ ੧੫੪੬ ਵਿੱਚ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ ਗੁਰੂ ਅਮਰਦਾਸ ਜੀ ਨੇ ਨਵਾਂ ਨਗਰ ਗੋਇੰਦਵਾਲ ਵਸਾਉਣਾ ਸ਼ੁਰੂ ਕੀਤਾ ਤਾਂ ਗੁਰੂ ਅਮਰਦਾਸ ਜੀ ਆਪਣੇ ਕਈ ਸਾਕ ਸਬੰਧੀਆਂ ਨੂੰ ਵੀ ਗੋਇੰਦਵਾਲ ਲੈ ਆਏ। ਨਾਲ ਹੀ ਉਹ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਏ। ਸੰਨ ੧੫੫੨ ਨੂੰ ਗੁਰੂ ਅੰਗਦ ਦੇਵ ਜੀ ਗੁਰਿਆਈ ਦੀ ਜਿੰਮੇਵਾਰੀ ਗੁਰੂ ਅਮਰਦਾਸ ਜੀ ਦੇ ਸਪੁਰਦ ਕਰਕੇ ਜੋਤੀ ਜੋਤ ਸਮਾ ਗਏ। ਸੰਨ ੧੫੫੩ ਵਿੱਚ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਜੇਠਾ ਜੀ ਨਾਲ ਕਰ ਦਿੱਤਾ।

ਗੁਰੂ ਅਮਰਦਾਸ ਜੀ ਨੇ ਸਿੱਖ ਪ੍ਰਚਾਰ ਦਾ ਕੇਂਦਰ ਗੋਇੰਦਵਾਲ ਬਣਾ ਦਿੱਤਾ। ਜੇਠਾ ਜੀ ਹਰ ਵੇਲੇ ਗੁਰੂ ਸੰਗਤਾਂ ਦੀ ਸੇਵਾ ਵਿੱਚ ਲੱਗੇ ਰਹਿੰਦੇ। ਬਾਣੀ ਪੜ੍ਹਦੇ ਅਤੇ ਸਮਝਦੇ ਅਤੇ ਧਰਮ ਦੀ ਕਿਰਤ ਕਰਦੇ। ਉਚ ਜਾਤੀਏ ਬ੍ਰਾਹਮਣਾਂ ਦਾ ਹੰਕਾਰ ਤੋੜਨ ਲਈ ਅਤੇ ਪਾਣੀ ਦੀ ਕਿੱਲਤ ਦੂਰ ਕਰਨ ਲਈ

ਆਪ ਨੇ ਗੋਇੰਦਵਾਲ ਵਿਖੇ ਬਉਲੀ ਦੀ ਉਸਾਰੀ ਦਾ ਕਾਰਜ ਆਰੰਭ ਕਰ ਦਿੱਤਾ। ਇਸ ਬਉਲੀ ਦੀ ਨਿਗਰਾਨੀ ਦਾ ਸਾਰਾ ਕੰਮ ਗੁਰੂ ਸਾਹਿਬ ਜੀ ਨੇ ਜੇਠਾ ਜੀ ਨੂੰ ਸੌਂਪਿਆ। ਆਪ ਕੇਵਲ ਨਿਗਰਾਨੀ ਹੀ ਨਹੀਂ ਸਨ ਕਰਦੇ ਸਗੋਂ ਸਿਰ ਤੇ ਮਿੱਟੀ ਦੀ ਟੋਕਰੀ ਚੁੱਕ ਕੇ ਸੇਵਾ ਵੀ ਕਰਦੇ ਸਨ। ਇਹਨਾਂ ਦਿਨਾਂ ਵਿੱਚ ਹੀ ਆਪ ਦੀ ਬਰਾਦਰੀ ਦੇ ਕੁੱਝ ਬੰਦੇ ਲਾਹੌਰ ਤੋਂ ਹਰਿਦੁਆਰ ਜਾਂਦਿਆਂ ਗੋਇੰਦਵਾਲ ਰੁਕੇ ਤੇ ਜੇਠਾ ਜੀ ਨੂੰ ਟੋਕਰੀ ਢੋਂਦਿਆਂ ਵੇਖ ਕੇ ਬੜੇ ਹੈਰਾਨ ਹੋਏ ਤੇ ਮਿਹਣਾ ਵੀ ਮਾਰਿਆ ਕਿ ਜੇ ਟੋਕਰੀ ਹੀ ਢੋਣੀ ਸੀ ਤਾਂ ਇਹ ਕੰਮ ਲਾਹੌਰ ਹੀ ਕਰ ਲੈਣਾ ਸੀ ਤੇ ਇਹ ਵੀ ਕਹਿ ਦਿੱਤਾ ਕਿ ਕਦੇ ਕਿਸੇ ਨੇ ਸਹੁਰੇ ਘਰ ਜਾ ਕੇ ਵੀ ਟੋਕਰੀ ਚੁੱਕੀ ਹੈ। ਫਿਰ ਕ੍ਰੋਧ ਵਿੱਚ ਆ ਕੇ ਗੁਰੂ ਅਮਰਦਾਸ ਜੀ ਨੂੰ ਗਿਲਾ ਕੀਤਾ ਤੇ ਗੁਰੂ ਦਾ ਸਤਿਕਾਰ ਕਰਨਾ ਵੀ ਭੁੱਲ ਗਏ। ਸਰੀਕਾਂ ਦੇ ਇਸ ਵਤੀਰੇ ਤੋਂ (ਗੁਰੂ) ਰਾਮਦਾਸ ਜੀ ਦਾ ਕੋਮਲ ਹਿਰਦਾ ਤੜਪ ਉਠਿਆ। ਆਪ ਗੁਰੂ ਅਮਰਦਾਸ ਜੀ ਦੇ ਚਰਨਾਂ ਤੇ ਢਹਿ ਪਏ ਤੇ ਆਖਣ ਲੱਗੇ ਸੱਚੇ ਪਾਤਸ਼ਾਹ ਇਹ ਅਨਜਾਣ ਹਨ। ਇਹ ਸੇਵਾ ਦੀ ਦਾਤ ਬਾਰੇ ਨਹੀਂ ਜਾਣਦੇ। ਤੁਸੀਂ ਇਹਨਾਂ ਦੀਆਂ ਗਲਤੀਆਂ ਤੇ ਵਧੀਕੀਆਂ ਨੂੰ ਨਾ ਚਿਤਾਰਣਾ। ਇਹਨਾਂ ਉਤੇ ਵੀ ਤੁਸੀਂ ਆਪਣਾ ਮਿਹਰ ਭਰਿਆ ਹੱਥ ਰੱਖਣਾ। ਇਹ ਘਟਨਾ ਇਹ ਸਾਬਤ ਕਰਦੀ ਹੈ ਕਿ ਜੇਠਾ ਜੀ ਦੇ ਮਨ ਵਿੱਚ ਸਤਿਗੁਰੂ ਪ੍ਰਤੀ ਕਿੰਨੀ ਸ਼ਰਧਾ, ਪਿਆਰ ਤੇ ਸਤਿਕਾਰ ਸੀ।

ਏਨੀ ਨਿਮਰਤਾ, ਆਪਾ ਤਿਆਗ, ਹਲੀਮੀ ਤੇ ਨਿਸ਼ਕਾਮ ਸੇਵਾ ਦੇ ਗੁਣਾਂ ਕਰਕੇ ਗੁਰੂ ਅਮਰਦਾਸ ਜੀ ਦੇ ਮਨ ਨੂੰ ਜੇਠਾ ਜੀ ਨੇ ਜਿੱਤ ਲਿਆ। ਪਾਰਖੂ ਅੱਖ ਤੇ ਦੂਰ ਅੰਦੇਸ਼ੀ ਅੰਤਰਜਾਮੀ ਸਤਿਗੁਰੂ ਅਮਰਦਾਸ ਜੀ ਨੇ ਗੁਰਗੱਦੀ ਦੀ ਜਿੰਮੇਵਾਰੀ ਜੇਠਾ ਜੀ ਨੂੰ ਸੌਂਪਣ ਦਾ ਮਨ ਬਣਾ ਲਿਆ ਸੀ। ਪਰ ਸੰਗਤਾਂ ਦੇ ਮਨਾਂ ਦੀ ਦੁਬਿਧਾ ਨੂੰ ਦੂਰ ਕਰਨ ਲਈ ਕਿ ਉਨ੍ਹਾਂ ਦੇ ਦੋਹਾਂ ਜਵਾਈਆਂ ਵਿੱਚੋਂ ਕਿਹੜਾ ਗੁਰਗੱਦੀ ਦੇ ਯੋਗ ਹੈ, ਆਪ ਨੇ ਥੜੇ ਤਿਆਰ ਕਰਵਾਉਣ ਦਾ ਕੌਤਕ ਰਚਿਆ। ਸਤਿਗੁਰੂ ਜੀ ਨੇ ਰਾਮਾ ਜੀ ਅਤੇ ਜੇਠਾ ਜੀ ਨੂੰ ਥੜੇ ਤਿਆਰ ਕਰਨ ਦਾ ਹੁਕਮ ਦਿੱਤਾ। ਸ਼ਾਮ ਨੂੰ ਜਦ ਦੋਹਾਂ ਦੇ ਥੜੇ ਵੇਖੇ ਤਾਂ ਆਪ ਨੂੰ ਪਸੰਦ ਨਹੀਂ ਆਏ ਤੇ ਢਾਹ ਕੇ ਦੁਬਾਰਾ ਬਨਾਉਣ ਲਈ ਕਿਹਾ। ਦੂਜੀ ਵਾਰ ਤੇ ਤੀਜੀ ਵਾਰ ਵੀ ਆਪ ਨੇ ਜਦੋਂ ਥੜੇ ਪਸੰਦ ਨਾ ਕੀਤੇ ਤਾਂ ਰਾਮਾ ਜੀ ਗੁੱਸੇ ਵਿੱਚ ਆ ਗਏ ਤੇ ਕਹਿਣ ਲੱਗੇ ਕਿ ਮੈਂ ਤਾਂ ਤੁਹਾਡੇ ਕਹੇ ਅਨੁਸਾਰ ਹੀ ਥੜਾ ਬਣਾਉਂਦਾ ਹਾਂ ਤੁਸੀਂ ਵੱਡੀ ਉਮਰ ਹੋਣ ਕਰਕੇ ਆਪ ਹੀ ਭੁੱਲ ਜਾਂਦੇ ਹੋ। ਇਸ ਵਿੱਚ ਮੇਰਾ ਕੋਈ ਕਸੂਰ ਨਹੀਂ।

ਉਧਰ ਜਦੋਂ ਗੁਰੂ ਸਾਹਿਬ ਜੇਠਾ ਜੀ ਕੋਲ ਗਏ ਤਾਂ ਉਹਨਾਂ ਨੇ ਸਤਿਗੁਰੂ ਜੀ ਦੇ ਚਰਨ ਫੜ ਲਏ ਅਤੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਮੇਰੇ ਤੇ ਕ੍ਰਿਪਾ ਕਰੋ ਕਿ ਮੈਂ ਆਪ ਜੀ ਦੀ ਪਸੰਦ ਅਨੁਸਾਰ ਥੜੇ ਬਣਾ ਸਕਾਂ। ਮੈਂ ਭੁੱਲਣਹਾਰ ਹਾਂ ਤੁਸੀਂ ਬਖਸ਼ਨਹਾਰ ਹੋ। ਇਹ ਸੁਣ ਕੇ ਗੁਰੂ ਪਾਤਸ਼ਾਹ ਨੇ ਜੇਠਾ ਜੀ ਨੂੰ ਪਿਆਰ ਕੀਤਾ ਤੇ ਗਲ ਨਾਲ ਲਾਇਆ। ਡਾ: ਤਾਰਨ ਸਿੰਘ ਜੀ ਥੜੇ ਬਨਾਉਣ ਦੀ ਰਮਜ਼ ਤੇ ਡੂੰਘੇ ਰਹੱਸ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਆਪ ਅਸਲ ਵਿੱਚ ਥੜ੍ਹੇ ਨਹੀਂ ਸਨ ਬਣਵਾ ਰਹੇ ਸਗੋਂ ਤਖਤ ਬਣਵਾ ਰਹੇ ਸਨ। ਗੁਰੂ ਅਮਰਦਾਸ ਜੀ ਆਪ ਨੂੰ ਤਖਤ ਬਨਾਉਣ ਦੀ ਜਾਚ ਸਿਖਾ ਰਹੇ ਸਨ। ਤਖਤ ਦੇ ਲਾਇਕ ਹੋਣ ਲਈ ਯੋਗਤਾ ਦੀ ਲੋੜ ਹੈ। ਤਖਤ ਕਿਸੇ ਸਖਸ਼ੀਅਤ ਦੇ ਬਲ ਨਾਲ ਜਿੱਤਣੇ ਪੈਂਦੇ ਹਨ। ਸਿੰਘਾਸਨ ਪ੍ਰਭੂ ਦਾ ਹੈ ਅਤੇ ਗੁਰਗੱਦੀ ਅਕਾਲ ਪੁਰਖ ਦੀ ਅਮੋਲਕ ਦਾਤ ਹੈ। ਇਸ ਸਿੰਘਾਸਨ ਤੇ ਬੈਠਣ ਲਈ ਤਕੜੀ ਘਾਲਣਾ ਦੀ ਲੋੜ ਹੁੰਦੀ ਹੈ। ਗੁਰਬਾਣੀ ਦਾ ਫੁਰਮਾਨ ਹੈ : **ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥(1039)**

ਥੜੇ ਤਾਂ ਕੇਵਲ ਸੰਗਤਾਂ ਨੂੰ ਦੱਸਣ ਲਈ ਬਣਾਏ ਜਾ ਰਹੇ ਸਨ। ਅਸਲ ਥੜੇ ਤੇ ਬੈਠਣ ਯੋਗ ਤਾਂ ਗੁਰੂ ਰਾਮਦਾਸ ਜੀ ਪਹਿਲਾਂ ਹੀ ਬਣ ਚੁੱਕੇ ਸਨ। ਗੁਰੂ ਅਮਰਦਾਸ ਜੀ ਨੇ ਜੇਠਾ ਜੀ ਨੂੰ ਪਿਆਰ ਦਿੱਤਾ ਤੇ ਕਿਹਾ ਕਿ ਨਿਰਮਾਣ ਸੇਵਕ ਆਪਾ ਨਹੀਂ ਜਤਾਉਂਦੇ। ਆਪਣਾ ਅੰਤ ਸਮਾਂ ਨੇੜੇ ਜਾਣ ਕੇ ਗੁਰੂ ਅਮਰਦਾਸ ਜੀ ਨੇ ਦੀਵਾਨ ਸਜਾਇਆ। ਜੇਠਾ ਜੀ ਨੂੰ ਸਵੱਛ ਬਸਤਰ ਪਹਿਨਾ ਕੇ ਉਚੇ ਆਸਣ ਤੇ ਬਿਠਾਇਆ ਤੇ ਉਹਨਾਂ ਦੇ ਅੱਗੇ ਪਹਿਲਾਂ ਆਪ ਮੱਥਾ ਟੇਕਿਆ ਤੇ ਫਿਰ ਸਾਰੀ ਸੰਗਤ ਨੇ ਮੱਥਾ ਟੇਕਿਆ। ਇਸ ਤਰ੍ਹਾਂ ਜੇਠਾ ਜੀ ਗੁਰੂ ਨਾਨਕ ਜੀ ਦੀ ਚੌਥੀ ਜੋਤ ਦੇ ਵਾਰਸ ਗੁਰੂ ਰਾਮਦਾਸ ਜੀ ਬਣੇ। ਇਸ ਸਮੇਂ ਆਪ ਜੀ ਦੀ ਉਮਰ ੪੦ ਵਰ੍ਹੇ ਸੀ।

ਇਹ ਇੱਕ ਮਹਾਨ ਘਟਨਾ ਸੀ। ਗੁਰੂ ਰਾਮਦਾਸ ਜੀ ਅੱਜ ਉਸ ਰੱਬੀ ਤਖਤ ਤੇ ਸਸ਼ੋਭਿਤ ਹੋਏ ਸਨ ਜਿਸ ਅੱਗੇ ਵੱਡੇ ਵੱਡੇ ਰਾਜਿਆਂ ਨੇ ਸਿਰ ਨਿਵਾਇਆ ਸੀ ਅਤੇ ਅੱਗੋਂ ਵੀ ਸਿਰ ਨਿਵਾਉਣਾ ਸੀ। ਇਸ ਤਖਤ ਤੇ ਬੈਠ ਕੇ ਆਪ ਨੇ ਗੁਰਸਿੱਖੀ ਦੇ ਜਹਾਜ਼ ਨੂੰ ਨਿਮਰਤਾ ਦਾ ਚਪੂ ਲਾ ਕੇ ਡੁੱਬੇ ਸੰਸਾਰ ਤੋਂ ਮਨੁੱਖਤਾ ਦਾ ਕਲਿਆਣਾ ਕਰਨਾ ਸੀ। ਗੁਰਗੱਦੀ ਦੀ ਰਸਮ ਉਪਰੰਤ ਨਿਮਰਤਾ ਭਾਵ ਵਿੱਚ ਆ ਕੇ **ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ** ਕਹਿਣ ਵਾਲੇ ਸਤਿਗੁਰੂ ਜੀ ਦੇ ਗੁਣਾਂ ਨੂੰ ਬਿਆਨ ਕਰਨਾ ਨਾ ਮੁਮਕਿਨ ਹੈ।

ਗੁਰੂ ਘਰ ਵਿੱਚ ਆ ਕੇ ਜਦੋਂ ਭੱਟ ਸਾਹਿਬਾਨ ਨੇ ਗੁਰਮਤਿ ਸਮਝ ਕੇ ਪ੍ਰਮਾਤਮਾ ਦੇ ਗੁਣਾਂ ਬਾਰੇ ਗਿਆਨ ਪ੍ਰਾਪਤ ਕੀਤਾ ਤਾਂ ਉਹ ਬੋਲ ਉਠੇ ਕਿ ਜੇ ਪ੍ਰਮਾਤਮਾ ਅਜੇਹੇ ਗੁਣਾਂ ਦਾ ਮਾਲਕ ਹੈ ਤਾਂ ਗੁਰੂ ਰਾਮਦਾਸ ਜੀ ਵਿੱਚ ਇਹ ਸਾਰੇ ਗੁਣ ਪ੍ਰਤੱਖ ਨਜਰ ਆਉਂਦੇ ਹਨ। ਇਹਨਾਂ ਭੱਟਾਂ ਨੇ ਗੁਰੂ ਉਪਮਾ ਵਿੱਚ ੮੦ ਸਵਈਏ ਉਚਾਰਣ ਕੀਤੇ। ਭੱਟਾਂ ਨੇ ਆਪ ਜੀ ਨੂੰ ਉਤਮ ਪੁਰਸ਼, ਹਰੀ ਦੇ ਗੁਣਾਂ ਦੇ ਗਾਹਕ, ਸਮੁੰਦਰ ਦੀ ਨਿਆਂਈ ਸ਼ਾਂਤ ਅਤੇ ਗਹਿਰ ਗੰਭੀਰ ਕਹਿ ਕੇ ਸ਼ਲਾਘਾ ਕੀਤੀ। ਭੱਟਾਂ ਨੇ ਆਪ ਜੀ ਨੂੰ ਰਾਜ ਵਿੱਚ ਜੋਗ ਕਮਾਉਣ ਵਾਲਾ ਦੱਸਦੇ ਹੋਏ ਕਿਹਾ ਕਿ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਨ ਨਾਲ ਡੋਲਦਾ ਹੋਇਆ ਮਨ ਟਿਕ ਜਾਂਦਾ ਹੈ। ਭੱਟ ਕਵੀ ਸੱਲ ਲਿਖਦੇ ਹਨ:

ਸਿਰਿ ਆਤਪਤੁ ਸਚੌ ਤਖਤੁ
ਜੋਗ ਭੋਗ ਸੰਜੁਤੁ ਬਲਿ ॥
ਗੁਰ ਰਾਮਦਾਸ ਸਚੁ ਸਲ੍ਹ ਭਣਿ
ਤੂ ਅਟਲੁ ਰਾਜਿ ਅਭਗੁ ਦਲਿ ॥ (1406)

ਭੱਟ ਕਲਸਹਾਰ ਜੀ ਲਿਖਦੇ ਹਨ ਕਿ ਗੁਰੂ ਰਾਮਦਾਸ ਜੀ ਨਾਮ ਦੇ ਰਸੀਆ ਹਨ, ਗੋਬਿੰਦ ਦੇ ਗੁਣਾਂ ਦੇ ਗਾਹਕ ਹਨ, ਅਕਾਲ ਪੁਰਖ ਦੇ ਉਪਾਸ਼ਕ ਹਨ ਅਤੇ ਸਮਦ੍ਰਿਸ਼ਟਤਾ ਦੇ ਸਰੋਵਰ ਹਨ :

ਹਰਿ ਨਾਮ ਰਸਿਕੁ ਗੋਬਿੰਦ ਗੁਣ
ਗਾਹਕੁ ਚਾਹਕੁ ਤਤ ਸਮਤ ਸਰੇ ॥
ਕਵਿ ਕਲ੍ਹ ਠਕੁਰ ਹਰਦਾਸ ਤਨੇ
ਗੁਰ ਰਾਮਦਾਸ ਸਰ ਅਭਰ ਭਰੇ॥(1396)

ਭਾਈ ਗੁਰਦਾਸ ਜੀ ਨੇ ਗੁਰੂ ਰਾਮਦਾਸ ਜੀ ਦੇ ਗੁਰਗੱਦੀ ਤੇ ਸੁਭਾਇਮਾਨ ਹੋਣ ਦਾ ਵਰਣਨ ਪਹਿਲੀ ਵਾਰ ਦੀ ੪੭ਵੀਂ ਪਉੜੀ 'ਚ ਇਸ ਤਰ੍ਹਾਂ ਕੀਤਾ ਹੈ:

ਬੈਠਾ ਸੋਢੀ ਪਾਤਿਸ਼ਾਹ
ਰਾਮਦਾਸ ਸਤਿਗੁਰੂ ਕਹਾਵੈ॥
ਪੂਰਨ ਤਾਲ ਖਟਾਇਆ
ਅੰਮ੍ਰਿਤਸਰ ਵਿਚ ਜੋਤ ਜਗਾਵੈ॥

ਭਾਈ ਗੁਰਦਾਸ ਜੀ ਨੇ ਆਪ ਨੂੰ ਦੀਨ ਦੁਨੀਆਂ **ਬਾਕੀ ਸਫਾ 12 'ਤੇ**

ਆਓ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਨਾਲ ਜੁੜੀਏ



ਬਿਸੰਬਰ ਸਿੰਘ
ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ

ਵਿਸ਼ਵ ਸਮਾਜ ਵੱਖ-ਵੱਖ ਸੰਪਰਦਾਇਕ ਪਰੰਪਰਾਵਾਂ ਨਾਲ ਜੁੜਿਆ ਹੋਇਆ ਹੈ ਅਤੇ ਇਸਦੀ ਸੋਚ ਆਪਣੀ ਸੰਪਰਦਾਇਕ ਪਰੰਪਰਾ ਦੇ ਘੇਰੇ ਵਿੱਚ ਹੀ ਸੀਮਤ ਹੋ ਕੇ ਰਹਿ ਗਈ ਹੈ। ਜਿਸਦੇ ਫਲਸਰੂਪ ਮਨੁੱਖ ਪ੍ਰਮਾਤਮਾ ਦੀ ਸਿਰਜੀ ਸਮੁੱਚੀ ਕਾਇਨਾਤ ਦੀ ਹੋਂਦ ਅਤੇ ਉਸਦੀ ਭਾਈਚਾਰਕ ਮਹੱਤਤਾ ਨੂੰ ਪੂਰੀ ਗਹਿਰਾਈ ਤੱਕ ਸਮਝਣ ਦੇ ਅਸਮਰਥ ਹੈ। ਜਿਸ ਨਾਲ ਇਨਸਾਨੀ ਭਾਈਚਾਰਾ ਦਿਨ-ਬ-ਦਿਨ ਖੋਖਲਾ ਹੁੰਦਾ ਜਾ ਰਿਹਾ ਹੈ ਅਤੇ ਆਪਸੀ ਨਫਰਤ ਸਮਾਜਿਕ ਵਿਖਰਾਉ ਦਾ ਸਾਧਨ ਬਣਦੀ ਜਾ ਰਹੀ ਹੈ।

ਜਦੋਂ ਅਸੀਂ ਜਾਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਦੇ ਹਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਤੋਂ ਇੱਕ ਦੂਸਰੇ ਪ੍ਰਤੀ ਪਹੁੰਚ ਦਾ ਪਤਾ ਲਗਦਾ ਹੈ। ਇਸ ਲਈ ਮਨੁੱਖ ਮਜਹਬ ਦੇ ਨਾਂ ਤੋਂ ਵੰਡਿਆ ਨਹੀਂ ਜਾ ਸਕਦਾ।

ਭਾਈ ਕਾਹਨ ਸਿੰਘ ਜੀ ਨਾਭਾ ਆਪਣੇ ਰਚਿਤ ਗੁਰਮਤਿ ਮਾਰਤੰਡ ਦੇ ਪੰਨਾ ਨੰ: 411 ਉੱਪਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰ ਬਾਰੇ ਦਸਦੇ ਹਨ ਕਿ **ਆਤਮਿਕ ਪ੍ਰੇਰਨਾ ਤੋਂ ਸਤਿਗੁਰਾਂ ਦੁਆਰਾ ਪ੍ਰਗਟ ਹੋਈ ਬਾਣੀ ਦਾ ਸੰਗ੍ਰਹਿ ਸਿੱਖ ਧਰਮ ਦਾ ਮਹਾਮਾਨਯ ਪੁਸਤਕ।**

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਸਤਿਗੁਰਾਂ ਦੀ ਬਾਣੀ ਏਕੜ ਕਰ ਕੇ ਸੰਮਤ 1660 ਵਿੱਚ, ਇਹ ਰਾਮਸਰ ਦੇ ਕਿਨਾਰੇ (ਅੰਮ੍ਰਿਤਸਰ) ਭਾਈ ਗੁਰਦਾਸ ਜੀ ਤੋਂ ਲਿਖਾਉਣਾ ਆਰੰਭਿਆ। ਆਪਣੀ ਰਚਨਾ ਅਤੇ ਭਗਤ ਆਦਿਕਾਂ ਦੀ ਬਾਣੀ ਸ਼ਾਮਿਲ ਕਰ ਕੇ ਸੰਮਤ 1661 ਵਿੱਚ ਸਮਾਪਤ ਕੀਤਾ। ਇਸੇ ਸਾਲ ਭਾਦੋਂ ਸੁਦੀ 1 ਨੂੰ ਹਰਮੰਦਿਰ ਵਿੱਚ ਗੁਰਮਤਿ ਦੇ ਪ੍ਰਚਾਰ ਲਈ ਅਸਥਾਪਨ ਕਰ ਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ।

ਇਹ ਗੱਲ ਕੋਈ ਪੁਰਾਣੀ ਨਹੀਂ ਕੇਵਲ ਚਾਰ ਕੁ ਸਦੀਆਂ ਦੀ ਨਿਗੁਣੀ ਜਿਹੀ ਵਿਥੀ ਸੰਨ 1604 ਦੀ ਹੈ। ਜਦ ਧੁਰੋਂ ਪਠਾਏ ਨਿਰੰਕਾਰੀ ਬਾਬੇ ਨੇ ਆਪਣੇ ਪੰਜਵੇਂ ਸਰੂਪ ਵਿੱਚ ਇੱਕ ਅਜਿਹੀ ਪੱਕੀ ਤੇ ਸਦੀਵੀ ਸੇਧ ਦਿੱਤੀ ਜਿਸਨੂੰ ਪ੍ਰਬੀਨ ਪੁਰਸ਼ਾਂ ਨੇ ਗਾਡੀ ਰਾਹ ਕਰਕੇ ਜਾਣਿਆ ਤੇ ਸਤਿਕਾਰਿਆ ਹੈ। ਇਹ ਮਨੁੱਖ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਇਤਿਹਾਸ ਵਿੱਚ ਅਦੁੱਤੀ ਮਿਸਾਲ ਹੈ।

ਸਤਿਗੁਰਾਂ ਨੇ ਤ੍ਰੁੱਠ ਕੇ ਮਨੁੱਖੀ ਕਲਿਆਣ ਤੇ ਅਗਵਾਈ ਲਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਅਜਿਹਾ ਰੂਹਾਨੀ ਗ੍ਰੰਥ ਤਿਆਰ ਕੀਤਾ, ਜੋ ਰੱਬ ਵਾਂਗ, ਹਵਾ ਵਾਂਗ ਤੇ ਸੂਰਜ ਦੀ ਧੁੱਪ ਵਾਂਗ ਸਭ ਦਾ ਸਾਂਝਾ ਤੇ ਆਪਣਾ ਹੈ।

ਸਾਰੇ ਇਸਦੇ ਇੱਕ ਸਮਾਨ ਭਾਈਵਾਲ ਹਨ। ਧੰਨ ਗੁਰੂ ਅਰਜਨ ਸਾਹਿਬ ਜੀ ਨੇ ਸਤਿਗੁਰਾਂ ਦੀ ਆਤਮਿਕ ਜੋਤ ਗੁਰਬਾਣੀ ਦੇ ਨਾਲ ਥਾਂ-ਥਾਂ ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੇ ਰੱਬੀ ਕਲਾਮ ਨੂੰ ਵੀ ਸਮਾਨ ਥਾਂ ਦਿਤੀ ਹੈ। ਸਤਿਗੁਰਾਂ ਦੀ ਧੁਰ ਕੀ ਬਾਣੀ ਨਾਲ ਅਟੁੱਟ ਸਾਂਝ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ, ਭਗਤ ਰਵੀਦਾਸ ਸਾਹਿਬ ਜੀ, ਭਗਤ ਨਾਮਦੇਵ ਸਾਹਿਬ ਜੀ, ਭਗਤ ਜੈਦੇਵ ਸਾਹਿਬ ਜੀ, ਭਗਤ ਰਾਮਾਨੰਦ ਸਾਹਿਬ ਜੀ, ਭਗਤ ਤ੍ਰਿਲੋਚਨ ਸਾਹਿਬ ਜੀ, ਭਗਤ ਬੇਣੀ ਸਾਹਿਬ ਜੀ, ਭਗਤ ਧੰਨਾ ਸਾਹਿਬ ਜੀ, ਭਗਤ ਭੀਖਣ ਸਾਹਿਬ ਜੀ, ਭਗਤ ਪਰਮਾਨੰਦ ਸਾਹਿਬ ਜੀ, ਭਗਤ ਸੈਣ ਸਾਹਿਬ ਜੀ, ਭਗਤ ਪੀਪਾ ਸਾਹਿਬ ਜੀ, ਭਗਤ ਸਧਨਾ ਸਾਹਿਬ ਜੀ, ਭਗਤ ਸੂਰਦਾਸ ਸਾਹਿਬ ਜੀ ਅਖੌਤੀ ਉਚੀਆਂ ਨੀਵੀਆਂ ਜਾਤੀਆਂ ਦੇ ਭਗਤਾਂ, ਭੱਟਾਂ ਦੀ ਬਾਣੀ ਨੇ ਵੀ ਪਾਈ ਹੈ। ਮਨੁੱਖ ਨੂੰ ਜਾਤਾਂ, ਵਰਣਾਂ, ਨਸਲਾਂ ਤੇ ਆਸ਼ਰਮਾਂ ਦੇ ਮਾਰੂ ਵਲਗਣ ਦੀ ਉਚ ਨੀਚ ਵਿਚੋਂ ਕੱਢ ਕੇ ਇੱਕ ਸਮਾਨਤਾ ਵਾਲਾ ਪਿਆਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਪ੍ਰਾਪਤ ਹੁੰਦਾ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜੇ ਸਿਫਤਾਂ ਕਰੀਏ ਤਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। ਫਿਰ ਵੀ ਤੁਛ ਬੁੱਧੀ ਅਨੁਸਾਰ ਛੋਟ ਜਿਹੀ ਕੋਸ਼ਿਸ ਨਾਲ ਕੁਝ ਸਿਫਤਾਂ ਬਿਆਨ ਕੀਤੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਸਦੀਵੀ ਤੇ ਸਰਬ ਦੇਸ਼ੀ ਹੈ। ਇਸ ਦਾ ਆਸਾ ਸੱਚ ਉੱਤੇ ਆਧਾਰਿਤ ਹੈ ਤੇ ਇਹ ਸੱਚ ਕਦੇ ਪੁਰਾਣਾ ਨਹੀਂ ਹੁੰਦਾ। ਸਚੁ, ਆਦਿ, ਜੁਗਾਦਿ, ਭੂਤ, ਭਵਿਖ, ਭਵਾਨ ਵਿੱਚ ਸਦਾ ਅ-ਬਦਲ ਹੈ ਤੇ ਇੱਕ ਰਸ ਰਹਿੰਦਾ ਸਚੁ ਪ੍ਰਮਾਤਮਾ ਹੈ ਤੇ ਪ੍ਰਮਾਤਮਾ ਹੈ। ਗੁਰਬਾਣੀ ਵਿੱਚ ਇਨ੍ਹਾਂ ਅਟੱਲ ਸਿਧਾਤਾਂ ਦੀ ਗੂੰਜ ਸਤਿਗੁਰੂ ਜੀ ਨੇ ਇਵੇਂ ਬਿਆਨ ਕੀਤੀ ਹੈ:

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥
(ਪੰਨਾ-2) ਅਤੇ
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥
(ਪੰਨਾ-186)

ਸਤਿਗੁਰਾਂ ਦੇ ਵਾਕ ਕਿੰਨੀ ਕੁਸ਼ਲਤਾ ਰਖਦੇ ਹਨ ਕਿ ਸਭ ਕੁਝ ਬਿਨਸ ਜਾਏਗਾ ਪਰ ਇਸ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖੇ ਬੋਲਾਂ ਦਾ ਗਿਆਨ ਹਮੇਸ਼ਾਂ ਅਟੱਲ ਰਹੇਗਾ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਹੋ ਜਿਹੇ ਸਿਧਾਤਾਂ ਦਾ ਗ੍ਰੰਥ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੋਲੀ ਆਮ ਬੋਲਚਾਲ ਦੀ ਬੋਲੀ ਵਿੱਚ ਹੈ ਅਤੇ ਬਹੁਤ ਲੋਕ ਬੋਲੀਆਂ ਵਿੱਚ ਹੈ। ਅਲੰਕਾਰ, ਹਵਾਲੇ ਤੇ ਵਸਤਾਂ ਉਹ ਲਏ ਗਏ ਹਨ ਜਿਨ੍ਹਾਂ ਨਾਲ ਲੋਕਾਂ ਦਾ ਨਿਤ ਦਾ ਸੰਬੰਧ ਹੈ, ਜਿਵੇਂ : ਪਪੀਹਾ, ਚਾਤ੍ਰਿਕ, ਕੋਇਲ, ਮੋਰ, ਹਰਨੀ, ਵਣ, ਬਾਰ, ਭਉਰਾ, ਅੱਕ, ਟਿੰਡਾ, ਚੰਦਨ, ਸੂਰਜ, ਚੰਦਰਮਾ, ਤਾਰੇ, ਪਉਣ, ਪਾਣੀ, ਅਗਨੀ, ਮਾਤਾ, ਪਿਤਾ, ਜਨਨੀ, ਸੂਤਕ,ਪਾਤਕ, ਲੋਹਾਰ, ਭਾਂਡੇ, ਰਾਜਾ, ਪਰਜਾ ਆਦਿ ਬੇਅੰਤ ਐਸੇ ਸ਼ਬਦ ਹਨ, ਜਿਨ੍ਹਾਂ ਨਾਲ ਇਨਸਾਨਾਂ ਦੀ ਨੇੜੇ ਦੀ ਜਾਣਕਾਰੀ ਤੇ ਸਾਂਝ ਹੈ।

ਕਿੰਨੀ ਕਮਾਲ ਵਾਲੀ ਗੱਲ ਹੈ ਕਿ ਹਰੀ ਦੀ ਵਿਆਪਕਤਾ ਨੂੰ ਪਾਣੀ ਦੇ ਘੜੇ ਵਿੱਚ ਪੈ ਰਹੇ ਚੰਦ ਦੇ ਅੰਕਸ਼ ਦਾ ਅਲੰਕਾਰ ਦੇ ਕੇ ਕਿੰਨੀ ਵੱਡੀ ਗੱਲ ਸਤਿਗੁਰੂ ਜੀ ਨੇ ਕਿਵੇਂ ਸਹਿਜ ਸਰਲ ਢੰਗ ਨਾਲ ਸਮਝਾਈ ਤੇ ਸਪੱਸ਼ਟ ਕੀਤੀ ਹੈ।

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦੂਮਾ ॥ (ਪੰਨਾ-1099)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਆਨਣ ਦਾ ਢੰਗ ਬੜਾ ਸੋਖਾ ਪਰ ਵਿਚਾਰਸ਼ੀਲ ਹੈ। ਇਸ

ਵਿੱਚ ਵਹਿਮ-ਭਰਮ ਅਤੇ ਮਨੋ-ਕਲਪਿਤ ਗੱਲਾਂ ਨੂੰ ਕੋਈ ਥਾਂ ਨਹੀ ਹੈ। ਗੁਰਦੇਵ ਸੂਤਕ-ਪਾਤਕ, ਭਿਟ, ਛੂਤ-ਛਾਤ, ਜਾਤ-ਪਾਤ ਦੇ ਭੇਦ ਅਥਵਾ ਖਾਣ-ਪੀਣ, ਪਹਿਨਣ ਦੇ ਵਿਤਕਰਿਆਂ ਤੇ ਪਾਬੰਦੀਆਂ ਨੂੰ ਕੋਈ ਥਾਂ ਨਹੀਂ ਦਿੰਦੇ। ਉਨ੍ਹਾਂ ਦਾ ਸਪੱਸ਼ਟ ਫੁਰਮਾਣ ਹੈ:-

ਕਿਆ ਖਾਧੈ ਕਿਆ ਪੈਧੈ ਹੋਇ॥
ਜਾ ਮਨਿ ਨਾਹੀ ਸਚਾ ਸੋਇ॥
(ਪੰਨਾ-142)
ਸਗੁਨ ਅਪਸਗੁਨ ਤਿਸ ਕਉ ਲਗਹਿ
ਜਿਸੁ ਚੀਤਿ ਨ ਆਵੈ ॥ (ਪੰਨਾ-401)
ਸਾ ਜਾਤਿ ਸਾ ਪਤਿ ਹੈ
ਜੇਹੇ ਕਰਮ ਕਮਾਇ॥ (ਪੰਨਾ-1330)
ਸੋਈ ਚੰਦੁ ਚੜਹਿ ਸੇ ਤਾਰੇ
ਸੋਈ ਦਿਨੀਅਰੁ ਤਪਤ ਰਹੈ॥
(ਪੰਨਾ-902)

ਭਾਵ ਜੁਗਾਂ ਦੇ ਬਦਲਣ ਨਾਲ ਮਨੁੱਖੀ ਸੁਭਾਅ ਸੁਤੇ ਸਿਧ ਹੀ ਨਹੀਂ ਬਦਲ ਜਾਂਦਾ, ਕਿਸੇ ਕਲਜੁਗ ਆਉਣ ਨਾਲ ਕੋਈ ਜੀਵ ਕਲਜੁਗੀ ਨਹੀਂ ਹੋ ਜਾਂਦਾ ਸਗੋਂ ਜੀਵ ਜਦੋਂ ਚਾਲ ਚਲਣ ਦੇ ਮਾਰਗ ਤੋਂ ਥਿੜਕ ਜਾਂਦਾ ਹੈ ਤਾਂ ਫਿਰ ਉਹ ਰਸਾਤਲ 'ਚ ਚਲਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਪੱਖ ਦੀਆਂ ਬੁਰਿਆਈਆਂ ਦੀ ਪੂਰੀ ਬੇਬਾਕੀ ਨਾਲ ਅਲੋਚਨਾ ਕਰਦੇ ਹਨ। ਕੀ ਧਾਰਮਿਕ, ਕੀ ਸਮਾਜਿਕ, ਕੀ ਆਰਥਿਕ ਤੇ ਕੀ ਰਾਜਨੀਤਿਕ ਬੁਰਿਆਈਆਂ ਸਭ ਨੂੰ ਇੱਕ ਸਮਾਨ ਭੰਡਦੇ ਹਨ। ਰਾਜਿਆਂ ਨੂੰ ਸ਼ੀਂਹ, ਮੁਕੱਦਮਾਂ ਨੂੰ ਕੁੱਤੇ ਰੱਯਤ ਨੂੰ ਅੰਧੀ, ਕਾਜ਼ੀ ਨੂੰ ਰਿਸ਼ਵਤ ਖੋਰ ਅਤੇ ਇਥੋਂ ਤੱਕ ਕਿ ਬਾਬਰ ਦੀ ਫੋਜ ਨੂੰ ਵੀ **ਪਾਪ ਕੀ ਜੰਵਲੈ ਕਾਬਲਹੁ ਧਾਇਆ (ਪੰਨਾ-722)** ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਵਰਗਾ ਬੇਖੋਫ ਸ਼ਾਹ ਦਾ ਦੀਵਾਨਾ ਹੀ ਕਹਿ ਸਕਦਾ ਸੀ।

ਜਦੋਂ ਅਸੀਂ ਅੱਗੇ ਪੜਦੇ ਹਾਂ ਤਾਂ ਸਿਕੰਦਰ ਤੇ ਇਬਰਾਹਿਮ ਲੋਧੀ ਵਰਗੇ ਨਿਰਦਈ ਤੇ ਜਾਬਰ ਬਾਦਸ਼ਾਹਾਂ ਦੇ ਇਸਲਾਮੀ ਰਾਜ ਵਿੱਚ ਗੁਰਬਾਣੀ ਦੁਆਰਾ ਮਸੀਤ, ਨਮਾਜ਼, ਸੁੰਨਤ, ਰੋਜ਼ੇ ਤੇ ਕਲਮੇਂ ਦੀ ਨਵੀਂ ਤੇ ਨਰੋਈ ਪਰਿਭਾਸ਼ਾ ਦੀ ਟਿਪਣੀ ਗੁਰਬਾਣੀ ਵਿੱਚੋਂ ਹੀ ਪ੍ਰਾਪਤ ਹੁੰਦੀ ਹੈ। ਫੋਕਟ ਧਰਮ ਤੇ ਸਮਾਜਿਕ ਪਾਖੰਡਾਂ ਦੇ ਪਾਜ ਉਘਾੜਨ ਲਈ ਆਸਾ ਦੀ ਵਾਰ ਦੇ ਸਲੋਕ ਹੀ ਕਾਫੀ ਹਨ।

ਗੁਰਬਾਣੀ ਨੇ ਕੇਵਲ ਬ੍ਰਾਹਮਣਾਂ ਜਾਂ ਜੋਗੀਆਂ ਨੂੰ ਹੀ ਨਹੀਂ ਖਰੀਆ ਸੁਣਾਈਆਂ, ਸਗੋਂ ਸ਼ਰ੍ਹਾ ਤੇ ਫਤਵੇ ਦੇ ਮਾਲਕ, ਝੂਠੇ ਕਾਜ਼ੀ ਨੂੰ ਵੀ ਕੂੜ ਤੇ ਵਢੀ ਦੀ ਮੈਲ ਖਾਣ ਵਾਲਾ ਤਨ, ਕਹਿਣ ਦੀ ਦਲੇਰੀ ਕੀਤੀ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ ॥ (ਪੰਨਾ-662)

ਆਰਥਿਕ ਪਹਿਲੂ ਦਾ ਜੋ ਅੱਜ ਕਲ ਦਾ ਭਖਵਾਂ ਮਸਲਾ ਹੈ, ਇਸ ਦਾ ਸਪੱਸ਼ਟ ਹਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਸਪੱਸ਼ਟ ਤੌਰ ਤੇ ਮਿਲਦਾ ਹੈ। ਗੁਰਬਾਣੀ ਸਾਨੂੰ ਕਿਰਤ ਦੀ ਮਹਾਨਤਾ, ਉੱਦਮ, ਸੇਵਾ, ਸੰਤੋਖ ਅਤੇ ਵੰਡ ਕੇ ਛਕਣ ਦਾ ਮਾਰਗ ਇਉਂ ਦੱਸਦੀ ਹੈ:

ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ॥ (ਪੰਨਾ-141)
ਉਦਮੁ ਕਰੇਦਿਆ ਜੀਉ ਤੂੰ
ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ
ਨਾਨਕ ਉਤਰੀ ਚਿੰਤ॥ (ਪੰਨਾ-522)
ਸੇਵ ਕੀਤੀ ਸੰਤੋਖੀਏਂ
ਜਿਨ੍ਹੀ ਸਚੋ ਸਚੁ ਧਿਆਇਆ ॥
(ਪੰਨਾ-466)
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ॥
(ਪੰਨਾ-1245)

ਇਵੇਂ ਹੀ ਦੱਸਿਆ ਗਿਆ ਹੈ ਕਿ ਵਣਜ, ਵਪਾਰ, ਵਾਹੀ, ਖੇਤੀ ਤੇ ਚਾਕਰੀ ਆਦਿ ਕਿਰਤਾਂ ਨੂੰ ਕਿਵੇਂ ਸੱਚੇ ਤੇ ਸੁੱਚੇ ਢੰਗ ਨਾਲ ਜੀਵਨ ਵਿੱਚ ਕਰਨਾ ਤੇ ਨਿਭਾਉਣਾ ਹੈ।

ਉਪਰੋਕਤ ਅਨਿਕ ਵਿਚਾਰਾਂ ਨੂੰ ਸਤਿਗੁਰੂ ਜੀ ਨੇ ਸੰਗੀਤ ਦੇ ਜਾਮ ਵਿੱਚ ਪਾ ਕੇ ਪਿਲਾ ਲਿਆ ਹੈ। ਸਤਿਗੁਰੂ ਜੀ ਨੇ ਅਰਸ਼ੀ ਬਾਣੀ ਨੂੰ 31 ਰਾਗਾਂ ਵਿੱਚ ਚੁਣਿਆ ਤੇ ਕੁਝ ਮਿਸ਼ਰਤ ਰਾਗਾਂ ਵਿੱਚ ਵੀ ਬਾਣੀ ਦਰਜ ਕੀਤੀ। ਰਾਗ ਦੇ ਅਰਥ ਹਨ ਪਿਆਰ, ਲਗਾਓ। ਗੁਰਬਾਣੀ ਪ੍ਰੇਮ ਉਪਜਾਊ ਹੈ, ਪ੍ਰੇਮ ਰੂਪ ਹੈ ਅਤੇ ਪ੍ਰੇਮ ਹੀ ਪ੍ਰਮਾਤਮਾ ਦਾ ਦੂਜਾ ਨਾਮ ਤੇ ਸਰੂਪ ਹੈ। ਸੰਗੀਤ ਦਾ ਪ੍ਰਭਾਵ ਨਾ ਕੇਵਲ ਮਨੁੱਖ ਸਗੋਂ ਪਸ਼ੂ, ਪੰਛੀ ਸਭ ਕਬੂਲਦੇ ਹਨ। ਇਥੋਂ ਤੱਕ ਕਿ ਪੌਦਿਆਂ ਦੇ ਵਧਣ ਫੁੱਲਣ 'ਤੇ ਵੀ ਸੰਗੀਤ ਚੌਥਾ ਪ੍ਰਭਾਵ ਪਾਉਂਦਾ ਹੈ।

ਸੋ ਸਾਨੂੰ ਵੀ ਲੋੜ ਹੈ ਕਿ ਅਸੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਨਾਲ ਜੁੜੀਏ ਤੇ ਇਸ ਵਿੱਚ ਜੋ ਸਦੀਵੀਂ ਸਚਾਈਆਂ, ਸਿਧਾਂਤ ਤੇ ਗਿਆਨ ਨਾਲ ਭਰੇ ਭੰਡਾਰ ਹਨ ਉਨ੍ਹਾਂ ਨੂੰ ਹਰੇਕ ਮਨੁੱਖ ਤੱਕ ਪਹੁੰਚਾਈਏ। ਸੰਸਾਰ ਦੇ ਸਰਬਨਾਸ਼ ਤੋਂ ਬਚਾਅ ਦਾ ਉਪਾਅ ਤਾਂ ਕੇਵਲ ਗੁਰਬਾਣੀ ਦੀ ਰੋਸ਼ਨੀ ਵਿੱਚ ਘੜੇ ਸੱਚੇ ਸੁੱਚੇ ਆਚਾਰ ਵਿੱਚ ਹੈ। ਇਸ ਹਕੀਕਤ ਨੂੰ ਜਿੰਨੀ ਛੇਤੀ ਸਮਝਿਆ ਤੇ ਅਪਣਾਇਆ ਜਾਵੇ ਉਨ੍ਹਾਂ ਹੀ ਸੰਸਾਰ ਦੇ ਭਲੇ ਦੀ ਗੱਲ ਹੋਵੇਗੀ।

-0-

ਸਫਾ 10 ਦਾ ਬਾਕੀ

ਦਾ ਥੰਮ ਕਹਿ ਕੇ ਵਡਿਆਇਆ ਹੈ। ਚੌਵੀਵੀਂ ਵਾਰ ਦੀ ਪੰਦਰਵੀਂ ਪਉੜੀ ਵਿੱਚ ਆਪ ਲਿਖਦੇ ਹਨ:

ਦੀਨ ਦੁਨੀ ਦਾ ਥੰਮੁ ਹੁਇ ਭਾਰੁ ਅਥਰਬਣ ਥੰਮ੍ਹਿ ਖਲੋਤਾ॥
ਭਉਜਲੁ ਭਉ ਨ ਵਿਆਪਈ ਗੁਰ ਬੋਹਿਥ ਚੜਿ ਖਾਇ ਨ ਗੋਤਾ॥

ਭਾਈ ਨੰਦ ਲਾਲ ਸਿੰਘ ਜੀ ਗੰਜਨਾਮਾਂ ਵਿੱਚ ਬਿਆਨ ਕਰਦੇ ਹਨ ਕਿ ਜਿਸ ਗੁਰੂ ਨਾਨਕ ਨੇ ਆਪਣੀਆਂ ਨੂਰਾਨੀ ਕਿਰਨਾਂ ਨਾਲ ਜਗਤ ਨੂੰ ਰੋਸ਼ਨ ਕੀਤਾ, ਗੁਰੂ ਰਾਮਦਾਸ ਜੀ ਵੀ ਉਸੇ ਨੂਰ ਦਾ ਚੜ੍ਹਦਾ ਪਾਸਾ ਹਨ। ਉਹ ਪਾਤਸ਼ਾਹ ਵੀ ਹਨ ਤੇ ਫਕੀਰ ਵੀ।

ਸੋ ਦੀਨ ਦੁਨੀਆਂ ਦੇ ਇਸ ਥੰਮ ਨੇ ਮਨੁੱਖਤਾ ਨੂੰ ਸਮਝਾ ਦਿੱਤਾ ਕਿ ਮਾਇਆ ਵਿੱਚ ਰਹਿ ਕੇ ਪ੍ਰਮਾਤਮਾ ਨੂੰ ਭੁੱਲਣਾ ਨਹੀਂ ਅਤੇ ਉਸ ਨੂੰ ਜਪਣ ਲਈ ਸੰਸਾਰ ਦਾ ਤਿਆਗ ਨਹੀਂ ਕਰਨਾ। ਆਪਣਾ ਰੋਜ਼ਾਨਾ ਜੀਵਨ ਕਿਸ ਤਰ੍ਹਾਂ ਬਤੀਤ ਕਰਨਾ ਹੈ ਉਸ ਦੀ ਨਿਯਮਾਂਵਲੀ ਬਣਾ ਕੇ ਸਾਡੇ ਸਾਹਮਣੇ ਪੇਸ਼ ਕੀਤੀ। ਆਪ ਜੀ ਦਾ ਫੁਰਮਾਨ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ (305)

ਸਲੋਕ ਦੇ ਅਖੀਰ ਵਿੱਚ ਇਹ ਵੀ ਉਪਦੇਸ਼ ਦਿੱਤਾ ਹੈ ਕਿ ਜੋ ਗੁਰਸਿੱਖ ਗੁਰਮਤਿ ਦੇ ਰਾਹ ਤੇ ਚੱਲ ਕੇ ਹੋਰਨਾਂ ਨੂੰ ਵੀ ਇਸ ਰਸਤੇ ਤੇ ਚੱਲਣ ਲਈ ਪ੍ਰੇਰਦਾ ਹੈ, ਮੈਂ ਉਸ ਦੇ ਚਰਨਾਂ ਦੀ ਧੂੜ ਲੋਚਦਾ ਹਾਂ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥
(306)

ਸਾਕਾ ਸਾਰਾਗੜ੍ਹੀ- ਸਿੱਖਾਂ ਦੀ ਬਹਾਦਰੀ ਦੀ ਅਦੁੱਤੀ ਮਿਸਾਲ



ਕੈਪਟਨ ਅਵਤਾਰ ਸਿੰਘ
97819-90206

ਸਾਲ 1896 ਵਿਚ ਉੱਤਰ-ਪਛਮੀ ਸਰਹੱਦੀ ਸੂਬੇ ਦੇ ਪਠਾਣਾਂ ਨੇ ਅੰਗਰੇਜ਼ਾਂ ਦੀ ਵਿਸਤਾਰਵਾਦ ਵਾਲੀ ਨੀਤੀ ਵਿਰੁਧ ਵਿਦਰੋਹ ਕਰ ਦਿਤਾ ਅਤੇ ਬ੍ਰਿਟਿਸ਼ ਸੈਨਿਕਾਂ ਦੀ ਤਾਇਨਾਤੀ ਵਿਰੁਧ ਜੇਹਾਦ ਛੇੜ ਦਿਤਾ। ਬਰਤਾਨਵੀ ਹਾਕਮਾਂ ਨੇ ਵਿਦਰੋਹ ਨੂੰ ਕੁਚਲਣ ਖ਼ਾਤਰ ਜੰਗੀ ਰਣਨੀਤੀ ਤੈਅ ਕੀਤੀ ਜਿਸ ਨੂੰ ਤਿਰਾਹ ਮੁਹਿੰਮ ਦਾ ਨਾਂ ਦਿਤਾ ਗਿਆ। ਇਸ ਵੰਗਾਰ ਦੇ ਮੁਕਾਬਲੇ ਲਈ 31 ਦਸੰਬਰ 1896 ਨੂੰ 36 ਸਿੱਖ (ਹੁਣ 4 ਸਿੱਖ) ਪਲਟਨ ਨੂੰ ਸਮਾਣਾ ਰਿੱਜ ਉਤੇ ਤਾਇਨਾਤ ਕਰਨ ਉਪਰੰਤ ਇਸ ਨੂੰ ਦੋ ਹਿੱਸਿਆਂ 'ਚ ਵੰਡ ਦਿਤਾ ਗਿਆ। ਬਟਾਲੀਅਨ ਹੈੱਡਕੁਆਰਟਰ ਅਤੇ ਸੱਜੇ ਵਿੰਗ ਦੀ ਅਗਵਾਈ ਲੈਫ਼. ਕਰਨਲ ਜੋਨ ਹਾਟਨ, ਕਮਾਂਡਿੰਗ ਅਫ਼ਸਰ ਨੇ ਕੀਤੀ ਅਤੇ 2 ਜਨਵਰੀ, 1897 ਨੂੰ ਲਾਕਹਾਰਟ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਅਤੇ ਫ਼ੌਜੀ ਟੁਕੜੀਆਂ ਨੂੰ ਧਾਰ, ਸੰਗਾਰ, ਸਰਤੋਪ, ਕਰਾਰਾ ਤੇ ਸਾਰਾਗੜ੍ਹੀ ਪੋਸਟ ਤਕ ਪਾਲਬੰਦੀ ਕਰ ਕੇ ਗੁਲਸਤਾਨ ਕਿਲ੍ਹੇ ਤਕ ਫੈਲਾ ਦਿਤਾ।

ਖੱਬਾ ਵਿੰਗ, ਜੋ ਕੈਪਟਨ ਡਬਲਿਯੂ. ਡੀ. ਗੋਰਡਨ ਦੇ ਅਧੀਨ ਸੀ, 8 ਜਨਵਰੀ, 1897 ਨੂੰ ਪਰਚਿਨਾਰ ਉਤੇ ਕਬਜ਼ਾ ਕਰ ਕੇ ਅਪਣੀਆਂ ਟੁਕੜੀਆਂ ਨੂੰ ਥਾਲ ਤੇ ਸਾਧਾ ਪੋਸਟਾਂ ਉਤੇ ਭੇਜਿਆ ਗਿਆ। ਲੜਾਈ ਛਿੜਨ ਦੀ ਸੂਰਤ ਵਿਚ ਇਨ੍ਹਾਂ ਲਈ ਪੱਕਾ ਗੈਰੀਜ਼ਨ ਕੋਹਾਟ ਵਿਖੇ ਸੀ, ਜਿਥੇ ਰੀਇਨਫ਼ੋਰਸਮੈਂਟ ਦੀ ਬੰਦੋਬਸਤ ਸੀ ਪਰ ਇਹ ਥਾਂ ਇਨ੍ਹਾਂ ਪੋਸਟਾਂ ਤੋਂ ਪੰਜਾਹ ਮੀਲ ਦੀ ਦੂਰੀ ਤੇ ਸੀ ਜਿਥੇ ਪਹੁੰਚਣ ਲਈ ਲਾਂਘਾ ਦੁਸ਼ਮਣ ਦੇ ਇਲਾਕੇ ਵਿਚੋਂ ਸੀ।

7 ਅਗਸਤ ਅਤੇ 8 ਸਤੰਬਰ, 1897 ਦੇ ਦਰਮਿਆਨ ਉਰਕਜ਼ਾਈ ਸੰਪਰਦਾ ਦੇ ਲੜਾਕੂਆਂ ਦੀ ਭਾਰੀ ਗਿਣਤੀ ਖੱਬੇ ਵਿੰਗ ਉਤੇ ਧਾਵੇ ਬੋਲ ਕੇ ਚਲੀ ਗਈ ਪਰ 10 ਸਤੰਬਰ ਤਕ ਰਖਿਆ ਸੈਨਿਕਾਂ ਵਲੋਂ ਪਲਟਵਾਰ ਕਰਦੇ ਹੋਏ ਇਨ੍ਹਾਂ ਧਾੜਵੀਆਂ ਨੂੰ ਖ਼ਾਕੀ ਘਾਟੀ ਵਿਚ ਜਾਣ ਵਾਸਤੇ ਮਜਬੂਰ ਕਰ ਦਿਤਾ। ਫਿਰ ਅਫ਼ਰੀਦੀ ਲਸ਼ਕਰ, ਜਿਸ ਨਾਲ ਉਰਕਜ਼ਾਈ ਵੀ ਸਨ, ਨੇ ਸਮਾਣਾ ਚੌਕੀ ਉਤੇ ਜ਼ਬਰਦਸਤ ਹਮਲਾ ਕਰ ਦਿਤਾ ਪਰ ਰਖਿਆ ਸੈਨਿਕਾਂ ਨੇ ਇਨ੍ਹਾਂ ਦੇ ਹਰ ਹਮਲੇ ਨੂੰ ਪਛਾੜਦੇ ਹੋਏ ਦੁਸ਼ਮਣ ਨੂੰ ਕਾਫ਼ੀ ਜਾਨੀ ਨੁਕਸਾਨ ਪਹੁੰਚਾਇਆ।

ਸਾਰਾਗੜ੍ਹੀ ਚੌਕੀ ਦੀ ਰਣਨੀਤਕ ਮਹੱਤਤਾ ਅਤੇ ਛੋਟੇ ਆਕਾਰ ਨੂੰ ਸਮਝਦੇ ਹੋਏ ਮਿਤੀ 12 ਸਤੰਬਰ, 1897 ਨੂੰ ਤਕਰੀਬਨ 8000 ਅਫ਼ਰੀਦੀ ਅਤੇ ਉਰਕਜ਼ਾਈ ਲੜਾਕੂਆਂ ਨੇ ਹਮਲਾ ਕਰ ਕੇ ਚੌਕੀ ਨੂੰ ਚਾਰ ਚੁਫੇਰੇ ਤੋਂ ਘੇਰ ਲਿਆ। ਇਸ ਤਰ੍ਹਾਂ ਸਾਰਾਗੜ੍ਹੀ ਦੇ ਯੋਧਿਆਂ ਦਾ ਮੁੱਖ ਰਖਿਆ ਦਸਤਿਆਂ ਤੇ ਬਟਾਲੀਅਨ ਹੈੱਡਕੁਆਰਟਰ ਨਾਲ ਸੰਪਰਕ ਪੂਰਨ ਤੌਰ ਤੇ ਟੁੱਟ ਗਿਆ। ਸਿੱਟੇ ਵਜੋਂ ਦੁਸ਼ਮਣ ਦੇ ਘੇਰੇ 'ਚ ਆਈ ਪੋਸਟ ਤਕ ਕੋਈ ਗੋਲੀ-ਸਿੱਕਾ ਰਾਸ਼ਨ-ਪਾਣੀ ਅਤੇ ਰੀਇਨਫ਼ੋਰਸਮੈਂਟ ਨਾ ਪਹੁੰਚ ਸਕੀ। ਬੁਲੰਦ ਹੌਸਲੇ ਵਾਲੇ ਜੋਸ਼ੀਲੇ, ਮੌਤ ਨੂੰ ਮਖ਼ੌਲਾਂ ਕਰਨ ਵਾਲੇ ਫ਼ੌਜੀ ਸੂਰਬੀਰਾਂ ਪਾਸ ਬਟਾਲੀਅਨ ਹੈੱਡਕੁਆਰਟਰ ਨਾਲ ਪਹਾੜੀ ਇਲਾਕੇ ਵਿਚ ਸੂਚਨਾ ਪਹੁੰਚਾਉਣ ਦਾ ਉਸ ਸਮੇਂ ਪ੍ਰਚਲਤ ਸਾਧਨ ਸਿਰਫ਼ ਹੀਲੀਓਗ੍ਰਾਫ਼ (ਸ਼ੀਸ਼ਾ) ਹੁੰਦਾ ਸੀ।

ਸਾਰਾਗੜ੍ਹੀ ਦੀ ਗੌਰਵਮਈ ਅਤੇ ਮਹੱਤਵਪੂਰਨ ਲੜਾਈ ਨੇ ਭਿਆਨਕ ਰੁਖ਼ ਉਸ ਸਮੇਂ ਅਪਣਾ ਲਿਆ ਜਦੋਂ ਦੁਸ਼ਮਣ ਦੇ ਵੱਡੇ ਲਸ਼ਕਰ ਨੇ 12 ਸਤੰਬਰ ਨੂੰ ਸਵੇਰੇ 9:30 ਵਜੇ ਸਾਰਾਗੜ੍ਹੀ ਦੀ ਹਿਫ਼ਾਜ਼ਤ ਟੁਕੜੀ ਦੇ ਸਹਾਇਕ ਸਮੇਤ 22 ਸਿੱਖ ਸੈਨਿਕਾਂ ਉਤੇ ਪਹਿਲਾ ਹਮਲਾ ਕੀਤਾ। ਰਖਿਅਕਾਂ ਨੇ ਦੁਸ਼ਮਣ ਦੇ ਹਮਲਿਆਂ ਨੂੰ ਨਾ ਸਿਰਫ਼ ਵਾਰ ਵਾਰ ਪਛਾੜਿਆ ਸਗੋਂ ਹਜ਼ਾਰਾਂ ਦੀ ਗਿਣਤੀ 'ਚ ਦੁਸ਼ਮਣ ਨੂੰ ਮੌਤ ਦੇ ਘਾਟ ਉਤਾਰਦੇ ਚਲੇ ਗਏ। ਸਿੱਖਾਂ ਦੇ ਸਿਦਕ, ਦ੍ਰਿੜਤਾ ਤੇ ਅਪਣੇ ਫ਼ਰਜ਼ ਦੀ ਪਾਲਣਾ ਕਰਨ ਵਾਲੀ ਭਾਵਨਾ ਨੂੰ ਕੁਚਲਣ ਖ਼ਾਤਰ ਸਾਰਾਗੜ੍ਹੀ ਚੌਕੀ ਦੇ ਚਾਰ-ਚੁਫੇਰੇ ਝਾੜੀਆਂ ਨੂੰ ਅੱਗ ਲਾ ਕੇ ਧੂੰਆਂਧਾਰ ਕਰ ਦਿਤਾ ਜਿਸ ਦਾ ਫ਼ਾਇਦਾ ਉਠਾ ਕੇ ਧਾੜਵੀ ਪੋਸਟ ਅੰਦਰ ਘੁਸਪੈਠ ਕਰਨ ਵਿਚ ਕਾਮਯਾਬ ਹੋ ਗਏ।

ਸ਼ਾਨਾਂਮੱਤੇ ਇਤਿਹਾਸ ਦੀ ਲਖਾਇਕ ਸਿੱਖ ਰੈਜੀਮੈਂਟ ਦੇ ਸਾਰਾਗੜ੍ਹੀ ਸੂਰਮੇ ਹਵਲਦਾਰ ਈਸ਼ਰ ਸਿੰਘ ਦੀ ਅਗਵਾਈ ਹੇਠ 'ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ' ਦਾ ਜਾਪ ਕਰਦੇ ਹੋਏ ਗੋਲਾ ਬਾਰੂਦ ਦੀ



ਘਾਟ ਦੇ ਬਾਵਜੂਦ ਇਕ ਇਕ ਕਰ ਕੇ ਸੈਂਕੜਿਆਂ ਦੀ ਗਿਣਤੀ 'ਚ ਦੁਸ਼ਮਣ ਨੂੰ ਮੌਤ ਦੇ ਮੂੰਹ ਵਿਚ ਝੋਂਕਦੇ ਚਲੇ ਗਏ ਪਰ ਪੋਸਟ ਨਹੀਂ ਛੱਡੀ। ਇਥੋਂ ਤਕ ਕਿ 21 ਸਿੱਖ ਸਿਪਾਹੀਆਂ ਦੇ ਨਾਲ ਸੇਵਾਦਾਰ ਦਾਦ ਨੇ ਵੀ ਸ਼ਹੀਦ ਹੋਏ ਸਾਥੀ ਦੀ ਰਾਈਫ਼ਲ ਚੁੱਕੀ ਤੇ 5 ਪਠਾਣਾਂ ਨੂੰ ਬੰਦੂਕ ਦੀ ਸੰਗੀਨ ਨਾਲ ਮਾਰ ਮੁਕਾਇਆ। ਇਸ ਤਰ੍ਹਾਂ ਸਾਰੇ ਦੇ ਸਾਰੇ 22 ਯੋਧੇ ਆਖ਼ਰੀ ਗੋਲੀ ਤੇ ਆਖ਼ਰੀ ਸਾਹ ਤਕ ਲੜਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ।

ਜਦੋਂ ਲੰਦਨ ਦੀ ਮਲਿਕਾ ਨੂੰ ਇਹ ਖ਼ਬਰ ਮਿਲੀ ਕਿ 21 ਸਿੱਖ ਯੋਧਿਆਂ ਨੇ ਬੇਮਿਸਾਲ ਦਲੇਰੀ ਨਾਲ ਸਾਰਾ ਦਿਨ ਹਜ਼ਾਰਾਂ ਹਮਲਾਵਰਾਂ ਨਾਲ ਜੂਝਦਿਆਂ ਇਕ ਇਕ ਕਰ ਕੇ 'ਸਵਾ ਲਾਖ ਸੇ ਏਕ ਲੜਾਊਂ' ਦੀਆਂ ਨਿਰੋਲ ਖ਼ਾਲਸਾਈ ਪਰੰਪਰਾਵਾਂ ਦਾ ਮੁਜ਼ਾਹਰਾ ਕਰਦੇ ਹੋਏ ਅਪਣਾ ਫ਼ਰਜ਼ ਨਿਭਾਇਆ ਅਤੇ ਕੀਮਤੀ ਜਾਨਾਂ ਕੁਰਬਾਨ ਕਰ ਗਏ ਤਾਂ ਉਸ ਨੇ ਸਾਰੇ 21 ਸਿੱਖ ਸੂਰਮਿਆਂ ਨੂੰ ਇੰਡੀਆ ਆਰਡਰ ਆਫ਼ ਮੈਰਿਟ, ਜੋ ਕਿ ਅਜਕਲ ਪਰਮਵੀਰ ਚੱਕਰ ਵਜੋਂ ਜਾਣਿਆ ਜਾਂਦਾ ਹੈ, ਨਾਲ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਪ੍ਰਵਾਰਾਂ ਨੂੰ ਦੋ-ਦੋ ਮੁਰੱਬੇ ਜ਼ਮੀਨ ਅਤੇ 500 ਰੁਪਏ ਨਕਦੀ ਨਾਲ ਸਤਿਕਾਰਿਆ। ਬ੍ਰਿਟਿਸ਼ ਪਾਰਲੀਮੈਂਟ ਨੇ ਵੀ ਇਕਜੁਟ ਹੋ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ

ਪਹਿਲਾਂ ਅਤੇ ਬਾਅਦ ਵਿਚ ਕਦੇ ਵੀ ਏਨੀ ਵੱਡੀ ਗਿਣਤੀ ਵਿਚ ਮਰਨ ਉਪਰੰਤ ਕਿਸੇ ਇਕ ਯੂਨਿਟ ਦੀ ਟੁਕੜੀ ਨੂੰ ਇਕੋ ਸਮੇਂ ਸਰਬਉੱਤਮ ਬਹਾਦਰੀ ਪੁਰਸਕਾਰਾਂ ਨਾਲ ਨਹੀਂ ਨਿਵਾਜਿਆ ਗਿਆ।

ਸਮੀਖਿਆ ਅਤੇ ਸੁਝਾਅ: ਯੂ.ਐਨ.ਓ. ਦੀ ਵਿਦਿਆ ਅਤੇ ਕਲਚਰ ਬਾਰੇ ਸਥਾਪਤ ਸੰਸਥਾ 'ਯੂਨੈਸਕੋ' ਨੇ ਵਿਸ਼ਵ ਭਰ 'ਚੋਂ 6 ਐਸੀਆਂ ਜੰਗਾਂ ਦੀ ਚੋਣ ਕੀਤੀ ਹੈ ਜਿਨ੍ਹਾਂ ਵਿਚ ਸੱਭ ਤੋਂ ਵੱਧ ਸਮੂਹਕ ਸੂਰਬੀਰਤਾ, ਦ੍ਰਿੜ੍ਹਤਾ ਅਤੇ ਦਲੇਰੀ ਵਿਖਾਈ ਗਈ ਹੋਵੇ। ਉਨ੍ਹਾਂ ਵਿਚੋਂ ਸਾਰਾਗੜ੍ਹੀ ਦੀ ਲੜਾਈ ਅਜਿਹੀਆਂ ਲੜਾਈਆਂ ਵਿਚੋਂ ਇਕ ਹੈ। ਇਕ ਵਿਦੇਸ਼ੀ ਰਸਾਲੇ ਨੇ ਸਾਰਾਗੜ੍ਹੀ ਨੂੰ ਸੰਸਾਰ ਦੀਆਂ ਥਮੋਪਲਾਏ ਦੀ ਲੜਾਈ, ਜੋ 480 ਬੀ.ਸੀ. ਵਿਚ ਲੜੀ ਗਈ ਸੀ, ਉਸ ਵਾਂਗ 5 ਲੜਾਈਆਂ ਵਿਚ ਸਾਰਾਗੜ੍ਹੀ ਦੀ ਗਿਣਤੀ ਕੀਤੀ ਹੈ। ਇਸ ਮਹੱਤਵਪੂਰਨ ਗੌਰਵਮਈ ਲੜਾਈ ਦਾ ਇਤਿਹਾਸ ਯੂਨੈਸਕੋ ਵਲੋਂ ਸਮੂਹਕ ਤੌਰ ਤੇ ਛਪਣ ਵਾਲੀਆਂ ਇਤਿਹਾਸਕ ਕਹਾਣੀਆਂ ਵਿਚ ਵੀ ਦਰਜ ਹੈ ਅਤੇ ਫ਼ਰਾਂਸ ਵਿਚ ਸਕੂਲੀ ਬੱਚਿਆਂ ਦੇ ਸਿਲੇਬਸ ਦਾ ਹਿੱਸਾ ਵੀ ਰਿਹਾ ਹੈ।

ਸਾਰਾਗੜ੍ਹੀ ਲੜਾਈ 'ਚ 21 ਜਾਂ 22 ਹਿੰਮਤੀ ਯੋਧਿਆਂ ਨੇ ਉੱਚ ਕੋਟੀ ਦਾ ਪ੍ਰਦਰਸ਼ਨ ਕੀਤਾ? ਇਸ ਬਾਰੇ ਕੁੱਝ ਲਿਖਾਰੀਆਂ/ਇਤਿਹਾਸਕਾਰਾਂ ਅੰਦਰ ਕੁੱਝ ਭਰਮ ਭੁਲੇਖੇ ਪੈਦਾ ਹੋ ਚੁੱਕੇ ਹਨ ਅਤੇ ਉਹ 22ਵੇਂ ਸ਼ਹੀਦ ਨੂੰ ਤਰਜੀਹ ਨਹੀਂ ਦੇਂਦੇ। ਮਿਲਟਰੀ ਇਤਿਹਾਸ ਦੇ ਮਾਹਰ ਅਤੇ ਪ੍ਰਸਿੱਧ ਕਾਲਮਨਵੀਸ ਕੈਪਟਨ ਅਮਰਿੰਦਰ ਸਿੰਘ ਨੇ ਡੂੰਘੀ ਖੋਜ ਉਪਰੰਤ 'ਤ੍ਰਿਗ ਸੰਘਰਸ਼' ਸਾਰਾਗੜ੍ਹੀ ਬਾਰੇ ਜੋ ਕਿਤਾਬ ਲਿਖੀ ਅਤੇ ਹਾਲ ਵਿਚ ਹੀ ਲੋਕ ਅਰਪਣ ਕੀਤੀ ਉਸ ਵਿਚ ਇਸ ਬਾਰੇ ਸਾਰੀਆਂ ਗ਼ਲਤਫ਼ਹਿਮੀਆਂ ਦੂਰ ਕਰ ਦਿਤੀਆਂ ਹਨ।

ਸਾਰਾਗੜ੍ਹੀ ਦੀ ਮਹਾਨ ਲੜਾਈ ਦੀ ਦਾਸਤਾਨ ਦੁਨੀਆ ਦੇ ਕਈ ਦੇਸ਼ਾਂ ਦੇ ਸਰਕਾਰੀ ਰਿਕਾਰਡ ਵਿਚ ਦਰਜ ਹੈ ਅਤੇ ਸਕੂਲੀ ਸਿਲੇਬਸਾਂ ਵਿਚ ਵੀ ਪੜ੍ਹਾਈ ਜਾਂਦੀ ਹੈ। ਦੂਜੇ ਪਾਸੇ ਭਾਰਤ ਦੇ ਰਿਕਾਰਡ ਵਿਚ ਤਾਂ ਹੈ ਪਰ ਸਕੂਲੀ ਸਿਲੇਬਸ ਵਿਚ ਸਿਰਫ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸੈਸ਼ਨ 2000-2001 ਤੋਂ ਸ਼ਾਮਿਲ ਕੀਤੀ ਗਈ ਹੈ। ਇਸ ਲਈ ਪੰਜਾਬ ਵਿਧਾਨ ਸਭਾ ਅਤੇ ਲੋਕ ਸਭਾ ਦੇ ਮੈਂਬਰਾਂ ਤੋਂ ਇਲਾਵਾ ਫੌਜੀ ਅਫਸਰ ਵੀ ਪੂਰੇ ਭਾਰਤ ਦੇ ਸਕੂਲੀ ਸਿਲੇਬਸ ਵਿਚ ਸਾਰਾਗੜ੍ਹੀ ਦੀ ਲੜਾਈ ਨੂੰ ਸ਼ਾਮਿਲ ਕਰਨ ਦੀ ਮੰਗ ਕਰ ਚੁੱਕੇ ਹਨ ਪਰ ਅਜੇ ਭਾਰਤ ਦੇ ਸਕੂਲਾਂ ਵਿਚ ਸ਼ਾਮਿਲ ਨਹੀਂ ਕੀਤੀ ਗਈ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਲਾਸ 9ਵੀਂ ਅਤੇ 10ਵੀਂ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿਚ ਇਹ ਪਾਠਕ੍ਰਮ ਵਜੋਂ ਸ਼ਾਮਿਲ ਹੈ। ਪੰਜਵੀਂ ਕਲਾਸ ਵਿਚ ਇਕ ਕਵਿਤਾ ਦੇ ਤੌਰ 'ਤੇ ਵੀ ਸ਼ਾਮਿਲ ਹੈ।

ਹੁਣ ਪੰਜਾਬ ਵਿਚ ਇਨ੍ਹਾਂ ਯੋਧਿਆਂ ਦੇ ਸਨਮਾਨ ਵਿਚ ਬਹੁਤ ਥਾਵਾਂ 'ਤੇ ਯਾਦਗਾਰੀ ਇਮਾਰਤਾਂ ਬਣਵਾਈਆਂ ਗਈਆਂ ਹਨ ਅਤੇ ਹਰ ਸਾਲ ਉਥੇ ਸ਼ਹੀਦਾਂ ਨੂੰ (ਰਿਟਾਇਰਡ ਸੈਨਿਕ ਅਤੇ ਨੌਕਰੀ ਕਰਦੇ ਹੋਏ ਸੈਨਿਕਾਂ ਵਲੋਂ) ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਸ੍ਰੀ ਅਖੰਡ ਪਾਠ ਕਰਵਾਏ ਜਾਂਦੇ ਹਨ ਅਤੇ ਕਵੀਸ਼ਰਾਂ, ਢਾਡੀਆਂ ਵਲੋਂ ਯੋਧਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

ਸਾਰਾਗੜ੍ਹੀ ਦੀ ਜੰਗ ਦੇ ਅਜਿਹੇ ਹੀ ਯੋਧਿਆਂ ਵਿਚੋਂ ਇਕ ਸਨ ਨਾਇਕ ਲਾਲ ਸਿੰਘ। ਇਹ ਹਵਲਦਾਰ ਈਸ਼ਰ ਸਿੰਘ ਦੇ ਦੂਜੇ ਨੰਬਰ ਤੇ ਕਮਾਂਡਰ ਸਨ, ਜਿਨ੍ਹਾਂ ਦੀ ਉਨ੍ਹਾਂ ਦੇ ਜੱਦੀ ਪਿੰਡ ਧੂੰਨ ਢਾਏ ਵਾਲਾ (ਜ਼ਿਲ੍ਹਾ ਤਰਨਤਾਰਨ) ਵਿਖੇ ਯਾਦਗਾਰ ਬਣਾਈ ਗਈ ਹੈ। ਜਿਥੇ ਹਰ ਸਾਲ 15 ਸਤੰਬਰ ਨੂੰ ਜੋੜ ਮੇਲਾ ਲਗਾਇਆ ਜਾਂਦਾ ਹੈ, ਜਿਸ ਵਿਚ ਇਲਾਕੇ ਦੇ ਪੈਨਸ਼ਨਰ ਅਤੇ 4 ਸਿੱਖ ਬਟਾਲੀਅਨ (ਪੁਰਾਣੀ 36 ਸਿੱਖ) ਦੇ ਸੈਨਿਕ ਆ ਕੇ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਤੇ ਸਲਾਮੀ ਦਿੰਦੇ ਹਨ। ਹਰ ਤੀਜੇ ਸਾਲ ਬ੍ਰਿਟਿਸ਼ ਆਰਮੀ ਦੇ ਅਫਸਰ ਵੀ ਸ਼ਰਧਾਂਜਲੀ ਦੇਣ ਵਾਸਤੇ ਆਉਂਦੇ ਹਨ। ਨਾਲ ਹੀ ਇਲਾਕੇ ਦੀਆਂ ਸੰਗਤਾਂ ਵੀ ਵੱਡੀ ਗਿਣਤੀ ਵਿਚ ਹਾਜ਼ਰੀ ਭਰਦੀਆਂ ਹਨ।

-0-



ਪਿੰਡ ਧੂੰਨ ਢਾਏ ਵਾਲਾ (ਤਰਨਤਾਰਨ) ਵਿਖੇ ਸਾਕਾ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿਚ ਬਣੀ ਸ਼ਹੀਦੀ ਯਾਦਗਾਰ।

ਸ਼ਬਦ ਵਿਚਾਰ **ਸਫਾ ੪ ਦਾ ਬਾਕੀ**

"ਕਹੁ ਨਾਨਕ ਤਿਹ ਭਜੁ ਮਨਾ" ਭਜਨ ਦਾ ਭਾਵ ਅਰਥ ਹੀ ਨਿਯਮ ਵਿੱਚ ਰਹਿ ਕੇ ਚੱਲਣਾ। ਹੁਣ ਸਰੀਰ ਦੁਆਰਾ ਅਸੀਂ ਕਾਰ ਚਲਾਉਣ ਦੀ ਜਾਚ ਸਿੱਖੀ ਹੈ। ਦਿਮਾਗ ਵਿੱਚ ਡਰਾਇਵਰੀ ਦੇ ਸਾਰੇ ਨੁਕਤੇ ਇਕੱਠੇ ਕਰ ਲਏ ਹਨ, ਤਾਂ ਹੁਣ ਉਨ੍ਹਾਂ ਨੁਕਤਿਆਂ ਦੀ ਵਰਤੋਂ ਕਰ ਕੇ ਮਿਥੀ ਮੰਜ਼ਿਲ 'ਤੇ ਪਹੁੰਚ ਸਕਦੇ ਹਾਂ। ਹਰਿ ਦਾ ਭਜਨ ਕਰਨਾ ਦਾ ਅਰਥ, ਸ੍ਰਿਸ਼ੇਟ ਵਿਹਾਰ ਕਰਨ ਤੋਂ ਹੈ।

ਉਸਤਤਿ ਮਨ ਮਹਿ ਕਰਿ ਨਿਰੰਕਾਰ॥

ਕਰਿ ਮਨ ਮੇਰੇ ਸਤਿ ਬਿਉਹਾਰ॥ (੨੮੧)

"ਭਉਨਿਧਿ ਉਤਰਹਿ ਪਾਰਿ" ਸਮੇਂ ਦੀ ਪਾਬੰਦੀ, ਆਗਿਆਕਾਰੀ ਹੋਣਾ, ਹੁਕਮ ਸਮਝਣਾ ਤੇ ਮੰਨਣਾ, ਅਗਲੇ ਦੀ ਗੱਲ ਨੂੰ ਧਿਆਨ ਨਾਲ ਸੁਣਨਾ, ਉਸਾਰੂ ਬਿਰਤੀ ਰੱਖਣੀ ਆਦਿ ਦੇਵੀ ਗੁਣਾਂ ਨਾਲ ਸੰਸਾਰ ਰੂਪੀ ਸਮੁੰਦਰ ਵਿਚੋਂ ਪਾਰ ਹੋ ਸਕਦੇ ਹਾਂ। ਸਹੀ ਡਰਾਇਵਰੀ ਆਉਂਦੀ ਹੈ, ਤਾਂ ਬਿਨਾ ਕਿਸੇ ਦੁਰਘਟਨਾ ਦੇ ਆਪਣੀ ਮੰਜ਼ਿਲ 'ਤੇ ਪਹੁੰਚ ਸਕਦਾ ਹੈ।-੧੨

1. ਰੱਬੀ ਨਿਯਮਾਵਲੀ ਜ਼ਰੇ ਜ਼ਰੇ ਵਿੱਚ ਵਿਆਪਕ ਹੋ ਕੇ ਬੱਝਵੇਂ ਨਿਯਮ ਚੱਲ ਰਹੀ ਹੈ।

2. ਇਸ ਦੀ ਸਮਝ ਗੁਰ-ਗਿਆਨ ਵਿਚੋਂ ਆਉਂਦੀ ਹੈ। ਉਂਝ ਦੁਨਿਆਵੀ ਤੌਰ 'ਤੇ ਗਿਆਨ ਦੁਆਰਾ ਹੀ ਕੁਦਰਤ ਵਿਚੋਂ ਬਰੀਕ ਤੋਂ ਬਰੀਕ ਖੋਜਾਂ ਕਰਕੇ ਮਨੁੱਖੀ ਜੀਵਨ ਲਈ ਸੁੱਖ ਸਹੂਲਤਾਂ ਪੈਦਾ ਹੋ ਰਹੀਆਂ ਹਨ।

3. ਮਨ ਕੁਦਰਤੀ ਗੁਣਾਂ ਨੂੰ ਸਮਝ ਕੇ ਚੱਲਣ ਦਾ ਯਤਨ ਕਰੇ, ਤਾਂ ਬਿਮਾਰੀਆਂ, ਸਮੱਸਿਆਵਾਂ, ਮੁਸ਼ਕਲਾਂ ਤੋਂ ਬਚਿਆ ਜਾ ਸਕਦਾ ਹੈ।

4. ਜ਼ਿੰਦਗੀ ਦਾ ਚੰਗਾ ਵਿਹਾਰਕ ਪੱਖ ਸੁਚੱਜੀ ਜ਼ਿੰਦਗੀ ਜਿਊਣ ਲਈ ਰਾਹ ਪੱਧਰਾ ਕਰਦਾ ਹੈ।

ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥

ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥ (੪੨੬) -0-

ਕੇਸ ਅਤੇ ਵਿਅਕਤੀਤਵ

–ਡਾ. ਦਰਸ਼ਨਜੋਤ ਕੌਰ

ਕੇਸ ਫੈਸ਼ਨ ਦੀ ਵਸਤੂ ਨਹੀਂ ਹਨ, ਸਗੋਂ ਵਿਅਕਤੀਤਵ ਦਾ ਅੰਗ ਹਨ। ਕੇਸ ਅਧਿਆਤਮਕਤਾ ਦਾ ਸੋਮਾ ਹਨ। ਭਾਰਤੀ ਮੁੱਢਲੇ ਤੌਰ ਤੇ ਅਧਿਆਤਮਕ ਵਿਅਕਤੀ ਹਨ। ਉਹ ਅਧਿਆਤਮਿਕਤਾ ਦੇ ਸੋਮੇ ਵਾਲਾਂ ਦਾ ਬਹੁਤ ਧਿਆਨ ਰੱਖਦੇ ਹਨ। ਭਾਰਤੀਆਂ ਦੇ ਵਾਲ ਸੰਸਾਰ ਵਿਚ ਸਭ ਤੋਂ ਵਧੀਆ ਹਨ। ਕਿਹਾ ਜਾਂਦਾ ਹੈ ਕਿ ਜਿੰਨੇ ਵਾਲ ਘਣੇ ਹੁੰਦੇ ਹਨ, ਉਨੀ ਹੀ ਵਿਅਕਤੀ ਦੇ ਵਿੱਚ ਅਧਿਆਤਮਕਤਾ ਅਤੇ ਗੈਬੀ ਸ਼ਕਤੀ ਜਿਆਦਾ ਹੁੰਦੀ ਹੈ। ਕੇਸਾਂ ਨੂੰ ਜਵਾਨੀ ਦਾ ਸੋਮਾ ਜਾਂ ਫੁਹਾਰਾ ਵੀ ਕਿਹਾ ਗਿਆ ਹੈ। ਰਹਿੰਦੀ ਦੁਨੀਆਂ ਤੱਕ ਵਾਲ ਮਨੁੱਖ ਦੀ ਸ਼ਖਸ਼ੀਅਤ ਅਤੇ ਵਿਅਕਤੀਤਵ ਨੂੰ ਪ੍ਰਭਾਵਿਤ ਕਰਦੇ ਹੀ ਰਹਿਣਗੇ।

ਵਾਲਾਂ (ਕੇਸਾਂ) ਦੀ ਸੰਭਾਲ ਕਰਨ ਦੇ ਤਰੀਕੇ ਤੋਂ ਚਰਿੱਤਰ ਦੇ ਕਈ ਪੱਖ ਉਜਾਗਰ ਹੋ ਜਾਂਦੇ ਹਨ। ਇਹ ਮਨੁੱਖ ਦੇ ਵਿਅਕਤੀਤਵ ਨੂੰ ਦੂਜਿਆਂ ਸਾਹਮਣੇ ਪ੍ਰਤੱਖ ਕਰਦੇ ਹਨ। ਰਾਜਨੀਤਕ ਨੇਤਾ, ਜੱਜ ਅਤੇ ਉਚੇ ਅਹੁਦਿਆਂ ਉਤੇ ਬੈਠਣ ਵਾਲੇ ਵਿਅਕਤੀਆਂ ਦੇ ਵਾਲ (ਕੇਸ) ਸੰਭਾਲਣ ਦੇ ਤਰੀਕੇ ਅਹੁਦੇ ਮੁਤਾਬਿਕ ਨਿਰਧਾਰਤ ਹਨ। ਵਾਲ ਸੰਭਾਲਣ ਦਾ ਸੁਚੱਜਾ ਤਰੀਕਾ ਸਿਆਣਪ ਅਤੇ ਸੁਚੱਜੇਪਣ ਦਾ ਸੰਕੇਤ ਹੈ। ਵਾਲਾਂ (ਕੇਸਾਂ) ਦੀ ਉਚਿਤ ਅਤੇ ਸੋਹਣੀ ਸੰਭਾਲ ਇਹ ਦੱਸਦੀ ਹੈ ਕਿ ਵਿਅਕਤੀ ਵਿੱਚ ਆਤਮ ਭਰੋਸਾ ਹੈ ਅਤੇ ਉਸਨੂੰ ਆਪਣੀਆਂ ਕਦਰਾਂ ਕੀਮਤਾਂ ਉਤੇ ਫਖਰ ਹੈ। ਸਾਰੇ ਧਰਮਾਂ ਅਤੇ ਸਭਿਆਤਾਵਾਂ ਵਿੱਚ ਕੇਸਾਂ ਦਾ ਖਾਸ ਸਥਾਨ ਹੈ। Dr. Anton truer ਅਮਰੀਕਾ ਦੇ ਇੱਕ ਮਸ਼ਹੂਰ ਵਿਦਵਾਨ ਹੋਏ ਹਨ। ਵਾਲਾਂ ਦੀ ਮਹੱਤਤਾ ਵਰਨਣ ਕਰਦੇ ਹੋਏ ਉਹ ਆਪਣੀ ਕਿਤਾਬ Indian country today ਦੇ ਵਿੱਚ ਲਿਖਦੇ ਹਨ– ‘‘ਵਾਲਾਂ ਨੂੰ ਏਸ਼ੀਆ ਅਤੇ ਖਾਸ ਤੌਰ ਤੇ ਭਾਰਤੀ ਲੋਕ ਅਧਿਆਤਮਕਤਾ ਅਤੇ ਤਾਕਤ ਦੀ ਨਿਸ਼ਾਨੀ ਮੰਨਦੇ ਹਨ। ਉਹ ਮੰਨਦੇ ਹਨ ਕਿ ਜੇ ਵਾਲ ਕੱਟ ਦਿੱਤੇ ਜਾਣ ਤਾਂ ਮਨੁੱਖ ਕਮਜ਼ੋਰ ਹੋ ਜਾਂਦਾ ਹੈ। ਉਹਨਾਂ ਲਈ ਵਾਲ ਤਾਕਤ ਅਤੇ ਮਾਣ ਦੀ ਨਿਸ਼ਾਨੀ ਹਨ। ਵਾਲ ਉਹਨਾਂ ਦੀ ਸਭਿਅਤਾ

ਬਹੁਤ ਖਿਡਾਰੀਆਂ ਵਿੱਚ ਅੱਜ ਵੀ ਇਹ ਮਾਨਤਾ ਹੈ ਕਿ ਦਾੜ੍ਹੀ ਕੱਟਣ ਨਾਲ ਉਨ੍ਹਾਂ ਦੀ ਖੇਡਾਂ ਵਿੱਚ ਕਾਬਲੀਅਤ ਪ੍ਰਭਾਵਿਤ ਹੁੰਦੀ ਹੈ। ਪ੍ਰਮਾਤਮਾ ਨੇ ਆਦਮੀ ਨੂੰ ਦਾੜ੍ਹੀ ਉਗਾਉਣ ਦੀ ਕਾਬਲੀਅਤ ਦਿੱਤੀ ਹੈ। ਇਹ ਆਦਮੀ ਦੀ ਮੁੱਢਲੀ ਮਹੱਤਵਪੂਰਨ ਵਸਤੂ ਹੈ। ਪੱਛਮ ਵਿੱਚ ਕਾਨੂੰਨ ਅਤੇ ਰਿਵਾਜਾਂ ਦੇ ਨਿਯਮ ਬਣਾਉਣ ਦੇ ਸਿਸਟਮ (Fueros) ਨੇ ਔਰਤ ਨੂੰ ਵਾਲਾਂ ਤੋਂ ਪਕੜ ਕੇ ਘਸੀਟਣ ਵਾਲੇ ਵਿਅਕਤੀ ਲਈ ਸਜ਼ਾ ਨਿਯੁਕਤ ਕੀਤੀ। ਅਜਿਹਾ ਕਰਨਾ ਔਰਤ ਦੀ ਪਵਿੱਤਰਤਾ ਨੂੰ ਭੰਗ ਕਰਨ ਦੇ ਤੁਲ ਮੰਨਿਆ ਗਿਆ। ਸਿਰ ਢੱਕ ਕੇ ਰੱਖਣਾ ਸਾਊਪੁਣੇ ਦੀ ਨਿਸ਼ਾਨੀ ਹੈ। ਔਰਤਾਂ ਆਪਣੇ ਵਾਲਾਂ ਪ੍ਰਤੀ ਜ਼ਿਆਦਾ ਸੁਚੇਤ ਹਨ। ਇਸ ਸੰਬੰਧ ਵਿੱਚ Weitz ਨਾਮ ਦੀ ਲਿਖਾਰਨ ਵੱਲੋਂ ਇੱਕ ਖੋਜ ਕਿਤਾਬ ਲਿਖੀ ਗਈ।

ਦਾ ਮਹੱਤਵਪੂਰਨ ਅੰਗ ਹਨ। ਲੰਬੇ ਵਾਲ ਭਾਰਤ ਦੇ ਰਸਮੋ ਰਿਵਾਜ ਦਾ ਹਿੱਸਾ ਹੈ, ਉਨ੍ਹਾਂ ਦੀ



ਪਹਿਚਾਣ ਹੈ, ਉਨ੍ਹਾਂ ਦਾ ਵਿਅਕਤੀਤਵ ਹੈ ਅਤੇ ਉਨ੍ਹਾਂ ਦਾ ਆਪਾ ਹੈ। ਕੇਸ ਮਨੁੱਖ ਨੂੰ ਭਰਵੀਂ ਅਤੇ ਰੋਹਬ ਵਾਲੀ ਦਿੱਖ ਪ੍ਰਦਾਨ ਕਰਦੇ ਹਨ। ਕੇਸ ਮਨੁੱਖ ਦੇ ਚਿਹਰੇ ਦੇ ਆਸੇ ਪਾਸੇ ਦੀ ਇਕ ਸਜਾਵਟ ਹਨ। ਸਾਡਾ ਚਿਹਰਾ ਹੀ ਸਾਨੂੰ ਦੂਜਿਆਂ ਨਾਲ ਜੋੜਦਾ ਹੈ। ਕੇਸਾਂ (ਵਾਲਾਂ) ਦੇ ਰਾਹੀਂ ਪਿਆਰ, ਅਫਸੋਸ ਅਤੇ ਹੋਰ ਕਈ ਭਾਵਨਾਵਾਂ ਪ੍ਰਗਟ ਹੁੰਦੀਆਂ ਹਨ। ਵਾਲਾਂ ਦੀ ਸੰਭਾਲ ਜਾਂ ਵਾਲਾਂ ਪ੍ਰਤੀ ਅਵੇਸਲਾਪਣ ਮਨੁੱਖ ਦੀ ਸ਼ਖਸ਼ੀਅਤ ਨੂੰ ਕਾਫੀ ਹੱਦ ਤੱਕ ਬਿਆਨ ਕਰ ਦਿੰਦੇ ਹਨ। ਮਰਦਾਨਗੀ ਦੇ ਨੁਕਤੇ ਤੋਂ ਪੂਰੀ ਭਰਵੀਂ ਦਾੜ੍ਹੀ ਮਹੱਤਵਪੂਰਨ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪੂਰੀ ਭਰਵੀਂ ਦਾੜੀ ਵਾਲੇ ਵਿਅਕਤੀ ਜਿਆਦਾ ਚੰਗੇ ਪਿਤਾ ਹੁੰਦੇ ਹਨ। ਮਨੋਵਿਗਿਆਨਕ ਖੋਜਾਂ ਇਹੋ ਹੀ ਦੱਸਦੀਆਂ ਹਨ।

ਖਿਲਰੇ ਪੁਲਰੇ ਵਾਲਾਂ ਵਾਲਾ ਵਿਅਕਤੀ ਗੈਰ ਸਮਾਜਿਕ ਸਮਝਿਆ ਜਾਂਦਾ ਹੈ। ਚੁੜੇਲਾਂ ਦੇ ਵਾਲ ਹਮੇਸ਼ਾਂ ਖੁੱਲੇ ਦਿਖਾਈ ਜਾਂਦੇ ਹਨ। ਵਾਲਾਂ (ਕੇਸਾਂ) ਦੀ ਸੰਭਾਲ ਵਿਅਕਤੀ ਦੀ ਮਾਨਸਿਕਤਾ ਦੀ ਪਰਿਭਾਸ਼ਾ ਹਨ। ਦਾੜ੍ਹੀਆਂ ਸਹਿਤ ਬੰਦੇ ਜ਼ਿਆਦਾ ਲਾਇਕ, ਤਾਕਤਵਰ, ਆਜ਼ਾਦ ਤਬੀਅਤ ਦੇ ਧਾਰਨੀ, ਅੱਗੇ ਵੱਧਣ ਦੇ ਚਾਹਵਾਨ, ਹਿੰਮਤੀ ਅਤੇ ਸਿਹਤਮੰਦ ਹੁੰਦੇ ਹਨ। ਦਾੜ੍ਹੀ ਨਰ ਗੁਣਾਂ ਦੀ ਪ੍ਰਤੀਕ ਹੈ ਅਤੇ ਹਰ ਦਾੜ੍ਹੀ ਰਹਿਤ ਵਿਅਕਤੀ ਦੀ ਮਾਨਸਿਕਤਾ ਹਮੇਸ਼ਾਂ ਦਾੜ੍ਹੀ ਨੂੰ ਬਾਹਰ ਲਿਆਉਣ ਦੀ ਕੋਸ਼ਿਸ਼ ਲੱਗੀ ਰਹਿੰਦੀ ਹੈ। ਦਾੜ੍ਹੀ ਦਾਰਸ਼ਨਿਕ ਵਿਅਕਤੀਆਂ ਦੀ ਪਹਿਚਾਣ ਹੈ। ਉਹ ਦਾੜ੍ਹੀ ਪ੍ਰਤੀ ਇਤਨੇ ਜ਼ਿਆਦਾ ਭਾਵੁਕ ਹੰਦੇ ਹਨ। ਦਾੜ੍ਹੀ ਕਟਵਾਉਣਾ ਨਹੀਂ ਚਾਹੁੰਦੇ ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਣ।

ਮਨੋਵਿਗਿਆਨੀਆਂ ਵੱਲੋਂ ਇਹ ਵੀ ਦੇਖਿਆ ਗਿਆ ਹੈ ਕਿ ਬੱਚੇ ਦੇ ਵਾਲ ਜਦੋਂ ਪਹਿਲੀ ਵਾਰ ਕੱਟੇ ਜਾਂਦੇ ਹਨ ਤਾਂ ਉਸ ਦੇ ਮਨ ਉੱਤੇ ਬਹੁਤ ਵਿਪਰੀਤ ਅਸਰ ਪੈਂਦਾ ਹੈ। ਉਸ ਨੂੰ ਅਜਿਹਾ ਕਰਨਾ ਬਿਲਕੁਲ ਵੀ ਚੰਗਾ ਨਹੀਂ ਲੱਗਦਾ। ਸਾਡਾ ਚਿਹਰਾ ਹੀ ਸਾਨੂੰ ਦੂਜਿਆਂ ਨਾਲ ਜੋੜਦਾ ਹੈ।

ਇਕ ਦੂਜੇ ਦੇ ਸਿਰ ਉਤੇ ਮਾਲਿਸ਼ ਕਰਨੀ ਅਤੇ ਇੱਕ ਦੂਜੇ ਦੇ ਜੂੜੇ ਕਰਨ ਨਾਲ ਆਪਸੀ ਸਬੰਧ ਵਧਦੇ ਹਨ। ਆਪਸੀ ਪਿਆਰ ਦੀ ਭਾਵਨਾ ਵਧਦੀ ਹੈ। ਸਿਰ ਦੀ ਮਾਲਸ਼ ਕਰਨ ਨਾਲ ਮਨ ਸ਼ਾਂਤ ਹੁੰਦਾ ਹੈ ਅਤੇ ਇਕਾਗਰਤਾ ਬਣਦੀ ਹੈ। ਜਿਥੇ ਸਾਡੀ ਸੋਚਣੀ ਵਾਲਾਂ (ਕੇਸਾਂ)

ਨਾਲ ਪ੍ਰਭਾਵਿਤ ਹੁੰਦੀ ਹੈ, ਉਥੇ ਵਾਲ (ਕੇਸ) ਵੀ ਸਾਡੀ ਸੋਚਣੀ ਨਾਲ ਪ੍ਰਭਾਵਿਤ ਹੁੰਦੇ ਹਨ। ਸੋਚਣੀ ਚੰਗੀ ਹੋਵੇ ਤਾਂ ਵਾਲ ਵੀ ਸੋਹਣੇ ਹੁੰਦੇ ਹਨ। ਬਹੁਤ ਚਿੰਤਾ, ਈਰਖਾ, ਸਾੜਾ ਅਤੇ ਹਰ ਵਕਤ ਮਾਇਆ ਦੇ ਪਿੱਛੇ ਭੱਜ ਦੌੜ ਕਰਨ ਵਾਲੇ ਵਿਅਕਤੀ ਦੇ ਵਾਲਾਂ ਵਿੱਚ ਚਮਕ ਨਹੀਂ ਰਹਿੰਦੀ। ਸ਼ਾਂਤ ਵਿਅਕਤੀ ਦੇ ਵਾਲ ਵੀ ਸੋਹਣੇ ਹੁੰਦੇ ਹਨ। ਅੱਜ ਵਿਅਕਤੀ ਬਹੁਤ ਮਹਿੰਗੇ ਮਹਿੰਗੇ ਇਲਾਜ ਕਰਵਾਉਂਦੇ ਹਨ ਤਾਂ ਕਿ ਵਾਲ ਉੱਗ ਸਕਣ। ਇਸ ਉਲਟ ਸੋਹਣੇ ਲੱਗਣ ਦੀ ਦੌੜ ਵਿੱਚ ਮਨੁੱਖ ਆਪ ਹੀ ਵਾਲ ਕਟਾ ਕੇ ਮਰਦਾਨਗੀ ਦੀ ਦਿੱਖ ਵੀ ਗੁਆ ਰਿਹਾ ਹੈ। ਨਰ ਵਿਅਕਤੀ ਮਾਦਾ ਦਿੱਖ ਧਾਰਨ ਕਰ ਕੇ ਆਪਣੇ ਆਪ ਨੂੰ ਵਧੇਰੇ ਸੁੰਦਰ ਸਮਝਦਾ ਹੈ। ਮਨੁੱਖ ਆਪਣੀ ਮਰਦਾਨਗੀ ਆਪ ਹੀ ਖਤਮ ਕਰ ਰਿਹਾ ਹੈ। ਮਨੋਚਕਿਸਤਕ ਕਾਰਲ ਮੈਨਿੰਗਰ ਕਹਿੰਦੇ ਹਨ ਕਿ ਆਦਮੀ ਦੇ ਵਾਲ ਕੱਟਣ ਨਾਲ ਉਸ ਦੀ ਮਰਦਾਨਗੀ (virility) ਅਤੇ ਤਾਕਤ ਘੱਟ ਜਾਂਦੀ ਹੈ। ਵਾਲਾਂ (ਕੇਸਾਂ) ਨੂੰ ਸ਼ਕਤੀ ਦਾ ਸੋਮਾ ਸਮਝਿਆ ਜਾਂਦਾ ਹੈ। ਬਹੁਤ ਖਿਡਾਰੀਆਂ ਵਿੱਚ ਅੱਜ ਵੀ ਇਹ ਮਾਨਤਾ ਹੈ ਕਿ ਦਾੜ੍ਹੀ ਕੱਟਣ ਨਾਲ ਉਨ੍ਹਾਂ ਦੀ ਖੇਡਾਂ ਵਿੱਚ ਕਾਬਲੀਅਤ ਪ੍ਰਭਾਵਿਤ ਹੁੰਦੀ ਹੈ। ਪ੍ਰਮਾਤਮਾ ਨੇ ਆਦਮੀ ਨੂੰ ਦਾੜ੍ਹੀ ਉਗਾਉਣ ਦੀ ਕਾਬਲੀਅਤ ਦਿੱਤੀ ਹੈ। ਇਹ ਆਦਮੀ ਦੀ ਮੁੱਢਲੀ ਮਹੱਤਵਪੂਰਨ ਵਸਤੂ ਹੈ। ਪੱਛਮ ਵਿੱਚ ਕਾਨੂੰਨ ਅਤੇ ਰਿਵਾਜਾਂ ਦੇ ਨਿਯਮ ਬਣਾਉਣ ਦੇ ਸਿਸਟਮ (Fueros) ਨੇ ਔਰਤ ਨੂੰ ਵਾਲਾਂ ਤੋਂ ਪਕੜ ਕੇ ਘਸੀਟਣ ਵਾਲੇ ਵਿਅਕਤੀ ਲਈ ਸਜ਼ਾ ਨਿਯੁਕਤ ਕੀਤੀ। ਅਜਿਹਾ ਕਰਨਾ ਔਰਤ ਦੀ ਪਵਿੱਤਰਤਾ ਨੂੰ ਭੰਗ ਕਰਨ ਦੇ ਤੁਲ ਮੰਨਿਆ ਗਿਆ। ਸਿਰ ਢੱਕ ਕੇ ਰੱਖਣਾ ਸਾਊਪੁਣੇ ਦੀ ਨਿਸ਼ਾਨੀ ਹੈ। ਔਰਤਾਂ ਆਪਣੇ ਵਾਲਾਂ ਪ੍ਰਤੀ ਜ਼ਿਆਦਾ ਸੁਚੇਤ ਹਨ। ਇਸ ਸੰਬੰਧ ਵਿੱਚ Weitz ਨਾਮ ਦੀ ਲਿਖਾਰਨ ਵੱਲੋਂ ਇੱਕ ਖੋਜ ਕਿਤਾਬ ਲਿਖੀ ਗਈ।

Weitz ਖੋਜ ਦੇ ਅਧਾਰ ਤੇ ਕਹਿੰਦੀ ਹੈ ਕਿ ਔਰਤਾਂ ਵਿੱਚ ਵਾਲਾਂ ਪ੍ਰਤੀ ਭਾਵਨਾਵਾਂ ਹਨ ਕਿ ਵਾਲ ਸਾਡੇ ਆਪਣੇ ਹਨ, ਕਿਉਂਕਿ ਇਹ ਸਾਡੇ ਸਰੀਰ ਉਤੇ ਉੱਗੇ ਹਨ। ਇਹ ਸਾਨੂੰ ਸਿੱਧਾ ਸਮਾਜ ਨਾਲ ਜੋੜਦੇ ਹਨ ਅਤੇ ਵਾਲਾਂ ਨੂੰ ਅਸੀਂ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਲਈ ਮਰਜੀ ਮੁਤਾਬਕ ਸੰਵਾਰ ਸਕਦੇ ਹਾਂ।

ਇਸਾਈ ਧਰਮ ਵਿੱਚ ਔਰਤ ਦੇ ਸਿਰ ਦੇ ਵਾਲਾਂ ਨੂੰ ਔਰਤ ਦੀ ਇੱਜ਼ਤ ਲਈ ਰੱਬ ਵਲੋਂ ਦਿੱਤਾ ਪਰਦਾ ਦੱਸਿਆ ਗਿਆ ਹੈ। ਭਾਰਤੀ ਸਮਾਜ ਵਿੱਚ ਵੀ ਵਾਲਾਂ ਨੂੰ ਸੰਭਾਲਣਾ ਇੱਜ਼ਤ ਸੰਭਾਲ ਕੇ ਰੱਖਣ ਦਾ ਪ੍ਰਤੀਕ ਹੈ। ਕੇਸ ਸੰਭਾਲਣ ਨੂੰ ਇੱਜ਼ਤ ਸੰਭਾਲਣ ਦੇ ਤੁਲ ਮੰਨਿਆ ਜਾਂਦਾ ਹੈ। ਭਾਰਤੀ ਔਰਤਾਂ ਵੀ ਵਾਲਾਂ (ਕੇਸਾਂ) ਦੀ ਉਚੇਚੀ ਸੰਭਾਲ ਕਰਦੀਆਂ ਹਨ। ਰਾਮਾਇਣ ਵਿੱਚ ਜ਼ਿਕਰ ਆਉਂਦਾ ਹੈ ਕਿ ਮਾਤਾ ਸੀਤਾ ਜੀ ਨੇ ਹਨੂੰਮਾਨ ਜੀ ਨੂੰ ਆਪਣੇ ਵਾਲਾਂ ਦਾ ਕਲਿੱਪ ਰਾਮ ਜੀ ਨੂੰ ਦੇਣ ਲਈ ਨਿਸ਼ਾਨੀ ਵਜੋਂ ਦਿੱਤਾ। ਕਲਿਪ ਨੂੰ ਦੇਖ ਕੇ ਰਾਮ ਜੀ ਸਮਝ ਗਏ ਕਿ ਸੀਤਾ ਜੀ ਦੀ ਇੱਜ਼ਤ ਖਤਰੇ ਵਿੱਚ ਹੈ। ਰੂਸ ਵਿੱਚ ਵਿਆਹ ਵਕਤ ਔਰਤਾਂ ਦੇ ਵਾਲਾਂ ਦੀਆਂ ਗੁੱਤਾਂ ਕਰਕੇ ਸਿਰ ਉੱਤੇ ਤਾਜ ਬਣਾ ਦਿੱਤਾ ਜਾਂਦਾ ਸੀ ਅਤੇ ਕੱਪੜੇ ਨਾਲ ਸਿਰ ਢੱਕ ਦਿੱਤਾ ਜਾਂਦਾ ਸੀ। ਇਸ ਕੱਪੜੇ ਨੂੰ povoinik ਕਿਹਾ ਜਾਂਦਾ ਸੀ। ਇਹ ਧਾਰਨਾ ਵੀ ਸੀ ਕਿ ਵਾਲਾਂ ਵਿੱਚ ਜਾਦੂਮਈ ਤਾਕਤ ਹੈ। ਵੀਹਵੀਂ ਸਦੀ ਦੇ ਅੰਤ ਤੱਕ ਇਹ ਰਿਵਾਜ ਰਿਹਾ।

ਸਿਰ ਢੱਕਣ ਦਾ ਮਤਲਬ ਹੈ ਕਿ ਵਿਅਕਤੀ ਆਪਣੇ ਆਪ ਨੂੰ ਪਰਮਾਤਮਾ ਅੱਗੇ ਸਮਰਪਣ ਕਰ ਰਿਹਾ ਹੈ। ਨਨਜ਼ ਦਾ ਰੁਤਬਾ ਈਸਾ ਦੀ ਵਿਆਹੀ ਔਰਤ (a bride of christ) ਦੇ ਤੁਲ ਗਿਣਿਆ ਜਾਂਦਾ ਹੈ। ਸਿਰ ਢੱਕਣਾ ਇਵੇਂ ਹੀ ਹੈ ਜਿਵੇਂ ਕਿਸੇ ਰਾਣੀ ਦੇ ਸਿਰ ਉਤੇ ਤਾਜ ਹੋਵੇ। ਮੱਧ ਕਾਲ ਤੱਕ ਔਰਤ ਦੀ ਸੁੰਦਰਤਾ ਦਾ ਇੱਕ ਮਹੱਤਵਪੂਰਨ ਮਾਪਦੰਡ ਉਸ ਦੇ ਵਾਲਾਂ ਦੀ ਮੋਟਾਈ ਅਤੇ ਲੰਬਾਈ ਹੋਇਆ ਕਰਦੀ ਸੀ। ਔਰਤਾਂ ਆਪਣੇ ਵਾਲ ਇੱਕ ਕਪੜੇ ਨਾਲ ਢੱਕ ਕੇ ਰੱਖਦੀਆਂ ਹਨ। ਕਈ ਜਗ੍ਹਾਂ ਸਮਾਜ ਵਿੱਚ ਇਹ ਧਾਰਨਾ ਵੀ ਸੀ ਕਿ ਔਰਤਾਂ ਦੇ ਵਾਲਾਂ ਵਿੱਚ ਉਤੇਜਿਤ ਕਰਨ ਦੀ ਸਮਰੱਥਾ ਹੈ। ਇਸ ਲਈ ਵਾਲ ਗੁੱਤ ਕਰਕੇ ਸਾਂਭਣੇ ਚਾਹੀਦੇ ਹਨ ਅਤੇ ਢੱਕ ਕੇ ਵੀ ਰੱਖਣੇ ਚਾਹੀਦੇ ਹਨ। ਵਾਲਾਂ ਵਿੱਚ ਜਾਦੂ ਦੀ ਸਮਰੱਥਾ ਵੀ ਮੰਨੀ ਜਾਂਦੀ ਸੀ।


ਦਸਤਾਰ ਸਿਰ ਦੇ ਵਾਲਾਂ ਨੂੰ ਢੱਕਣ ਲਈ ਵਰਤਿਆ ਜਾਂਦਾ ਇੱਕ ਕੱਪੜਾ ਹੈ, ਜੋ ਭਾਰਤ ਦੀ ਸਭਿਅਤਾ ਵਿੱਚ ਇੱਕ ਉਤਮ ਸਥਾਨ ਰੱਖਦਾ ਹੈ। ਦਸਤਾਰ ਸਵੈਭਿਮਾਨ, ਦੋਸਤੀ ਅਤੇ ਸ਼ਾਨ ਦੀ ਪ੍ਰਤੀਕ ਹੈ। ਜਿਨ੍ਹਾਂ ਨੇ ਕੋਈ ਸਮਾਜ ਸੇਵਾ ਦਾ ਕੰਮ ਕੀਤਾ ਹੁੰਦਾ ਹੈ, ਉਹਨਾਂ ਨੂੰ ਦਸਤਾਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਪੰਜਾਬ ਦੇ ਸਭਿਆਚਾਰ ਵਿੱਚ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਵੱਡੇ ਪੁੱਤਰ ਦੇ ਸਿਰ ਉੱਤੇ ਪਗੜੀ ਬੰਨੀ ਜਾਂਦੀ ਹੈ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਪਰਿਵਾਰ ਦੀ ਜ਼ਿੰਮੇਵਾਰੀ ਉਸ ਨੇ ਸੰਭਾਲਣੀ ਹੈ। ਇਸ ਨੂੰ ਪਗੜੀ ਦੀ ਰਸਮ ਕਿਹਾ ਜਾਂਦਾ ਹੈ। ਦਸਤਾਰ ਵਾਲਾ ਵਿਅਕਤੀ ਸਮਾਜ ਵਿੱਚ ਇੱਕ ਪਵਿੱਤਰ ਅਤੇ ਧਾਰਮਿਕ ਵਿਅਕਤੀ ਸਮਝਿਆ ਜਾਂਦਾ ਹੈ। ਗੁਰੂ ਸਾਹਿਬ ਨੇ ਜਿੱਥੇ ਕੇਸ ਕਤਲ ਕਰਨ ਦੀ ਮਨਾਹੀ ਕੀਤੀ ਉੱਥੇ ਸਿਰ ਉਤੇ ਦਸਤਾਰ ਸਜਾਣ ਦਾ ਵੀ ਹੁਕਮ ਦਿੱਤਾ। ਸਾਨੂੰ ਪਤਾ ਹੀ ਹੈ ਕਿ ਗੁਰੂ ਸਾਹਿਬ ਨੇ ਆਪਣੇ ਹੱਥੀ ਆਪਣੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਦੇ ਸਿਰਾਂ ਉੱਤੇ ਸੋਹਣੀਆਂ ਦਸਤਾਰਾਂ ਸਜਾ ਕੇ ਚਮਕੌਰ ਵਿੱਚ ਯੁੱਧ ਵਾਸਤੇ ਭੇਜਿਆ ਸੀ। ਉੱਤਰੀ ਭਾਰਤ ਵਿੱਚ ਜਦੋਂ ਕਿਸੇ ਨਾਲ ਪੱਕੀ ਦੋਸਤੀ ਪਾਉਣੀ ਹੁੰਦੀ ਹੈ ਤਾਂ ਉਹ ਪੱਗਾਂ ਵਟਾਉਂਦੇ ਹਨ। ਫਿਰ ਉਹ ਦੋਸਤ ਨਾ ਹੋ ਕੇ ਪੱਗ ਵੱਟੇ ਭਰਾ ਬਣ ਜਾਂਦੇ ਹਨ। ਪੱਗ ਦੀ ਮਹਾਨਤਾ ਬਾਰੇ ਸਾਡੇ ਸਮਾਜ ਵਿੱਚ ਬਹੁਤ ਮੁਹਾਵਰੇ ਵੀ ਬਣੇ ਹੋਏ ਹਨ। ਪੱਗ ਬਹਾਦਰੀ ਅਤੇ ਮਾਨ ਦੀ ਪ੍ਰਤੀਕ ਸਮਝੀ ਜਾਂਦੀ ਹੈ। ਜਦੋਂ ਯੁੱਧ ਵਿੱਚ ਗਿਆ ਵਿਅਕਤੀ ਸ਼ਹੀਦ ਹੋ ਜਾਂਦਾ ਹੈ ਤਾਂ ਉਸ ਦੀ ਪੱਗ ਪੂਰੇ ਸਨਮਾਨ ਨਾਲ ਵਾਪਸ ਲਿਆਈ ਜਾਂਦੀ ਹੈ।

ਭਾਰਤ ਵਿੱਚ ਪੱਗ ਮਨੁੱਖ ਦੀ ਆਪਣੀ, ਆਪਣੀ ਜਾਤ, ਆਪਣੀ ਬਰਾਦਰੀ ਅਤੇ ਆਪਣੇ ਦੇਸ਼ ਦੀ ਪਹਿਚਾਣ ਰਹੀ ਹੈ। ਰਾਜਸਥਾਨੀ ਪੱਗ, ਮੈਸੂਰ ਦੀ ਪੱਗ ਅਤੇ ਸਿੱਖਾਂ ਦੀ ਪੱਗ ਖਾਸ ਤੌਰ 'ਤੇ ਵਰਨਣਯੋਗ ਹਨ। ਸਿੱਖ ਇਸ ਨੂੰ ਦਸਤਾਰ ਕਹਿੰਦੇ ਹਨ, ਰਾਜਸਥਾਨੀ ਪਗੜੀ ਅਤੇ ਮੈਸੂਰ ਦੇ ਲੋਕ ਮੈਸੂਰ ਪੇਟਾ ਕਹਿ ਕੇ ਇਸਨੂੰ ਆਪਣੇ ਪਹਿਰਾਵੇ ਦਾ ਖਾਸ ਅੰਗ ਸਮਝਦੇ ਹਨ। ਪੱਗ ਰੋਲਨ ਨੂੰ ਬੰਦੇ ਦੀ ਇੱਜ਼ਤ ਰੋਲਣ ਦੇ ਤੁਲ ਸਮਝਿਆ ਜਾਂਦਾ ਹੈ। ਅੱਜ ਵੀ ਜਦੋਂ ਕੋਈ ਜਗ੍ਹਾ ਕਿਰਾਏ ਉਤੇ ਲਈ ਜਾਂਦੀ ਹੈ ਤਾਂ ਕੁਝ ਰਕਮ ਮਾਲਕ ਨੂੰ ਦਿੱਤੀ ਜਾਂਦੀ ਹੈ, ਜਿਸ ਨੂੰ ਪਗੜੀ ਕਿਹਾ ਜਾਂਦਾ ਹੈ। ਪਗੜੀ ਕਿਰਾਏਦਾਰ ਨੂੰ ਮਾਲਕ ਵੱਲੋਂ ਸੁਰੱਖਿਆ ਅਤੇ ਯਕੀਨ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਦਸਤਾਰ ਬੰਨਣ ਦੀ ਪ੍ਰਥਾ ਹਜ਼ਾਰਾਂ ਸਾਲ ਪੁਰਾਣੀ ਹੈ। ਦਸਤਾਰ ਬੰਨਣ ਨਾਲ ਸਿਰ ਦੀਆਂ ਪੁੜਪੁੜੀਆਂ ਦੀਆਂ ਹੱਡੀਆਂ ਉੱਤੇ ਦਬਾਅ ਪੈਣ ਨਾਲ ਖੂਨ ਦਾ ਸੰਚਾਰ ਨਿਯਮਿਤ ਹੁੰਦਾ ਹੈ ਅਤੇ ਦਿਮਾਗ ਉਤੇ ਸੁਖਾਵਾਂ ਅਸਰ ਹੁੰਦਾ ਹੈ। ਸਿੱਖਾਂ ਵਿੱਚ ਦਸਤਾਰ ਦੀ ਖਾਸ ਧਾਰਮਿਕ ਮਹੱਤਤਾ ਹੈ।

-0-

ਗਦਰੀ ਸੂਰਬੀਰ ਬੀਬੀ ਗ਼ੁਲਾਬ ਕੌਰ

ਰਸ਼ਪਾਲ ਸਿੰਘ ਹੁਸ਼ਿਆਰਪੁਰ # 98554-40151



ਗ਼ਦਰੀ ਬੀਬੀ ਗ਼ੁਲਾਬ ਕੌਰ ਦਾ ਜਨਮ ਪਿੰਡ ਬਖ਼ਸ਼ੀਵਾਲਾ ਨੇੜੇ ਸੁਨਾਮ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਬਖ਼ਸ਼ੀਵਾਲਾ ਜੋ ਪਹਿਲਾਂ ਬਖਸੀਗੜ੍ਹ ਹੁੰਦਾ ਸੀ ਉਸ ਦੀ ਨੀਂਹ ਚੱਠੇ ਸੇਖਵਾਂ ਦੇ ਜਾਗੀਰਦਾਰ ਮੋਹਰ ਸਿੰਘ ਨੇ ਰੱਖੀ ਸੀ। ਪਿੰਡ ਬਖ਼ਸ਼ੀਵਾਲਾ ਅਤੇ ਬੀਬੀ ਗ਼ੁਲਾਬ ਕੌਰ ਬਾਰੇ ਖੋਜ ਕਰਨ ਵਾਲੇ ਰਾਕੇਸ਼ ਸੁਨਾਮ ਅਤੇ ਮਿਲਖਾ ਸਿੰਘ ਸਨੇਹੀ ਵਰਗਿਆਂ ਦੇ ਚੰਗੇ ਯਤਨਾਂ ਦੇ ਬਾਵਜੂਦ ਵੀ ਮਾਪਿਆਂ ਦੇ ਨਾਮ ਪਤਾ ਨਹੀਂ ਲੱਗੇ ਹਨ। ਖੋਜੀਆਂ ਅਤੇ ਜਗਤਾਰ ਸਿੰਘ ਬਖ਼ਸ਼ੀਵਾਲਾ ਅਨੁਸਾਰ ਗ਼ੁਲਾਬ ਕੌਰ ਨੇ ਮੁੱਢਲੀ ਵਿੱਦਿਆ ਪਿੰਡ ਦੇ ਡੇਰੇ ਦੇ ਮਹੰਤ ਤੋਂ ਪ੍ਰਾਪਤ ਕੀਤੀ। 34 ਕੁ ਸਾਲ ਦੀ ਉਮਰ ਭੋਗ ਕੇ 28 ਜੁਲਾਈ 1925 ਨੂੰ ਜ਼ਿਲ੍ਹਾ ਤੇ ਤਹਿਸੀਲ ਹੁਸ਼ਿਆਰਪੁਰ ਦੇ ਪਿੰਡ ਕੋਟਲਾ ਨੌਧ ਸਿੰਘ ਵਿਖੇ ਗੁਰਪੁਰੀ ਪਿਆਨਾ ਕਰ ਗਈ ਤੇ ਮਾਨੋ ਗ਼ਦਰੀ ਕਾਫ਼ਲੇ ਦਾ ਖ਼ਾਸ ਸਿਤਾਰਾ ਟੁੱਟ ਗਿਆ।

ਹੁਸ਼ਿਆਰਪੁਰ-ਟਾਂਡਾ ਸੜਕ 'ਤੇ ਥੋੜ੍ਹਾ ਹਟਵਾਂ ਹੁਸ਼ਿਆਰਪੁਰ ਤੋਂ 12 ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਕੋਟਲਾ ਨੌਧ ਸਿੰਘ ਆਜ਼ਾਦੀ ਘੁਲਾਟੀਆਂ ਦਾ ਪਿੰਡ ਹੈ। ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ, ਬਾਬਾ ਅਮਰ ਸਿੰਘ ਅਤੇ ਬਾਬਾ ਸ਼ਿਵ ਸਿੰਘ ਨਾਮੀ ਘੁਲਾਟੀਏ ਇਸ ਪਿੰਡ ਦੇ ਹੋਏ ਹਨ।

ਗੁਲਾਬ ਕੌਰ ਦਾ ਵਿਆਹ ਸੰਗਰੂਰ ਦੇ ਸੁਨਾਮ ਨੇੜੇ ਜਖੇਪਲ ਵਿਖੇ ਹੋਇਆ। ਲੇਖਕ ਅਮੋਲਕ ਸਿੰਘ ਅਨੁਸਾਰ ਪਤੀ ਦਾ ਨਾਮ ਮਾਨ ਸਿੰਘ ਸੀ ਜਦ ਕਿ ਡਾ: ਰਘਬੀਰ ਕੌਰ ਵਲੋਂ ਗੁਰਚਰਨ ਸਿੰਘ ਸੈਂਸਰਾ ਦੇ ਹਵਾਲੇ ਨਾਲ ਪਤੀ ਦਾ ਨਾਮ ਬਚਿੱਤਰ ਸਿੰਘ ਲਿਖਦੇ ਹਨ ਤੇ ਮਾਨ ਸਿੰਘ ਨੂੰ ਦਿਉਰ । ਬਲਵੀਰ ਚੰਦ ਲੌਂਗੋਵਾਲ ਸੰਗਰੂਰ ਜ਼ਿਲ੍ਹੇ ਦੇ ਦੇਸ਼ ਭਗਤ ਪੁਸਤਕ ਦੇ ਹਵਾਲੇ ਨਾਲ ਪਤੀ ਦਾ ਨਾਮ ਮਾਨ ਸਿੰਘ ਦੌਲਾ ਸਿੰਘ ਵਾਲਾ ਦੱਸਦੇ ਹਨ।

ਉਸ ਸਮੇਂ ਵੀ ਪੰਜਾਬੀਆਂ ਦੇ ਪ੍ਰਦੇਸੀਂ ਜਾਣ ਦੀ ਮਜ਼ਬੂਰੀ ਵਸ ਗ਼ੁਲਾਬ ਕੌਰ ਮਨੀਲਾ ਪੁੱਜ ਗਈ। ਗ਼ੁਲਾਬ ਕੌਰ ਦੇ ਪੇਕੇ ਸਾਹੁਰਿਆਂ ਵਾਲਾ ਖਿੱਤਾ ਅੰਗਰੇਜ਼ੀ ਹਕੂਮਤ ਦਾ ਮਾਰਿਆ ਅੰਗਰੇਜ਼ ਫ਼ੌਜਾਂ ਵਿੱਚ ਭਰਤੀ ਹੁੰਦਾ ਸੀ। ਬਰਤਾਨਵੀ ਹਕੂਮਤ ਵਲੋਂ ਇਨ੍ਹਾਂ ਨੂੰ ਜੰਗਾਂ ਵਿੱਚ ਝੋਕਿਆ ਜਾਂਦਾ ਜਿਸ ਤੋਂ ਰਾਹਤ ਲੈਣ ਲਈ ਪ੍ਰਦੇਸਾਂ ਦਾ ਰਾਹ ਚੁਣਦਾ। ਪਤੀ ਦਾ ਮਨੀਲਾ ਜਾਣਾ ਤੇ ਫਿਰ ਅਮਰੀਕਾ ਪੁੱਜ ਕੇ ਕਮਾਈ ਕਰਨ ਦਾ ਨਿਸ਼ਾਨਾ ਪਿੱਤਰੀ ਖੇਤਰ ਦੇ ਹਾਲਾਤਾਂ ਤੋਂ ਛੁਟਕਾਰਾ ਪਾਉਣਾ ਹੀ ਸੀ।

ਅਮਰੀਕਾ ਉਸ ਵਕਤ ਆਪਣੇ ਦਰਵਾਜ਼ੇ ਬੰਦ ਕਰ ਰਿਹਾ ਸੀ। ਜਿਸ ਕਰਕੇ ਸ਼ੰਘਾਈ, ਹਾਂਗਕਾਂਗ, ਸਿੰਘਾਪੁਰ, ਮਲਾਇਆ ਅਤੇ ਫਿਲਪਾਈਨ ਆਦਿਕ ਹੋਰ ਥਾਈਂ ਬੈਠੇ ਪੰਜਾਬੀਆਂ ਜਾਂ ਭਾਰਤੀਆਂ ਨੂੰ ਗ਼ੁਲਾਮੀ ਦਾ ਗਹਿਰਾ ਅਹਿਸਾਸ ਹੋਣ ਲੱਗਾ। ਪਿੰਜਰੇ ਦੇ ਪੰਛੀ ਅਤੇ ਆਜ਼ਾਦ ਪੰਛੀ ਦੇ ਅੰਤਰ ਦਾ ਹਲੂਣਾ ਵੱਜਣ ਲੱਗਾ। 'ਗ਼ਦਰ' ਦੇ 4 ਅਗਸਤ 1914 ਦੇ ਅੰਕ ਵਿੱਚ 'ਐਲਾਨ- ਏ- ਜੰਗ' ਛਪਣਾ ਖ਼ਾਸ ਸਬੂਤ ਹੈ। ਆਜ਼ਾਦੀ ਦੀ ਆਵਾਜ਼ ਨੂੰ ਹੋਠਾਂ ' ਤੇ ਲਿਆਉਣ ਲਈ ਇਕ ਸੁਸਾਇਟੀ ਬਣੀ ਜਿਸ ਦਾ ਨਾਮ ਸੁਸਾਇਟੀ ਫਿਲਪਾਈਨ ਰੱਖਿਆ ਗਿਆ। ਉੱਧਰ ਕਾਮਾਗਾਟਾਮਾਰੂ ਜਹਾਜ਼ (ਗੁਰੂ ਨਾਨਕ ਜਹਾਜ਼) ਨੂੰ ਵੈਨਕੂਵਰ ਸਮੁੰਦਰ ਵਿਚਕਾਰ ਰੋਕ ਕੇ ਜਾਨੀ ਮਾਲੀ ਨੁਕਸਾਨ ਦੇ ਜੋਖ਼ਮ ਵਿਚ ਪਾਉਣ ਦੇ ਅਣਮਨੁੱਖੀ ਵਰਤਾਰੇ ਵਿਰੁੱਧ ਵਿਆਪਕ ਰੋਸ ਫੈਲ ਰਿਹਾ ਸੀ। ਨਤੀਜੇ ਵਜੋਂ ਆਜ਼ਾਦੀ ਹਿਤ ਪਰਵਾਜ਼ ਭਰਨ ਵਾਲੇ ਪਰਵਾਨੇ 29 ਅਗਸਤ 1914 ਨੂੰ ਸ਼ਾਨ ਫਰਾਂਸਿਸਕੋ ਤੋਂ ਕੋਰੀਆ ਜਹਾਜ਼ ਵਿੱਚ ਸਵਾਰ ਹੋ ਗਏ ਸਨ। ਪ੍ਰਦੇਸੀਂ ਰੋਟੀ ਰੋਜ਼ੀ, ਕਾਰੋਬਾਰ ਅਤੇ ਘਰ-ਬਾਰ ਤੋਂ ਬੇਪਰਵਾਹ ਹੋ ਕੇ ਗ਼ਦਰੀ ਨਾਅਰੇ ਗਜਾਉਂਦੇ ਵਤਨ ਵੱਲ ਮੁੜ ਪਏ।

ਜਦੋਂ ਫਿਲਪਾਈਨ ਵਿਚ ਵੀ ਗ਼ਦਰੀ ਗੂੰਜ ਪਈ ਤਾਂ ਨੌਜਵਾਨ ਬੀਬੀ ਗੁਲਾਬ ਕੌਰ ਅਤੇ ਉਸ ਦਾ ਪਤੀ ਵੀ ਸੁਰ ਵਿਚ ਸੁਰ ਮਿਲਾਉਣ ਲੱਗੇ। ਗ਼ਦਰ ਅਖ਼ਬਾਰ ਵੀ ਮਨੀਲਾ ਵਿਚ ਮਨਾਂ 'ਤੇ ਡੂੰਘਾ ਅਸਰ ਛੱਡ ਰਿਹਾ ਸੀ। ਭਾਈ ਭਗਵਾਨ ਸਿੰਘ ਵਰਗੇ ਗ਼ਦਰੀ ਗੂੰਜਾਂ ਬਣੇ ਹੋਏ ਸਨ। ਮਨੀਲਾ ਵਿਚ ਗ਼ਦਰ ਪਾਰਟੀ ਦੀ ਪਹਿਲੀ ਸ਼ਾਖਾ ਦੇ ਪ੍ਰਧਾਨ ਹਾਫ਼ਿਜ਼ ਅਬਦੁੱਲਾ ਜਗਰਾਉਂ ਦਾ ਸਿਦਕ ਸਿਖ਼ਰ 'ਤੇ ਸੀ। ਮਨੀਲਾ ਵਿਚ ਬੈਠੀ ਗ਼ੁਲਾਬ ਕੌਰ ਦੇ ਕਲੇਜੇ ਦਰਦ ਉੱਠ ਰਿਹਾ ਸੀ ਕਿ ਕੈਨੇਡਾ ਦੇ ਮਾਂਟਰੀਅਲ ਪੁਲਿਸ ਵਲੋਂ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਦੀਆਂ ਬੀਵੀਆਂ ਬੱਚਿਆਂ ਨੂੰ ਢਾਈ ਮਹੀਨੇ ਹਿਰਾਸਤ ਵਿਚ ਰੱਖਿਆ ਗਿਆ। ਇਕ ਘਟਨਾ ਵੱਖ ਵੱਖ ਦੇਸ਼ਾਂ ਵਿਚ ਬੈਠੇ ਗ਼ਦਰੀਆਂ ਅੰਦਰ ਹਿੰਮਤ ਤੇ ਹੌਸਲਾ ਭਰ ਰਹੀ ਸੀ ਜੋ ਕਿ ਕੈਨੇਡਾ ਵਿੱਚ ਭਰੀ ਕਚਹਿਰੀ ਵਿੱਚ ਵਾਪਰੀ। ਭਾਈ ਮੇਵਾ ਸਿੰਘ ਨੇ ਹਾਪਕਿਨਸਨ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਕਿਉਂਕਿ ਉਹ ਵੈਨਕੂਵਰ ਦੇ ਗੁਰਦੁਆਰੇ ਵਿੱਚ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਨੂੰ ਗੁੰਡੇ ਬੇਲਾ ਸਿੰਘ ਜਿਆਣ ਰਾਹੀਂ ਕਤਲ ਕਰਵਾਉਣ ਦਾ ਦੋਸ਼ੀ ਸੀ।

ਮਨੀਲਾ ਦੇ ਗੁਰਦੁਆਰੇ ਵਿੱਚ ਹੋਏ ਭਾਰੀ ਇਕੱਠ ਵਿੱਚ ਸ਼ਬਦ ਦੀ ਤਾਕਤ ਨੇ ਸਭ ਵਿੱਚ ਹੋਰ ਤਕੜਾਈ ਭਰੀ। ਐਸ ਐਸ ਕੋਰੀਆ ਜਹਾਜ਼ ਜਾਪਾਨ ਦੀਆਂ ਬੰਦਰਗਾਹਾਂ ਰਾਹੀਂ ਮਨੀਲਾ ਦੀ ਬੰਦਰਗਾਹ ' ਤੇ ਪੁੱਜਾ ਤੇ ਤਿੰਨ ਦਿਨ ਰੁਕਿਆ। 70 ਦੇ ਕਰੀਬ ਮਨੀਲਾ ਦੇ ਗੁਰਦੁਆਰੇ ਪੁੱਜੇ ਗ਼ਦਰੀਆਂ ਨਾਲ ਜਾਣ ਪਹਿਚਾਣ ਵੀ ਗੁਰਦੁਆਰੇ ਅੰਦਰ ਹੀ ਹੋਈ। ਬੀਬੀ

ਗੁਲਾਬ ਕੌਰ ਨੇ ਵੀ ਤਕਰੀਰ ਕੀਤੀ ਕਿ ਔਰਤਾਂ ਨੂੰ ਵੀ ਹੱਕ ਹੈ ਕਿ ਉਹ ਆਜ਼ਾਦੀ ਸੰਘਰਸ਼ ਵਿਚ ਜੂਝਣ। ਮਨੀਲਾ ਵਿਚ ਬੀਬੀ ਗ਼ੁਲਾਬ ਕੌਰ ਦੀ ਭੂਮਿਕਾ ਬਾਰੇ ਹੋਮ ਪੁਲੀਟੀਕਲ ਅਕਤੂਬਰ 1915 ਵਿਚ ਦਰਜ ਹੈ ਕਿ :

ਇਕ ਔਰਤ ਨੇ ਇੰਝ ਜੋਸ਼ ਭਰਿਆ; "ਜੇਕਰ ਕੋਈ ਆਪਣੇ ਪਿਆਰੇ ਵਤਨ ਦੀ ਆਜ਼ਾਦੀ ਦੀ ਲੜਾਈ ਵਿਚ ਸ਼ਾਮਲ ਹੋਣ ਦੇ ਇਸ ਸੁਨਹਿਰੀ ਮੌਕੇ ਤੋਂ ਪਿੱਛੇ ਹਟਦਾ ਹੈ ਉਸ ਨੂੰ ਇਹ ਵੰਗਾਂ ਪਾ ਲੈਣੀਆਂ ਚਾਹੀਦੀਆਂ ਹਨ। ਫਿਰ ਉਸ ਨੇ ਖੱਬੇ ਹੱਥ ਦੀਆਂ ਵੰਗਾਂ ਲਾਹ ਕੇ ਹਵਾ ਵਿੱਚ ਲਹਿਰਾਈਆਂ ਅਤੇ ਉੱਚੀ ਲਲਕਾਰਾ ਮਾਰਿਆ ਕਿ ਜੇਕਰ ਆਦਮੀ ਇਹ ਨਹੀਂ ਕਰ ਸਕਦੇ ਤਾਂ ਅਸੀਂ ਔਰਤਾਂ ਜੰਗ ਦੇ ਮੈਦਾਨ ਵਿੱਚ ਜਾਵਾਂਗੀਆਂ। ਬੰਦੇ ਚੁੱਲ੍ਹੇ ਚੌਂਕੇ ਤੇ ਘਰਾਂ ਨੂੰ ਸੰਭਾਲ ਲੈਣ। ''

ਗੁਰਦੁਆਰੇ ਵਿੱਚ ਹੀ ਫ਼ੈਸਲਾ ਲਿਆ ਕਿ ਜਹਾਜ਼ ਤੁਰਨ ਤੋਂ ਪਹਿਲਾਂ ਬੰਦਰਗਾਹ ਪਹੁੰਚਿਆ ਜਾਵੇ। ਬੀਬੀ ਗ਼ੁਲਾਬ ਕੌਰ ਅਤੇ ਪਤੀ ਨੇ ਵੀ ਗ਼ਦਰੀ ਜਥਿਆਂ ਵਿਚ ਨਾਂ ਦਰਜ ਕਰਵਾ ਦਿੱਤੇ ਸਨ। ਪਰ ਅਚਾਨਕ ਗੁਲਾਬ ਕੌਰ ਦਾ ਕਰੜਾ ਇਮਤਿਹਾਨ ਪੈ ਗਿਆ ਕਿ ਜਹਾਜ਼ ' ਤੇ ਚੜ੍ਹਨ ਤੋਂ ਪਹਿਲਾਂ ਪਤੀ ਡੋਲ ਗਿਆ। ਗ਼ੁਲਾਬ ਕੌਰ ਦਾ ਵੀ ਰਸਤਾ ਡੱਕ ਕੇ ਖੜ੍ਹ ਗਿਆ। ਗ਼ੁਲਾਬ ਕੌਰ ਨੇ ਰਸਤਾ ਰੋਕਦੇ ਰਿਸ਼ਤੇ ਨੂੰ ਕੂੜ ਰਿਸ਼ਤੇ ਦੀ ਤਰ੍ਹਾਂ ਠੁਕਰਾ ਦਿੱਤਾ। ਗ਼ਦਰੀ ਦੇਸ਼ ਭਗਤਾਂ ਨਾਲ ਰਿਸ਼ਤਾ ਗੰਢ ਕੇ ਮਨੀਲਾ ਤੋਂ ਆਪਣੇ ਵਤਨ ਨੂੰ ਚੱਲ ਪਈ। ਬਿਨਾਂ ਸ਼ੱਕ ਮਨੀਲਾ ਦੀ ਗ਼ਦਰ ਪਾਰਟੀ ਦੇ ਵਾਕਫ਼ ਕਾਰਕੁੰਨ ਨਾਲ ਸਨ ਪਰ ਗ਼ੁਲਾਬ ਕੌਰ ਸਾਹਮਣੇ ਵੱਖਰੀ ਕਿਸਮ ਦੀਆਂ ਵੰਗਾਰਾਂ ਸਨ। ਸਰਕਾਰੀ ਨਜ਼ਰਾਂ ਤੋਂ ਬਚਣ ਲਈ ਜੀਵਨ ਸਿੰਘ ਦੌਲੇ ਸਿੰਘ ਵਾਲਾ ਨੂੰ ਪਤੀ ਲਿਖਵਾਉਣ ਦਾ ਢੰਗ ਤਰੀਕਾ ਅਪਣਾਉਣਾ ਪਿਆ।

ਮਨੀਲਾ ਤੋਂ ਜਹਾਜ਼ ਹਾਂਗਕਾਂਗ ਪੁੱਜਾ ਜਿੱਥੇ ਕੈਨੇਡਾ, ਅਮਰੀਕਾ ਅਤੇ ਜਾਪਾਨ ਤੋਂ ਆਉਂਦੇ ਜਹਾਜ਼ ਰੁਕਦੇ ਹਨ। ਇਨ੍ਹਾਂ ਦੇਸ਼ਾਂ ਅਤੇ ਚੀਨ ਤੋਂ ਆਉਣ ਵਾਲੇ ਹਿੰਦੀ ਸਭ ਉੱਤਰੇ ਹੋਏ ਸਨ। ਹਾਂਗਕਾਂਗ ਦਾ ਗੁਰਦੁਆਰਾ ਵੀ ਗ਼ਦਰੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਚੁੱਕਾ ਸੀ। ਰੋਜ਼ਾਨਾ ਦੀਵਾਨ ਸੱਜਦੇ ਹਿੰਦੀਆਂ ਤੋਂ ਇਲਾਵਾ ਹਿੰਦੀ ਫੌਜੀ ਤੇ ਪੁਲਿਸੀਏ ਵੀ ਸ਼ਰਧਾ ਸਹਿਤ ਸ਼ਾਮਲ ਹੁੰਦੇ। ਅੰਗਰੇਜ਼ ਹਕੂਮਤ ਨੇ ਫ਼ੌਜੀਆਂ' ਤੇ ਗੁਰਦੁਆਰੇ ਜਾਣ 'ਤੇ ਪਾਬੰਦੀ ਲਾ ਦਿੱਤੀ। ਗੁਰਦੁਆਰੇ ਦੇ ਗ੍ਰੰਥੀ ਭਾਈ ਭਗਵਾਨ ਸਿੰਘ ਨੂੰ ਹਟਾ ਕੇ ਭਾਈ ਹਰਨਾਮ ਸਿੰਘ ਕਹੂਟਾ ਨੂੰ ਗ੍ਰੰਥੀ ਲਾ ਦਿੱਤਾ ਪਰ ਉਹ ਵੀ ਸਹਿਯੋਗੀ ਬਣੇ ਰਹੇ। ਕੈਨੇਡਾ ਤੋਂ ਹੋਰ ਦੋ ਜੱਥੇ ਦੋ ਜਹਾਜ਼ਾਂ ਰਾਹੀਂ ਪੁੱਜ ਕੇ ਸ਼ਾਮਲ ਹੋ ਗਏ। ਗੁਰਦੁਆਰੇ ਅੰਦਰ ਭਾਰੀ ਇਕੱਠ ਵਿੱਚ ਗ਼ਦਰ ਗੂੰਜਾਂ ਪੈ ਰਹੀਆਂ ਸਨ। ਬੀਬੀ ਗ਼ੁਲਾਬ ਕੌਰ ਨੇ ਬਹੁਤ ਜੋਸ਼ੀਲੀ ਕਵਿਤਾ ਪੜ੍ਹੀ। ਇਕ ਦੋ ਸਤਰਾਂ:

ਉੱਠੋ ਨਾਲ ਕ੍ਰਿਪਾਨ ਦੇ ਹੱਕ ਲਈਏ,
ਬੁਰੇ ਹਾਲ ਕਰਾਉਣ ਦੀ ਲੋੜ ਕੀ ਏ ?
ਜੋ ਕੁਝ ਪਾਸ ਹੈ ਮੁਲਕ ਤੋਂ ਵਾਰ ਦੇਵੋ,
ਪਿੱਛੇ ਰੱਖ ਰਖਾਉਣ ਦੀ ਲੋੜ ਕੀ ਏ ?

29 ਅਕਤੂਬਰ 1914 ਨੂੰ ਤੋਸ਼ਾ ਮਾਰੂ ਜਹਾਜ਼ ਪੀਨਾਂਗ ਅਤੇ ਰੰਗੂਨ ਵਿਚੋਂ ਦੀ ਕਲਕੱਤੇ ਦੀ ਬੰਦਰਗਾਹ ' ਤੇ ਪੁੱਜਾ। ਪੁਲਿਸ ਤਲਾਸ਼ੀ ਵਿਚ ਸਭ ਸੁਰਖ਼ਰੂ ਹੋ ਨਿੱਕਲੇ। ਤੋਸ਼ਾ ਮਾਰੂ ਦੇ ਯਾਤਰੂ ਲਾਹੌਰ ਨੇੜੇ ਰਾਏਵਿੰਡ ਭੇਜੇ ਗਏ ਸਨ। ਪਰ ਪੁੱਛ-ਪੜਤਾਲ ਦਾ ਕੇਂਦਰ ਲੁਧਿਆਣਾ ਹੀ ਸੀ। ਗ਼ੁਲਾਬ ਕੌਰ ਅਤੇ ਕੁਝ ਸਾਥੀਆਂ ਦਾ ਬਚਾਅ ਹੋ ਗਿਆ।

ਗ਼ੁਲਾਬ ਕੌਰ ਅਤੇ ਜੀਵਨ ਸਿੰਘ ਆਪਣੇ ਘਰਾਂ ਨੂੰ ਜਾਣ ਦੀ ਥਾਂ ਪਿੰਡ ਕੋਟਲਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਭਾਈ ਅਮਰ ਸਿੰਘ ਦੇ ਘਰ 12 ਨਵੰਬਰ 1914 ਨੂੰ ਪੁੱਜ ਗਏ। ਜੋ ਜਹਾਜ਼ ਵਿਚ ਹੀ ਮਿੱਤਰ ਬਣਿਆ ਸੀ ਅਤੇ ਅਮਰੀਕਾ ਤੋਂ ਗ਼ਦਰ ਕਰਨ ਵਾਸਤੇ ਹੀ ਆਇਆ ਸੀ।

ਉੱਧਰ ਦੇਸ਼ ਪਰਤ ਰਹੇ ਗ਼ਦਰੀ ਆਗੂ ਘਾਟਾਂ 'ਤੇ ਉੱਤਰਦੇ ਹੀ ਅੰਗਰੇਜ਼ ਹਕੂਮਤ ਵਲੋਂ ਦਬੋਚੇ ਜਾਣ ਕਾਰਨ ਜਥੇਬੰਦੀ ਦਾ ਵਜੂਦ ਖ਼ਤਰੇ ਵਿਚ ਸੀ। ਜਥੇਬੰਦੀ ਦੀ ਸੁਰਜੀਤੀ ਦੀ ਲੋੜ ਨੂੰ ਮੁੱਖ ਰੱਖਦਿਆਂ ਭਾਈ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁੱਘਾ, ਪੰਡਤ ਜਗਤ ਰਾਮ, ਭਾਈ ਪਿਰਥੀ ਸਿੰਘ ਲਾਲੜੂ, ਭਾਈ ਬੋਤਾ ਸਿੰਘ ਸੰਘਵਾਲ ਅਤੇ ਭਾਈ ਰੂੜ ਸਿੰਘ ਚੂਹੜਚੱਕ ਤੇ ਕੁਝ ਹੋਰਾਂ ਦੀ ਕੇਂਦਰੀ ਕਮੇਟੀ ਦਾ ਗਠਨ ਕੀਤਾ ਗਿਆ। ਨਵੰਬਰ ਵਿਚ ਹੀ ਪੰਡਤ ਕਾਂਸ਼ੀ ਰਾਮ ਖ਼ਜ਼ਾਨਚੀ ਤੇ ਸ਼੍ਰੀ ਵਿਸ਼ਨੂ ਗਣੇਸ਼ ਪਿੰਗਲੇ ਵੀ ਸ਼ਾਮਲ ਹੋ ਗਏ।



ਬੀਬੀ ਗ਼ੁਲਾਬ ਕੌਰ ਦਾ ਜੋਸ਼ੀਲੇ ਅੰਦਾਜ ਵਿਚ ਇਕ ਚਿੱਤਰ

ਬੀਬੀ ਗ਼ੁਲਾਬ ਕੌਰ 'ਤੇ ਤਸ਼ੱਦਦ ਢਾਹਿਆ ਗਿਆ ਕਿ ਗ਼ਦਰੀਆਂ ਦੀ ਸੂਹ ਦੇਵੇ ਅਤੇ ਗ਼ਦਰੀਆਂ ਵਿਰੁੱਧ ਗਵਾਹ ਬਣੇ। ਸ: ਕਰਤਾਰ ਸਿੰਘ ਸਰਾਭਾ ਅਤੇ ਸ: ਜੀਵਨ ਸਿੰਘ ਵਾਂਗ ਫਾਹੇ ਟੰਗਣ ਦੇ ਡਰਾਵਿਆਂ ਦੇ ਨਾਲ ਨਾਲ ਲਾਲਚ ਵੀ ਦਿੱਤੇ। ਸੰਨ 1915 ਤੋਂ 1917 ਜਾਂ 1920 ਤੱਕ ਬਿਨਾਂ ਮੁਕੱਦਮੇ ਜੇਲ੍ਹ ਵਿਚ ਡੱਕੀ ਰੱਖਿਆ। ਰਿਹਾਈ ਉਪਰੰਤ ਬੀਬੀ ਗ਼ੁਲਾਬ ਕੌਰ ਕੋਟਲਾ ਨੌਧ ਸਿੰਘ ਦੇ ਭਾਈ ਅਮਰ ਸਿੰਘ ਦੇ ਪੁਰਾਣੇ ਟਿਕਾਣੇ ਚੁਬਾਰੇ ਵਿਚ ਹੀ ਰਹੀ।

ਪੁਲਿਸ ਦੇ ਤਸੀਹਿਆਂ ਦੀ ਝੰਬੀ ਦੇਹੀ ਦੀ ਛਾਤੀ 'ਤੇ ਹੋਇਆ ਫੋੜਾ ਕੈਂਸਰ ਬਣ ਗਿਆ। ਸ: ਅਮਰ ਸਿੰਘ ਤੇ ਉਨ੍ਹਾਂ ਦੀ ਭਰਜਾਈ ਦਿਆਲੀ ਨੇ ਇਲਾਜ਼ ਵੀ ਕਰਵਾਇਆ ਤੇ ਸੇਵਾ ਵੀ ਕੀਤੀ। ਪਰ ਬੀਬੀ ਗ਼ੁਲਾਬ ਕੌਰ 28 ਜੁਲਾਈ 1925 ਦੀ ਸ਼ਾਮ ਨੂੰ ਸਹਿਲਾ ਮਰਣਾ ਦੀ ਪਾਤਰ ਬਣ ਗਈ। 29 ਜੁਲਾਈ 1925 ਨੂੰ ਬੀਬੀ ਗ਼ੁਲਾਬ ਕੌਰ ਦੀ ਦੇਹ 'ਤੇ ਜੈਕਾਰਿਆਂ ਰੂਪੀ ਗ਼ੁਲਾਬ ਦੀ ਵਰਖਾ ਵਰਸਦਿਆਂ ਪਿੰਡ ਕੋਟਲਾ ਨੌਧ ਸਿੰਘ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸਸਕਾਰ ਹੋ ਗਿਆ। ਭਾਈ ਸ਼ਿਵ ਸਿੰਘ, ਭਾਈ ਅਮਰ ਸਿੰਘ ਅਤੇ ਸ: ਦਲੀਪ ਸਿੰਘ ਵਰਗੇ ਇਨਕਲਾਬੀਆਂ ਨੇ ਅਰਥੀ ਨੂੰ ਮੋਢਾ ਦਿੱਤਾ। ਆਪਣਾ ਨਾਮ ਗ਼ਦਰੀ ਬਾਬਿਆਂ ਦੀ ਪਹਿਲੀ ਕਤਾਰ ਵਿਚ ਜੋੜ ਬੀਬੀਆਂ ਦਾ ਮਾਣ ਬਣ ਗੁਜ਼ਰੀ।

ਬੀਬੀ ਗ਼ੁਲਾਬ ਕੌਰ ਅਤੇ ਭਾਈ ਅਮਰ ਸਿੰਘ ਹੁਸ਼ਿਆਰਪੁਰ ਦੇ ਪੁਰਾਤਨ ਵਪਾਰਕ ਕਸਬੇ ਹਰਿਆਣਾ ਦੇ ਖੇਤਰ ਦੇ ਪਿੰਡਾਂ ਵਿਚ ਗ਼ਦਰ ਲਹਿਰ ਉਭਾਰਨ ਵਾਸਤੇ ਗੁਪਤ ਮੀਟਿੰਗਾਂ ਕਰਦੇ। ਭਾਈ ਜੀਵਨ ਸਿੰਘ ਵਲੋਂ ਕੋਟਲਾ ਨੌਧ ਸਿੰਘ ਪਿੰਡ ਛੱਡਿਆ ਜਾ ਚੁੱਕਾ ਸੀ ਕਿਉਂਕਿ ਉਹ ਫਿਰੋਜ਼ਪੁਰ ਹਮਲੇ ਦੇ ਤਿਆਰੀ ਜੱਥੇ ਵਿਚ ਸ਼ਾਮਲ ਸਨ। ਬਾਬਾ ਹਰਨਾਮ ਸਿੰਘ ਟੁੰਡੀਲਾਟ ਜਨਵਰੀ ਸੰਨ 1915 ਵਿਚ ਕੋਟਲਾ ਨੌਧ ਸਿੰਘ ਪਹੁੰਚ ਗਏ। ਚਾਰ ਥੰਮ੍ਹ ਬਾਬਾ ਹਰਨਾਮ ਸਿੰਘ ਟੁੰਡੀਲਾਟ, ਭਾਈ ਸ਼ਿਵ ਸਿੰਘ, ਭਾਈ ਅਮਰ ਸਿੰਘ ਅਤੇ ਬੀਬੀ ਗ਼ੁਲਾਬ ਕੌਰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਣ ਲਈ ਆਪਣਾ ਘੇਰਾ ਵਿਸ਼ਾਲ ਕਰ ਹੀ ਰਹੇ ਸਨ ਕਿ ਪਿੰਡ ਕੋਟਲਾ ਨੌਧ ਸਿੰਘ ਦੇ ਹੀ ਜ਼ੈਲਦਾਰ ਨਰਿੰਦਰ ਸਿੰਘ ਨੇ ਸੁਨੇਹਾ ਲਾ ਦਿੱਤਾ ਕਿ ਕੱਲ੍ਹ ਥਾਣੇਦਾਰ ਨੇ ਬੁਲਾਇਆ ਹੈ। ਇਸ ਖ਼ਤਰੇ ਨੂੰ ਭਾਂਪਦਿਆਂ ਤਿੰਨ ਗ਼ਦਰੀ ਪਿੰਡ ਸੰਘਵਾਲ (ਜਲੰਧਰ) ਬੰਤਾ ਸਿੰਘ ਸੰਘਵਾਲ ਕੋਲ ਜਾ ਪਹੁੰਚੇ। ਭਾਈ ਅਮਰ ਸਿੰਘ ਨੂੰ ਹਕੂਮਤ ਦੀ ਕਿਸੇ ਵੀ ਕਾਰਵਾਈ 'ਤੇ ਨਜ਼ਰ ਰੱਖਣ ਲਈ ਪਿੰਡ ਵਿੱਚ ਹੀ ਰਹਿਣ ਦਿੱਤਾ। ਭਾਈ ਅਮਰ ਸਿੰਘ ਗੁਰਦੁਆਰੇ ਦਾ ਸ਼ਰਧਾਵਾਨ ਸੇਵਕ ਹੋਣ ਕਰਕੇ ਪਿੰਡ ਦਾ ਜ਼ੈਲਦਾਰ ਅਤੇ ਲੋਕ ਉਸ ਉੱਪਰ ਸ਼ੱਕ ਨਹੀਂ ਕਰਦੇ ਸਨ।

ਸਰਦਾਰ ਕਰਤਾਰ ਸਿੰਘ ਸਰਾਭਾ ਦੀ ਸਰਪ੍ਰਸਤੀ ਹੇਠ ਬੰਤਾ ਸਿੰਘ ਸੰਘਵਾਲ ਜਲੰਧਰ ਕਪੂਰਥਲਾ ਹੁਸ਼ਿਆਰਪੁਰ ਦੇ ਕਮਾਂਡਰ ਸਨ। ਸ: ਪਿਆਰਾ ਸਿੰਘ ਲੰਗੇਰੀ, ਬੀਬੀ ਗ਼ੁਲਾਬ ਕੌਰ ਨਾਲ ਆ ਰਲ਼ੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਅਤੇ ਡਾਕਟਰ ਅਰੂੜ ਸਿੰਘ ਰਾਤਾਂ ਨੂੰ ਗ਼ਦਰੀ ਡੀਟੈਚਮੈਂਟਾਂ ਖੜੀਆਂ ਕਰ ਰਹੇ ਸਨ। ਇਕ ਰਾਤ ਜਲੰਧਰ ਛਾਉਣੀ ਤੋਂ ਪੁਲਿਸ ਪਿੰਡ ਸੰਘਵਾਲ ਚੱਲ ਰਹੀ ਮੀਟਿੰਗ 'ਤੇ ਛਾਪਾ ਮਾਰਨ ਤੋਂ ਪਹਿਲਾਂ ਆਦਮਪੁਰ ਨੇੜਲੇ ਪਿੰਡ ਅਲਾਵਲਪੁਰ ਤੋਂ ਪੁਲਿਸ ਅਫ਼ਸਰ ਰਾਏ ਸਾਹਿਬ ਨੂੰ ਨਾਲ ਲੈਣ ਗਈ। ਰਾਏ ਸਾਹਿਬ ਦੇ ਪੁੱਤਰ ਭਗਤ ਰਾਮ ਨੂੰ ਛਾਪੇ ਦੀ ਭਿਣਕ ਪੈ ਗਈ। ਉਸ ਨੇ ਆਪਣੀ ਘੋੜੀ ਦੌੜਾਈ ਤੇ ਸੰਘਵਾਲ ਜਾ ਗ਼ਦਰੀਆਂ ਨੂੰ ਸੂਹ ਦੇ ਦਿੱਤੀ। ਗ਼ਦਰੀ ਫਰਾਰ ਤਾਂ ਹੋ ਗਏ ਪਰ ਗ਼ਦਰੀ ਸਾਹਿਤ ਅਤੇ ਹਥਿਆਰ ਨਾ ਚੁੱਕ ਸਕੇ। ਬੀਬੀ ਗ਼ੁਲਾਬ ਕੌਰ ਨੇ ਸਭ ਕੁਝ ਇਕ ਟੋਕਰੀ ਵਿੱਚ ਪਾ ਲਿਆ ਅਤੇ ਘੱਗਰਾ ਪਾ ਕੇ ਤੇ ਘੁੰਢ ਕੱਢ ਕੇ ਖੂਹ ਵੱਲ ਨੂੰ ਚੱਲ ਪਈ। ਪੁਲਿਸ ਉਸ ਦੇ ਕੋਲ ਦੀ ਲੰਘ ਗਈ । ਗ਼ੁਲਾਬ ਕੌਰ ਦੀ ਬਦੌਲਤ ਸਾਹਿਤ ਅਤੇ ਹਥਿਆਰ ਸਭ ਕੁਝ ਸੁਰੱਖਿਅਤ ਰਹਿ ਗਿਆ। ਪੁਲਿਸ ਨੇ ਸ਼ੱਕ ਦੇ ਆਧਾਰ 'ਤੇ ਭਗਤ ਰਾਮ ਨੂੰ ਅਲਾਵਲਪੁਰ ਪਿੰਡ ਵਿੱਚ ਨਜ਼ਰਬੰਦ ਬਣਾਈ ਰੱਖਿਆ।

ਬੀਬੀ ਗ਼ੁਲਾਬ ਕੌਰ ਨੇ ਕੇਂਦਰੀ ਕਮੇਟੀ ਵਿੱਚ ਰਹਿੰਦਿਆਂ ਅਹਿਮ ਸਰਗਰਮੀ ਕੀਤੀ। ਪਹਿਲਾਂ ਅੰਮ੍ਰਿਤਸਰ ਅਤੇ ਫਿਰ ਲਾਹੌਰ ਹੈਡਕੁਆਰਟਰ ਹੁੰਦਿਆਂ ਕੁਆਰੇ ਤੇ ਛੜੇ ਮਰਦਾਂ ਨੂੰ ਸ਼ਹਿਰਾਂ ਵਿੱਚ ਕਿਰਾਏ 'ਤੇ ਮਕਾਨ ਲੈਣ ਲਈ ਪਤਨੀ ਹੋਣ ਦੀ ਭੂਮਿਕਾ ਨਿਭਾਉਂਦੀ। ਸ਼੍ਰੀਮਤੀ ਸਤਿਆਵਤੀ ਸੁਪਤਨੀ ਸ੍ਰੀ ਰਾਮ ਸ਼ਰਨਦਾਸ ਕਪੂਰਥਲਾ ਨੇ ਵੀ ਇਹ ਬਹੁਮੁੱਲੀ ਸੇਵਾ ਨਿਭਾਈ।

ਬੀਬੀ ਗ਼ੁਲਾਬ ਕੌਰ ਲਾਹੌਰ ਦੇ ਰੇਲਵੇ ਸਟੇਸ਼ਨ ਨੇੜੇ ਮੂਲ ਚੰਦ ਦੀ ਸਰਾਂ ਦੇ ਇਕ ਕਮਰੇ ਵਿਚ ਚਰਖਾ ਡਾਹ ਕੇ ਕੱਤਦੀ ਰਹਿੰਦੀ। ਇਹ ਪੁੱਛ ਗਿੱਛ ਦਫ਼ਤਰ ਵਜੋਂ ਲਾਹੌਰ ਦੇ ਡਾਕਖਾਨੇ ਅਤੇ ਗ਼ਦਰ ਪਾਰਟੀ ਦੇ ਅੱਡਿਆਂ ਨਾਲ ਸੰਪਰਕ ਰੱਖਦੀ ਸੀ। ਸ: ਕਰਤਾਰ ਸਿੰਘ ਵਲੋਂ ਚੱਲ ਰਹੀ ਗੁਪਤ ਪ੍ਰੈਸ ਦੀ ਜ਼ਿੰਮੇਵਾਰੀ ਵੀ ਨਿਭਾ ਰਹੀ ਸੀ। ਗ਼ਦਰੀ ਝੰਡੇ ਵੀ ਆਪ ਸਿਉਂਦੀ ਤੇ ਜਿਉਂਦੀ।

ਜਦ 19 ਫਰਵਰੀ 1915 ਨੂੰ ਲਾਹੌਰ ਵਿਚ ਫੜ੍ਹੋ-ਫੜ੍ਹਾਈ ਸ਼ੁਰੂ ਹੋਈ ਅਤੇ ਡਾਕ 'ਤੇ ਸੈਂਸਰ ਲੱਗ ਗਿਆ ਤਾਂ ਇਨਕਲਾਬੀ ਰੂਪੋਸ਼ ਹੋ ਗਏ। ਬੀਬੀ ਗ਼ੁਲਾਬ ਕੌਰ ਦੀ ਗ੍ਰਿਫ਼ਤਾਰੀ ਲਈ ਇਨਾਮ ਰੱਖਿਆ ਜਾ ਚੁੱਕਾ ਸੀ। ਫਿਰ ਵੀ ਦੋਹਰੇ ਥੱਲੇ ਵਾਲੀ ਟੋਕਰੀ ਦੇ ਹੇਠਲੇ ਹਿੱਸੇ ਵਿੱਚ ਪਿਸਤੌਲ ਗੋਲੀਆਂ ਤੇ ਚਿੱਠੀਆਂ ਲੁਕੋ ਕੇ ਉੱਪਰ ਵਾਲੇ ਹਿੱਸੇ ਵਿੱਚ ਵੰਗਾਂ ਚੂੜੀਆਂ ਗਜਰੇ ਰੱਖ ਕੇ ਵੇਚਦੀ ਤੇ ਗ਼ਦਰੀਆਂ ਨੂੰ ਸੁਨੇਹੇ ਲਾਉਂਦੀ। ਗ਼ਦਰ ਸਾਥੀ ਦੇ ਸਬੂਤ ਨੂੰ ਪੁਖ਼ਤਾ ਕਰਨ ਵਾਸਤੇ ਕੋਡ ਵਰਡ ਲੋਹਟ ਬੱਧੀ, ਸਰਬਲੋਹ ਤੇ ਫਰਿਸਕੋ ਆਦਿ ਵਰਤੇ ਜਾਂਦੇ।

ਗ਼ਦਰ ਪਾਰਟੀ ਵਲੋਂ ਹਥਿਆਰਬੰਦ ਇਨਕਲਾਬ ਲਈ ਵਿਉਂਤੀ ਤਾਰੀਖ 21 ਫਰਵਰੀ 1915 ਦੀ ਥਾਂ 19 ਫਰਵਰੀ ਕਰਨੀ ਪਈ ਕਿਉਂਕਿ ਸੂਹੀਏ ਕਿਰਪਾਲ ਸਿੰਘ ਨੇ ਇਹ ਸੂਚਨਾ ਸਰਕਾਰ ਨੂੰ ਦੇ ਦਿੱਤੀ ਸੀ। ਪਰ 19 ਫਰਵਰੀ ਦੀ ਸੂਹ ਵੀ ਕਿਰਪਾਲ ਸਿੰਘ ਨੇ ਦੇ ਦਿੱਤੀ। ਗ਼ਦਰ ਆਰੰਭਣ ਦੀ ਅਸਫ਼ਲਤਾ ਤੋਂ ਬਾਅਦ ਸ: ਕਰਤਾਰ ਸਿੰਘ ਸਰਾਭਾ ਅਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੇ ਲਾਹੌਰ ਪਹੁੰਚ ਕੇ ਰਾਸ ਬਿਹਾਰੀ ਬੋਸ ਨਾਲ ਮੁਲਾਕਾਤ ਕੀਤੀ। ਏਥੇ ਵੀ ਖ਼ਤਰੇ ਦੇ ਮੱਦੇਨਜ਼ਰ ਰਾਮ ਸ਼ਰਨ ਦਾਸ ਨੂੰ ਹੁਕਮ ਦਿੱਤਾ ਕਿ ਆਪਣੀ ਪਤਨੀ ਨੂੰ ਕਪੂਰਥਲੇ ਛੱਡੇ। ਸਾਰੇ ਰੂਪੋਸ਼ ਹੋ ਜਾਈਏ। ਬੀਬੀ ਗ਼ੁਲਾਬ ਕੌਰ ਵੀ ਰੂਪੋਸ਼ੀ ਲਈ ਦੁਆਬੇ ਵਿੱਚ ਪੁੱਜ ਗਈ। ਏਥੇ ਵੀ ਸ਼ਹੀਦ ਰੰਗਾ ਸਿੰਘ ਖੁਰਦਪੁਰ (ਆਦਮਪੁਰ) ਤੇ ਸ਼ਹੀਦ ਜਵੰਦ ਸਿੰਘ ਨਾਲ ਪਿੰਡਾਂ ਵਿਚ ਸਰਗਰਮ ਰਹੀ। ਵੱਡੀ ਪੱਧਰ' ਤੇ ਗ੍ਰਿਫਤਾਰੀਆਂ ਕਾਰਨ ਇਕੱਲੀ ਰਹਿ ਗਈ ਗ਼ੁਲਾਬ ਕੌਰ ਫਿਰ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਵਿਖੇ ਭਾਈ ਅਮਰ ਸਿੰਘ ਕੋਲ ਪੁੱਜ ਗਈ। ਇਸੇ ਪਿੰਡ ਦੇ ਭਾਈ ਸ਼ਿਵ ਸਿੰਘ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੋਇਆ ਸੀ ਤੇ ਛੇਤੀ ਹੀ ਮੁਖਬਰੀ ਹੋਣ ਕਰਕੇ ਬੀਬੀ ਗ਼ੁਲਾਬ ਕੌਰ ਅਤੇ ਭਾਈ ਅਮਰ ਸਿੰਘ ਨੂੰ ਵੀ ਹਰਿਆਣਾ (ਹੁਸ਼ਿਆਰਪੁਰ) ਪੁਲਿਸ ਨੇ ਗ੍ਰਿਫਤਾਰ ਕਰ ਲਿਆ।

ਬੀਬੀ ਗ਼ੁਲਾਬ ਕੌਰ 'ਤੇ ਤਸ਼ੱਦਦ ਢਾਹਿਆ ਗਿਆ ਕਿ ਗ਼ਦਰੀਆਂ ਦੀ ਸੂਹ ਦੇਵੇ ਅਤੇ ਗ਼ਦਰੀਆਂ ਵਿਰੁੱਧ ਗਵਾਹ ਬਣੇ। ਸ: ਕਰਤਾਰ ਸਿੰਘ ਸਰਾਭਾ ਅਤੇ ਸ: ਜੀਵਨ ਸਿੰਘ ਵਾਂਗ ਫਾਹੇ ਟੰਗਣ ਦੇ ਡਰਾਵਿਆਂ ਦੇ ਨਾਲ ਨਾਲ ਲਾਲਚ ਵੀ ਦਿੱਤੇ। ਸੰਨ 1915 ਤੋਂ 1917 ਜਾਂ 1920 ਤੱਕ ਬਿਨਾਂ ਮੁਕੱਦਮੇ ਜੇਲ੍ਹ ਵਿਚ ਡੱਕੀ ਰੱਖਿਆ। ਰਿਹਾਈ ਉਪਰੰਤ ਬੀਬੀ ਗ਼ੁਲਾਬ ਕੌਰ ਕੋਟਲਾ ਨੌਧ ਸਿੰਘ ਦੇ ਭਾਈ ਅਮਰ ਸਿੰਘ ਦੇ ਪੁਰਾਣੇ ਟਿਕਾਣੇ ਚੁਬਾਰੇ ਵਿਚ ਹੀ ਰਹੀ।

ਪੁਲਿਸ ਦੇ ਤਸੀਹਿਆਂ ਦੀ ਝੰਬੀ ਦੇਹੀ ਦੀ ਛਾਤੀ 'ਤੇ ਹੋਇਆ ਫੋੜਾ ਕੈਂਸਰ ਬਣ ਗਿਆ। ਸ: ਅਮਰ ਸਿੰਘ ਤੇ ਉਨ੍ਹਾਂ ਦੀ ਭਰਜਾਈ ਦਿਆਲੀ ਨੇ ਇਲਾਜ਼ ਵੀ ਕਰਵਾਇਆ ਤੇ ਸੇਵਾ ਵੀ ਕੀਤੀ। ਪਰ ਬੀਬੀ ਗ਼ੁਲਾਬ ਕੌਰ 28 ਜੁਲਾਈ 1925 ਦੀ ਸ਼ਾਮ ਨੂੰ ਸਹਿਲਾ ਮਰਣਾ ਦੀ ਪਾਤਰ ਬਣ ਗਈ। 29 ਜੁਲਾਈ 1925 ਨੂੰ ਬੀਬੀ ਗ਼ੁਲਾਬ ਕੌਰ ਦੀ ਦੇਹ 'ਤੇ ਜੈਕਾਰਿਆਂ ਰੂਪੀ ਗ਼ੁਲਾਬ ਦੀ ਵਰਖਾ ਵਰਸਦਿਆਂ ਪਿੰਡ ਕੋਟਲਾ ਨੌਧ ਸਿੰਘ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸਸਕਾਰ ਹੋ ਗਿਆ। ਭਾਈ ਸ਼ਿਵ ਸਿੰਘ, ਭਾਈ ਅਮਰ ਸਿੰਘ ਅਤੇ ਸ: ਦਲੀਪ ਸਿੰਘ ਵਰਗੇ ਇਨਕਲਾਬੀਆਂ ਨੇ ਅਰਥੀ ਨੂੰ ਮੋਢਾ ਦਿੱਤਾ। ਆਪਣਾ ਨਾਮ ਗ਼ਦਰੀ ਬਾਬਿਆਂ ਦੀ ਪਹਿਲੀ ਕਤਾਰ ਵਿਚ ਜੋੜ ਬੀਬੀਆਂ ਦਾ ਮਾਣ ਬਣ ਗੁਜ਼ਰੀ।

-0-

ਪਹਿਲੇ ਖ਼ਾਲਸਾ ਰਾਜ ਦਾ ਬਾਨੀ-

ਬਾਬਾ ਬੰਦਾ ਸਿੰਘ ਬਹਾਦਰ

ਇੰਜ. ਗੁਰਪ੍ਰੀਤ ਸਿੰਘ ਤਲਵੰਡੀ # 98728-01913

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 16 ਅਕਤੂਬਰ 1670 ਨੂੰ ਕਸ਼ਮੀਰ ਦੇ ਜੰਮੂ ਅਤੇ ਪੁਣਛ ਦੇ ਵਿਚਕਾਰ ਪੈਂਦੇ ਪਹਾੜੀ ਕਸਬੇ ਰਾਜੌਰੀ ਵਿੱਚ ਪਿਤਾ ਰਾਮ ਦੇਵ ਦੇ ਘਰ ਹੋਇਆ। ਬਾਬਾ ਬੰਦਾ ਸਿੰਘ ਦਾ ਪਹਿਲਾਂ ਨਾਮ ਲਛਮਣ ਦੇਵ ਸੀ। ਰਾਜਪੂਤ ਹੋਣ ਕਾਰਨ ਲਛਮਣ ਦੇਵ ਨੇ ਛੋਟੀ ਉਮਰ ਵਿੱਚ ਹੀ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਸ਼ਿਕਾਰ ਖੇਡਦਿਆਂ ਇੱਕ ਹਿਰਨੀ ਦਾ ਐਸਾ ਸ਼ਿਕਾਰ ਕੀਤਾ ਕਿ ਉਸ ਦੇ ਮਰਨ ਸਾਰ ਹੀ ਦੋ ਮਾਸੂਮ ਬੱਚੇ ਪੇਟ ਵਿੱਚੋਂ ਨਿੱਕਲ ਕੇ ਲਛਮਣ ਦੇਵ ਦੇ ਸਾਹਮਣੇ ਹੀ ਦਮ ਤੋੜ ਗਏ। ਇਸ ਘਟਨਾ ਤੋਂ ਬਾਅਦ ਉਹ ਘਰ ਤਿਆਗ ਕੇ ਕੁੱਝ ਸਾਧੂਆਂ ਦੇ ਟੋਲੇ ਵਿੱਚ ਸ਼ਾਮਲ ਗਿਆ ਅਤੇ ਤੀਰਥ ਯਾਤਰਾਵਾਂ ਵੱਲ ਤੁਰ ਪਿਆ। ਘੁੰਮਦੇ ਘੁਮਾਉਂਦੇ ਨਾਸਿਕ ਵਿੱਚ ਔਘੜ ਨਾਥ ਨਾਂ ਦੇ ਤਾਂਤਰਿਕ ਨਾਲ ਮੇਲ ਹੋਇਆ। ਕੁੱਝ ਸਮਾਂ ਤੰਤਰ ਵਿੱਦਿਆ ਵਿੱਚ ਨਿਪੁੰਨ ਹੋ ਕੇ ਲਛਮਣ ਦੇਵ ਨੇ ਆਪਣਾ ਵੱਖਰਾ ਡੇਰਾ ਗੋਦਾਵਰੀ ਨਦੀ ਦੇ ਕੰਢੇ ਬਣਾ ਲਿਆ। ਲਛਮਣ ਦੇਵ ਦਾ ਦੂਸਰਾ ਨਾਮ ਮਾਧੋ ਦਾਸ ਵੀ ਆਮ ਲੋਕਾਂ ਵਿੱਚ ਪ੍ਰਚੱਲਿਤ ਸੀ। ਇਤਿਹਾਸ ਦੇ ਵਰਕੇ ਫਰੋਲੀਏ ਤਾਂ ਇਹ ਵੀ ਪਤਾ ਲਗਦਾ ਹੈ ਕਿ ਮਾਧੋ ਦਾਸ ਆਪਣਾ ਬਾਣਾ ਤਿਆਗ ਕੇ ਕੁੱਝ ਸਮਾਂ ਮਰਾਠਾ ਸੈਨਾ ਵਿੱਚ ਆਪਣੇ ਜੰਗੀ ਕਰਤੱਵ ਦਿਖਾ ਚੁੱਕਾ ਸੀ। ਜੰਗਾਂ ਯੁੱਧਾਂ ਵਿੱਚ ਹੁੰਦੀ ਕਤਲੋ-ਗਾਰਤ ਤੋਂ ਦੁਖੀ ਹੋ ਕੇ ਉਸ ਨੇ ਮੁੜ ਬੈਰਾਗੀ ਰੂਪ ਧਾਰਨ ਕਰ ਲਿਆ ਸੀ। ਉਸ ਦੇ ਨਾਂ ਦੀ ਚਰਚਾ ਸੁਣ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਦੀ ਮਾਧੋ ਦਾਸ ਨਾਲ ਹੋਈ ਮੁਲਾਕਾਤ ਅਤੇ ਉਸ ਤੋਂ ਬਾਅਦ ਵਾਪਰੇ ਘਟਨਾ-ਕ੍ਰਮ ਨੇ ਸਮੁੱਚੇ ਦੇਸ਼ ਦੇ ਇਤਿਹਾਸ ਵਿੱਚ ਇੱਕ ਐਸਾ ਸੁਨਹਿਰਾ ਪੰਨਾ ਜੋੜ ਦਿੱਤਾ, ਜਿਸ ਦੀ ਮਿਸਾਲ ਸ਼ਾਇਦ ਦੁਨੀਆਂ ਦੇ ਇਤਿਹਾਸ ਵਿੱਚ ਮਿਲਣੀ ਮੁਸ਼ਕਲ ਹੈ। ਸੰਨ੍ 1704 ਈ: ਨੂੰ ਉਸ ਵੇਲੇ ਦੇ ਸਰਹੰਦ ਦੇ ਜ਼ਾਲਮ ਮੁਗਲ ਸੂਬੇਦਾਰ ਵਜ਼ੀਰ ਖਾਂ ਦੁਆਰਾ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ (9) ਅਤੇ ਬਾਬਾ ਫ਼ਤਹਿ ਸਿੰਘ (7) ਨੂੰ ਜਿਉਂਦਿਆਂ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਗਏ। ਗੁਰੂ ਸਾਹਿਬ ਆਪਣੇ ਚਾਰਾਂ ਸਪੁੱਤਰਾਂ ਅਤੇ ਮਾਤਾ ਗੁਜਰੀ ਨੂੰ ਸਿੱਖੀ ਤੋਂ ਵਾਰ ਕੇ ਤਲਵੰਡੀ ਸਾਬੋ (ਬਠਿੰਡਾ) ਦੀ ਧਰਤੀ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾ ਕੇ ਦੱਖਣ ਵੱਲ ਨੂੰ ਚੱਲ ਪਏ। ਦੱਖਣ ਵਿੱਚ ਮਹਾਂਰਾਸ਼ਟਰ ਰਾਜ ਦੇ ਨੰਦੇੜ ਵਿੱਚ ਗੋਦਾਵਰੀ ਨਦੀ ਦੇ ਕੰਢੇ ਗੁਰੂ ਸਾਹਿਬ ਦਾ ਬੈਰਾਗੀ ਸਾਧੂ ਮਾਧੋ ਦਾਸ ਨਾਲ ਮੇਲ ਹੋਇਆ। ਇਸੇ ਡੇਰੇ ਵਿੱਚ ਹੀ ਗੁਰੂ ਜੀ ਨੇ ਉਸ ਨੂੰ ਪੰਜਾਬ 'ਚ ਜ਼ਾਲਮ ਮੁਗਲ ਸਾਮਰਾਜ ਦੁਆਰਾ ਆਮ ਗਰੀਬ ਮਜ਼ਲੂਮ ਲੋਕਾਂ 'ਤੇ ਢਾਹੇ ਜਾ ਰਹੇ ਅੱਤਿਆਚਾਰਾਂ ਦੇ ਮੁਕੰਮਲ ਖਾਤਮੇ ਲਈ ਤਿਆਰ ਕੀਤਾ। ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਗੁਰਬਖਸ਼ ਸਿੰਘ ਨਾਮ ਰੱਖਿਆ, ਜੋ ਬਾਅਦ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਗੁਰੂ ਗੋਬਿੰਦ ਸਿੰਘ ਨੇ ਬਾਬਾ ਬੰਦਾ ਸਿੰਘ ਦੇ ਨਾਲ ਬਾਬਾ ਵਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਰਣ ਸਿੰਘ ਅਤੇ ਭਾਈ ਦਇਆ ਸਿੰਘ ਤੋਂ ਇਲਾਵਾ ਪੰਜ ਤੀਰਾਂ ਤੋਂ ਬਿਨ੍ਹਾਂ ਕਰੀਬ 20 ਕੁ ਸਿੰਘ ਅਤੇ ਸਿੱਖ ਸੰਗਤ ਲਈ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਮੁਗਲਾਂ ਨਾਲ ਲੋਹਾ ਲੈਣ ਲਈ ਹੁਕਮਨਾਮੇ ਦੇ ਕੇ ਸੰਨ੍ 1708 ਨੂੰ ਪੰਜਾਬ ਵੱਲ੍ ਭੇਜਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਸਿੱਖਾਂ ਨੇ 11 ਨਵੰਬਰ 1709 ਨੂੰ ਮੁਗਲ ਸਾਮਰਾਜ ਦੇ ਨਾਮੀਂ ਪਰਗਣੇ ਸਮਾਣਾਂ ਨੂੰ ਜਿੱਤਿਆ। ਇਸ ਤੋਂ ਬਿਨ੍ਹਾਂ ਸੋਨੀਪਤ, ਸ਼ਾਹਬਾਦ, ਮੁਸਤਫਾਬਾਦ, ਕਪੂਰੀ, ਬਨੂੜ ਅਤੇ ਪੀਰ ਬੁੱਧੂ ਸ਼ਾਹ ਦੇ ਜੱਦੀ ਕਸਬਾ ਸਢੌਰਾ ਨੂੰ ਮੁਗਲਾਂ ਦੇ ਕਬਜ਼ੇ ਤੋਂ



5 ਮਾਰਚ, 1716 ਨੂੰ ਸਿੰਘਾਂ ਦਾ ਕਤਲੇਆਮ ਸ਼ੁਰੂ ਕੀਤਾ ਗਿਆ। ਹਰ ਰੋਜ਼ 100 ਸਿੰਘਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਂਦਾ ਰਿਹਾ। ਇਸੇ ਦੌਰਾਨ 9 ਜੂਨ, 1716 ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਨਾਲ ਦੇ ਕੁੱਝ ਸਿੰਘਾਂ ਨੂੰ ਬੰਦੀਖਾਨੇ ਵਿੱਚੋਂ ਕੱਢ ਕੇ ਕੁਤਬ ਮੀਨਾਰ ਦੇ ਨੇੜੇ ਖੁਆਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਕੋਲ ਲਿਜਾਇਆ ਗਿਆ। ਇਤਿਹਾਸਕਾਰਾਂ ਅਨੁਸਾਰ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਸੂਮ ਬੱਚੇ ਨੂੰ ਉਨ੍ਹਾਂ ਦੇ ਸਾਹਮਣੇ ਬੜੀ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ। ਬੱਚੇ ਦਾ ਧੜਕਦਾ ਦਿਲ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਪਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਸਰੀਰ ਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ। ਪਰ ਸਿੱਖਾਂ ਦਾ ਉਹ ਬਹਾਦਰ ਜਰਨੈਲ ਆਪਣੇ ਸਿਦਕ ਤੋਂ ਨਾਂ ਡੋਲਿਆ। ਅੰਤ ਇੱਕ ਤਲਵਾਰ ਦੇ ਵਾਰ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ ਸਿਰ ਧੜ ਨਾਲੋਂ ਅਲੱਗ ਕਰਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਅਜ਼ਾਦ ਕਰਵਾਇਆ। ਪੰਜਾਬ ਦੇ ਮਾਝਾ, ਮਾਲਵਾ ਦੇ ਸਿੰਘਾਂ ਨੂੰ ਹੁਕਮਨਾਮੇ ਭੇਜ ਕੇ ਸੰਗਠਿਤ ਕਰਕੇ ਸਰਹੰਦ ਨਾਲ ਟੱਕਰ ਲੈਣ ਦੀ ਵਿਉਂਤ ਬਣਾਈ। ਮਾਲਵੇ ਦੇ ਸਿੰਘਾਂ ਦੀ ਕਮਾਂਡ ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਆਲੀ ਸਿੰਘ ਨੂੰ ਸੰਭਾਲੀ। ਜਦਕਿ ਮਝੈਲ ਸਿੰਘਾਂ ਦੇ ਜੱਥੇ ਦੀ ਅਗਵਾਈ ਲਈ ਬਾਬਾ ਵਿਨੋਦ ਸਿੰਘ, ਭਾਈ ਬਾਜ ਸਿੰਘ, ਰਾਮ ਸਿੰਘ ਅਤੇ ਸ਼ਾਮ ਸਿੰਘ ਨੂੰ ਨਿਯੁਕਤ ਕੀਤਾ। ਸਰਹੰਦ ਦੇ ਹਾਕਮ ਵਜ਼ੀਰ ਖਾਨ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਵੱਧਦੀ ਤਾਕਤ ਦਾ ਅੰਦਾਜ਼ਾ ਲੱਗ ਚੁੱਕਾ ਸੀ। ਉਸ ਨੇ ਪੂਰੇ

ਭਾਰਤ ਵਿੱਚੋਂ ਕੱਟੜ ਮੁਸਲਮਾਨ ਇਕੱਠੇ ਕਰਨ ਲਈ ਵੀ ਕੋਈ ਢਿੱਲ ਨਾ ਕੀਤੀ। ਸਿੰਘਾਂ ਦੇ ਬਨੂੜ ਵੱਲ ਵਧਣ 'ਤੇ ਵਜ਼ੀਰ ਖਾਂ ਨੇ ਬਨੂੜ ਖਰੜ ਰੋਡ ਉੱਪਰ ਚੱਪੜ ਚਿੜੀ ਦੇ ਖੁੱਲੇ ਮੈਦਾਨ ਵਿੱਚ ਆਪਣੀਆਂ ਫੌਜਾਂ ਇਕੱਠੀਆਂ ਕਰਕੇ ਸਿੰਘਾਂ ਨਾਲ ਦੋ ਹੱਥ ਕਰਨ ਦੀ ਤਿਆਰੀ ਕਰ ਲਈ। ਸਰਹੰਦ ਤੋਂ 12 ਕੋਹ ਦੇ ਫਾਸਲੇ 'ਤੇ ਚੱਪੜ ਚਿੜੀ ਦੇ ਮੈਦਾਨ ਵਿੱਚ 12 ਮਈ ਸੰਨ੍ਹ 1710 ਨੂੰ ਜ਼ਬਰਦਸਤ ਯੁੱਧ ਹੋਇਆ। ਪਹਿਲਾਂ ਤਾਂ ਭਾਵੇਂ ਮੁਗਲ ਫੌਜਾਂ ਸਿੰਘਾਂ ਤੇ ਭਾਰੂ ਪੈ ਰਹੀਆਂ ਸਨ, ਪਰ ਅਜਿਹੀ ਸਥਿਤੀ ਸੰਬੰਧੀ ਭਾਈ ਬਾਜ ਸਿੰਘ ਦੁਆਰਾ ਬਾਬਾ ਬੰਦਾ ਸਿੰਘ ਨੂੰ ਤੁਰੰਤ ਜਾਣੂ ਕਰਵਾਉਣ 'ਤੇ ਉਹ ਖੁਦ ਜੰਗ ਵਿੱਚ ਕੁੱਦ



ਗੁਰੂ ਗੋਬਿੰਦ ਸਿੰਘ ਨੇ ਬਾਬਾ ਬੰਦਾ ਸਿੰਘ ਦੇ ਨਾਲ ਬਾਬਾ ਵਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਰਣ ਸਿੰਘ ਅਤੇ ਭਾਈ ਦਇਆ ਸਿੰਘ ਤੋਂ ਇਲਾਵਾ ਪੰਜ ਤੀਰਾਂ ਤੋਂ ਬਿਨ੍ਹਾਂ ਕਰੀਬ 20 ਕੁ ਸਿੰਘ ਅਤੇ ਸਿੱਖ ਸੰਗਤ ਲਈ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਮੁਗਲਾਂ ਨਾਲ ਲੋਹਾ ਲੈਣ ਲਈ ਹੁਕਮਨਾਮੇ ਦੇ ਕੇ ਸੰਨ੍ਹ 1708 ਨੂੰ ਪੰਜਾਬ ਵੱਲ੍ਹ ਭੇਜਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਸਿੱਖਾਂ ਨੇ 11 ਨਵੰਬਰ 1709 ਨੂੰ ਮੁਗਲ ਸਾਮਰਾਜ ਦੇ ਨਾਮੀਂ ਪਰਗਣੇ ਸਮਾਣਾਂ ਨੂੰ ਜਿੱਤਿਆ। ਇਸ ਤੋਂ ਬਿਨ੍ਹਾਂ ਸੋਨੀਪਤ, ਸ਼ਾਹਬਾਦ, ਮੁਸਤਫਾਬਾਦ, ਕਪੂਰੀ, ਬਨੂੜ ਅਤੇ ਪੀਰ ਬੁੱਧੂ ਸ਼ਾਹ ਦੇ ਜੱਦੀ ਕਸਬਾ ਸਢੌਰਾ ਨੂੰ ਮੁਗਲਾਂ ਦੇ ਕਬਜ਼ੇ ਤੋਂ ਅਜ਼ਾਦ ਕਰਵਾਇਆ। ਪੰਜਾਬ ਦੇ ਮਾਝਾ, ਮਾਲਵਾ ਦੇ ਸਿੰਘਾਂ ਨੂੰ ਹੁਕਮਨਾਮੇ ਭੇਜ ਕੇ ਸੰਗਠਿਤ ਕਰਕੇ ਸਰਹੰਦ ਨਾਲ ਟੱਕਰ ਲੈਣ ਦੀ ਵਿਉਂਤ ਬਣਾਈ। ਮਾਲਵੇ ਦੇ ਸਿੰਘਾਂ ਦੀ ਕਮਾਂਡ ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਆਲੀ ਸਿੰਘ ਨੂੰ ਸੰਭਾਲੀ। ਜਦਕਿ ਮਝੈਲ ਸਿੰਘਾਂ ਦੇ ਜੱਥੇ ਦੀ ਅਗਵਾਈ ਲਈ ਬਾਬਾ ਵਿਨੋਦ ਸਿੰਘ, ਭਾਈ ਬਾਜ ਸਿੰਘ, ਰਾਮ ਸਿੰਘ ਅਤੇ ਸ਼ਾਮ ਸਿੰਘ ਨੂੰ ਨਿਯੁਕਤ ਕੀਤਾ।

ਪਏ। ਉਨ੍ਹਾਂ ਦੇ ਜੰਗ ਵਿੱਚ ਆਉਣ ਨਾਲ ਸਿੰਘਾਂ ਦੇ ਹੌਂਸਲੇ ਵੱਧ ਗਏ। ਇਸ ਜੰਗ ਦੌਰਾਨ ਸਿੰਘਾਂ ਨਾਲੋਂ ਕਈ ਗੁਣਾ ਜ਼ਿਆਦਾ ਨਫਰੀ ਵਾਲੀਆਂ ਮੁਗਲ ਫੌਜਾਂ ਨੂੰ ਵੱਡੀ ਹਾਰ ਦਾ ਮੂੰਹ ਦੇਖਣਾ ਪਿਆ। ਜੰਗ ਦੌਰਾਨ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਅੰਤ 14 ਮਈ ਸੰਨ੍ਹ 1710 ਨੂੰ ਸਿੱਖ ਫੌਜਾਂ ਸਰਹੰਦ ਵਿੱਚ ਦਾਖਲ ਹੋਈਆਂ। ਸਿੰਘਾਂ ਵੱਲੋਂ ਸਾਰੇ ਸ਼ਹਿਰ ਨੂੰ ਖੰਡਰ ਦੇ ਰੂਪ ਵਿੱਚ ਤਬਦੀਲ ਕਰਕੇ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਬਦਲਾ ਲਿਆ ਗਿਆ। ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਭਾਈ ਬਾਜ ਸਿੰਘ ਨੂੰ ਸਰਹੰਦ ਦਾ ਹਾਕਮ ਬਣਾਇਆ। ਸਰਹੰਦ ਸਮੇਤ ਹੋਰ ਵੱਡੇ ਮੁਗਲ ਪਰਗਨਿਆਂ ਨੂੰ ਜਿੱਤਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਾਲੀਆਂ ਸਿੱਖ ਫੌਜਾਂ ਨੇ ਸੁਰੱਖਿਆ ਪੱਖ ਤੋਂ ਬੜੀ ਹੀ ਵਧੀਆ ਜਗ੍ਹਾ 'ਤੇ ਮੁਖਲਿਸ ਖਾਨ ਦੁਆਰਾ ਬਣਾਇਆ ਕਿਲ੍ਹਾ ਮੁਖਲਿਸਗੜ੍ਹ ਆਪਣੇ ਕਬਜ਼ੇ 'ਚ ਕਰਕੇ ਇਸ ਦਾ ਨਾਮ ਕਿਲ੍ਹਾ ਲੋਹਗੜ੍ਹ ਰੱਖਿਆ ਤੇ ਇਸ ਨੂੰ ਪਹਿਲੇ ਸਿੱਖ ਰਾਜ ਦੀ ਰਾਜਧਾਨੀ ਬਣਾਇਆ। ਉਸ ਵਲੋਂ ਖਾਲਸਾ ਰਾਜ ਦਾ ਸਿੱਕਾ ਚਲਾਇਆ ਗਿਆ।

ਸੰਨ੍ਹ 1712 ਵਿੱਚ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਹੋਣ ਤੋਂ ਬਾਅਦ ਫਰੁੱਖਸੀਅਰ ਤਖ਼ਤ 'ਤੇ ਬੈਠਾ। ਮੁਗਲ ਬਾਦਸ਼ਾਹ ਫਰੁੱਖਸੀਅਰ ਨੇ ਆਪਣੇ ਜਰਨੈਲਾਂ ਨੂੰ ਹੁਕਮ ਜਾਰੀ ਕਰ ਦਿੱਤਾ ਕਿ ਬੰਦਾ ਸਿੰਘ ਨੂੰ ਜਿਉਂਦਾ ਜਾਂ ਮਰਿਆ ਉਸ ਦੇ ਹਵਾਲੇ ਕੀਤਾ ਜਾਵੇ। ਅੰਤ ਗੁਰਦਾਸਪੁਰ ਨੇੜੇ ਗੁਰਦਾਸ ਨੰਗਲ ਵਿਖੇ ਦੁਨੀ ਚੰਦ ਦੀ ਕੱਚੀ ਗੜ੍ਹੀ ਵਿੱਚ ਸਿੱਖ ਫੌਜਾਂ ਨੇ ਸ਼ਰਨ ਲੈ ਲਈ। ਇਸ ਸਮੇਂ ਸਿੱਖ ਜਰਨੈਲਾਂ ਵਿੱਚ ਫੁੱਟ ਪੈ ਜਾਣ ਦਾ ਜ਼ਿਕਰ ਵੀ ਇਤਿਹਾਸ ਵਿੱਚ ਆਉਂਦਾ ਹੈ। ਕੁੱਝ ਜਰਨੈਲ ਆਪਣੇ ਸਿਪਾਹੀਆਂ ਨੂੰ ਲੈ ਕੇ ਬਗਾਵਤ ਕਰ ਗਏ ਸਨ। ਇਸ ਗੜ੍ਹੀ ਵਿੱਚ ਬੈਠੇ ਮੁੱਠੀ ਭਰ ਸਿੰਘਾਂ ਉੱਪਰ ਹਮਲਾ ਕਰਨ ਤੋਂ ਲੱਖਾਂ ਦੀ ਗਿਣਤੀ ਵਾਲੀ ਮੁਗਲ ਸੈਨਾ ਡਰ ਨਾਲ ਕੰਬ ਰਹੀ ਸੀ। ਕਰੀਬ 8 ਮਹੀਨੇ ਮੁਗਲ ਸੈਨਾ ਨੇ ਕੱਚੀ ਗੜੀ ਵਿੱਚ ਸਿੰਘਾਂ ਨੂੰ ਘੇਰਾ ਪਾਈ ਰੱਖਿਆ। ਅਨਾਜ ਦੀ ਘਾਟ ਕਾਰਨ ਨਿਰਬਲ ਹੋ ਚੁੱਕੇ ਸਿੰਘਾਂ 'ਤੇ ਮੁਗਲਾਂ ਨੇ ਹਮਲਾ ਕੀਤਾ। ਬਹਾਦਰੀ ਨਾਲ ਲੜਦਿਆਂ ਬਾਬਾ ਬੰਦਾ ਸਿੰਘ ਬਹਾਦਰ ਤੇ 800 ਦੇ ਕਰੀਬ ਸਿੰਘ ਫੜੇ ਗਏ। ਬਾਬਾ ਬੰਦਾ ਸਿੰਘ ਨੂੰ ਪਿੰਜਰੇ ਵਿੱਚ ਕੈਦ ਕਰਕੇ ਹਾਥੀ 'ਤੇ ਬਿਠਾ ਕੇ ਅਤੇ ਬਾਕੀ ਸਿੰਘਾਂ ਨੂੰ ਵੀ ਬੇੜੀਆਂ 'ਚ ਜਕੜ ਕੇ ਦਿੱਲੀ ਲਿਜਾਇਆ ਗਿਆ। 5 ਮਾਰਚ, 1716 ਨੂੰ ਸਿੰਘਾਂ ਦਾ ਕਤਲੇਆਮ ਸ਼ੁਰੂ ਕੀਤਾ ਗਿਆ। ਹਰ ਰੋਜ਼ 100 ਸਿੰਘਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਂਦਾ ਰਿਹਾ। ਇਸੇ ਦੌਰਾਨ 9 ਜੂਨ, 1716 ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਨਾਲ ਦੇ ਕੁੱਝ ਸਿੰਘਾਂ ਨੂੰ ਬੰਦੀਖਾਨੇ ਵਿੱਚੋਂ ਕੱਢ ਕੇ ਕੁਤਬ ਮੀਨਾਰ ਦੇ ਨੇੜੇ ਖੁਆਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਕੋਲ ਲਿਜਾਇਆ ਗਿਆ। ਇਤਿਹਾਸਕਾਰਾਂ ਅਨੁਸਾਰ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਸੂਮ ਬੱਚੇ ਨੂੰ ਉਨ੍ਹਾਂ ਦੇ ਸਾਹਮਣੇ ਬੜੀ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ। ਬੱਚੇ ਦਾ ਧੜਕਦਾ ਦਿਲ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਪਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਸਰੀਰ ਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ। ਪਰ ਸਿੱਖਾਂ ਦਾ ਉਹ ਬਹਾਦਰ ਜਰਨੈਲ ਆਪਣੇ ਸਿਦਕ ਤੋਂ ਨਾਂ ਡੋਲਿਆ। ਅੰਤ ਇੱਕ ਤਲਵਾਰ ਦੇ ਵਾਰ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ ਸਿਰ ਧੜ ਨਾਲੋਂ ਅਲੱਗ ਕਰਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਸਿੱਖਾਂ ਦਾ ਇਹ ਬਹਾਦਰ ਜਰਨੈਲ ਨਾਂ-ਇਨਸਾਫੀ ਖ਼ਿਲਾਫ਼ ਲੜਦਿਆਂ ਸ਼ਹੀਦੀ ਦਾ ਜਾਮ ਪੀ ਗਿਆ।

-0-



ਸੂਚਨਾ

ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।



ਨੰਨੇ ਵਾਚਸ


ਵਾਯੂਮੰਡਲੀ ਪਰਤਾਂ ਦਾ ਰਹੱਸ

-ਬਲਜੀਤ ਸਿੰਘ ਨਾਭਾ ਸੰਪਰਕ: 94170-17778

ਬੱਚਿਓ! ਧਰਤੀ ਦੁਆਲੇ ਗੈਸਾਂ ਦੇ ਘੇਰ ਨੂੰ ਵਾਯੂਮੰਡਲ ਕਿਹਾ ਜਾਂਦਾ ਹੈ। ਵਾਯੂਮੰਡਲ ਦੀਆਂ ਪਰਤਾਂ ਪਿਆਜ਼ ਦੀ ਛਿਲ ਦੀਆਂ ਪਰਤਾਂ ਵਰਗੀਆਂ ਹਨ। ਧਰਤੀ ਦਾ ਵਾਯੂਮੰਡਲ ਪੰਜ ਪਰਤਾਂ ਵਿਚ ਵੰਡਿਆ ਹੋਇਆ ਹੈ। ਇਹ ਪਰਤਾਂ ਧਰਤੀ ਦੀ ਸਤ੍ਹਾ ਜਾਂ ਸਮੁੰਦਰੀ ਤਲ ਤੋਂ ਸ਼ੁਰੂ ਹੋ ਜਾਂਦੀਆਂ ਹਨ। ਇਨ੍ਹਾਂ ਪਰਤਾਂ ਨੂੰ ਹਵਾ ਦੀ ਸੰਘਣਤਾ, ਹਵਾ ਦੇ ਤਾਪਮਾਨ ਅਤੇ ਗੈਸਾਂ ਦੇ ਵਖਰੇਵੇਂ ਦੇ ਆਧਾਰ 'ਤੇ ਵੰਡਿਆ ਜਾਂਦਾ ਹੈ। ਵਾਯੂਮੰਡਲ ਦੀਆਂ ਪਰਤਾਂ ਦੇ ਨਾਂ ਟਰੋਪੋਸਫੀਅਰ, ਸਟਰੈਟੋਸਫੀਅਰ, ਮੀਜੋਸਫੀਅਰ, ਥਰਮੋਸਫੀਅਰ ਅਤੇ ਐਕਸੋਸਫੀਅਰ ਹਨ।

ਧਰਤੀ ਦੀ ਸਤ੍ਹਾ ਤੋਂ ਸ਼ੁਰੂ ਹੋਣ ਦੀ ਪਹਿਲੀ ਪਰਤ ਨੂੰ ਟਰੋਪੋਸਫੀਅਰ ਕਿਹਾ ਜਾਂਦਾ ਹੈ। ਅਸੀਂ ਇਸੇ ਪਰਤ ਵਿਚ ਰਹਿੰਦੇ ਅਤੇ ਸਾਹ ਲੈਂਦੇ ਹਾਂ। ਇਹ ਵਾਯੂਮੰਡਲੀ ਪਰਤ ਧਰਤੀ ਦੀ ਸਤ੍ਹਾ ਨੂੰ ਮਿਲਦੀ ਹੋਈ ਉੱਪਰ ਵੱਲ ਨੂੰ ਵਧਦੀ ਹੈ। ਟਰੋਪੋਸਫੀਅਰ ਵਿਚ ਹਵਾ ਦੀ ਅਦਲਾ ਬਦਲੀ ਹੁੰਦੀ ਹੈ ਅਤੇ ਮੌਸਮ ਵਿਚ ਤਬਦੀਲੀ ਆਉਂਦੀ ਹੈ। ਇਹ ਪਰਤ ਸਮੁੰਦਰੀ ਸਤ੍ਹਾ ਤੋਂ ਸ਼ੁਰੂ ਹੋ ਕੇ 4 ਤੋਂ 20 ਕਿਲੋਮੀਟਰ ਤਕ ਫੈਲੀ ਹੋਈ ਹੈ। ਇਸ ਪਰਤ ਵਿਚ ਸਤ੍ਹਾ ਨਾਲ ਇਕ ਤਿਹਾਈ ਹਿੱਸੇ ਵਿਚ ਵਾਯੂਮੰਡਲ ਦੀਆਂ ਕੁੱਲ ਗੈਸਾਂ ਦਾ 50 ਪ੍ਰਤੀਸ਼ਤ ਹਿੱਸਾ ਮੌਜੂਦ ਹੈ। ਵਾਯੂਮੰਡਲ ਦਾ ਇਹੀ ਇਕ ਹਿੱਸਾ ਹੈ ਜਿੱਥੇ ਅਸੀਂ ਸਾਹ ਲੈ ਸਕਦੇ ਹਾਂ। ਟਰੋਪੋਸਫੀਅਰ ਵਿਚ ਜਿਉਂ ਜਿਉਂ ਅਸੀਂ ਉੱਪਰ ਵੱਲ ਜਾਂਦੇ ਹਾਂ ਤਾਪਮਾਨ ਵਧਦਾ ਹੈ।

ਟਰੋਪੋਸਫੀਅਰ ਤੋਂ ਵਾਯੂਮੰਡਲ ਦੀ ਅਗਲੀ ਪਰਤ ਦਾ ਨਾਂ ਸਟਰੈਟੋਸਫੀਅਰ ਹੈ। ਇਹ ਪਰਤ



ਧਰਤੀ ਦੀ ਸਤ੍ਹਾ ਤੋਂ ਲਗਪਗ 20 ਕਿਲੋਮੀਟਰ ਤੋਂ ਸ਼ੁਰੂ ਹੋ ਕੇ 50 ਕਿਲੋਮੀਟਰ ਤਕ ਫੈਲੀ ਹੋਈ ਹੈ। ਇਹ ਉਹ ਪਰਤ ਹੈ ਜਿੱਥੇ ਜ਼ਿਆਦਾਤਰ ਹਵਾਈ ਜਹਾਜ਼ ਉੱਡਦੇ ਹਨ। ਇੱਥੇ ਹਵਾ ਉੱਪਰ ਜਾਂ ਹੇਠ ਵੱਲ ਨਹੀਂ ਵਗਦੀ ਸਗੋਂ ਧਰਤੀ ਦੀ ਗਤੀ ਨਾਲ ਬਹੁਤ ਤੇਜ਼ ਗਤੀ ਨਾਲ ਘੁੰਮਦੀ ਹੈ। ਇਸ ਪਰਤ ਵਿਚ ਵੀ ਉੱਪਰ ਜਾਣ ਨਾਲ ਤਾਪਮਾਨ ਵਧਦਾ ਹੈ। ਇਸ ਪਰਤ ਵਿਚ ਹੀ ਸੂਰਜੀ ਕਿਰਨਾਂ ਅਤੇ ਆਕਸੀਜਨ ਦੇ ਮੇਲ ਨਾਲ ਕੁਦਰਤੀ ਤੌਰ 'ਤੇ ਓਜ਼ੋਨ ਬਣਦੀ ਹੈ। ਇਹ ਓਜ਼ਨ ਪਰਤ ਸੂਰਜ ਤੋਂ ਆਉਣ ਵਾਲੀਆਂ ਹਾਨੀਕਾਰਕ ਪਰਾਵੈਂਗਣੀ ਕਿਰਨਾਂ ਨੂੰ ਸੋਖਦੀ ਹੈ ਅਤੇ ਧਰਤੀ 'ਤੇ ਮੌਜੂਦ ਜੀਵਨ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ।

ਮੀਜੋਸਫੀਅਰ ਧਰਤੀ ਦੀ ਸਤ੍ਹਾ ਤੋਂ 50 ਕਿਲੋਮੀਟਰ ਤੋਂ ਸ਼ੁਰੂ ਹੋ ਕੇ 85 ਕਿਲੋਮੀਟਰ ਤਕ ਫੈਲੀ ਹੋਈ ਹੈ। ਮੀਜੋਸਫੀਅਰ ਦੇ ਉੱਪਰਲੇ ਹਿੱਸੇ ਦਾ ਤਾਪਮਾਨ ਕਾਫ਼ੀ ਘੱਟ ਹੁੰਦਾ ਹੈ। ਇਹ ਹਿੱਸਾ ਵਾਯੂਮੰਡਲ ਦਾ ਸਭ ਤੋਂ ਠੰਢਾ ਹਿੱਸਾ ਹੁੰਦਾ ਹੈ। ਇੱਥੇ ਦਾ ਤਾਪਮਾਨ -180 ਡਿਗਰੀ ਸੈਂਟੀਗਰੇਡ ਹੁੰਦਾ ਹੈ।

ਮੀਜੋਸਫੀਅਰ ਦੇ ਉੱਪਰ ਅੱਗੇ 600 ਕਿਲੋਮੀਟਰ ਤਕ ਦੇ ਫੈਲੇ ਵਾਯੂਮੰਡਲ ਨੂੰ ਥਰਮੋਸਫੀਅਰ ਕਹਿੰਦੇ ਹਨ। ਇੱਥੇ ਧਰਤੀ ਦੇ ਆਲੇ ਦੁਆਲੇ ਦੀ ਕੁੱਲ ਹਵਾ ਦਾ ਕੇਵਲ 0.01 ਪ੍ਰਤੀਸ਼ਤ ਹਿੱਸਾ ਹੀ ਹੈ। ਇੱਥੇ ਹਵਾ ਦੇ ਕਣਾਂ ਦਾ ਤਾਪਮਾਨ 2000 ਡਿਗਰੀ ਸੈਂਟੀਗਰੇਡ ਤਕ ਪਹੁੰਚ ਜਾਂਦਾ ਹੈ, ਪਰ ਇੱਥੇ ਹਵਾ ਨਾਂ ਦੇ ਬਰਾਬਰ ਹੋਣ ਕਾਰਨ ਤਾਪ ਦਾ ਸਥਾਨਅੰਤਰਨ ਨਹੀਂ ਹੋ ਸਕਦਾ। ਹਵਾ ਦੇ ਕਣ ਇਕ ਦੂਜੇ ਤੋਂ ਬਹੁਤ ਦੂਰ ਦੂਰ ਹੋਣ ਕਾਰਨ ਕਿਸੇ ਵੀ ਸਰੀਰ ਲਈ ਇਹ ਬਹੁਤ ਹੀ ਠੰਢਾ ਸਥਾਨ ਰਹੇਗਾ।

ਐਕਸੋਸਫੀਅਰ ਧਰਤੀ ਦੀ ਸਤ੍ਹਾ ਤੋਂ ਲਗਪਗ 10,000 ਕਿਲੋਮੀਟਰ ਤਕ ਫੈਲਿਆ ਹੋਇਆ ਖੇਤਰ ਹੈ। ਇਸ ਨੂੰ ਧਰਤੀ ਦੇ ਵਾਯੂਮੰਡਲ ਦਾ ਸਭ ਤੋਂ ਬਾਹਰਲਾ ਹਿੱਸਾ ਕਹਿੰਦੇ ਹਨ। ਸਾਰੇ ਮੌਸਮ ਸਬੰਧੀ ਜਾਣਕਾਰੀ ਦੇਣ ਵਾਲੇ ਮਨੁੱਖ ਵੱਲੋਂ ਨਿਰਮਤ ਬਨਾਉਟੀ ਉਪਗ੍ਰਹਿ ਵਾਯੂਮੰਡਲ ਦੇ ਇਸ ਹਿੱਸੇ ਵਿਚ ਘੁੰਮਦੇ ਹਨ।

-0-

ਗੜ੍ਹੇ ਕਿਉਂ ਪੈਂਦੇ ਹਨ?

-ਕਰਨੈਲ ਸਿੰਘ ਰਾਮਗੜ੍ਹ ਸੰਪਰਕ: 79864-99563

ਬੱਚਿਓ! ਖ਼ਾਸ ਕਰਕੇ ਗਰਮੀਆਂ ਦੇ ਮੌਸਮ ਵਿਚ ਦੁਪਹਿਰ ਤੋਂ ਬਾਅਦ ਗੜ੍ਹੇ/ਔਲੇ ਪੈਂਦੇ ਹਨ। ਮੀਂਹ ਪੈਣ ਸਮੇਂ ਪਾਣੀ ਦੀਆਂ ਬੂੰਦਾਂ ਬੱਦਲਾਂ ਤੋਂ ਧਰਤੀ 'ਤੇ ਡਿੱਗਦੀਆਂ ਹਨ। ਕਦੇ ਕਦੇ ਇਨ੍ਹਾਂ ਪਾਣੀ ਦੀਆਂ ਬੂੰਦਾਂ ਨੂੰ ਠੰਢੇ ਖੇਤਰਾਂ ਵਿਚੋਂ ਲੰਘਣਾ ਪੈਂਦਾ ਹੈ। ਘੱਟ ਤਾਪਮਾਨ 'ਤੇ ਪਾਣੀ ਦੀਆਂ ਬੂੰਦਾਂ ਜੰਮ ਕੇ ਬਰਫ਼ ਜਾਂ ਹਿਮ ਕਣਾਂ ਵਿਚ ਬਦਲ ਜਾਂਦੀਆਂ ਹਨ। ਕਦੇ ਕਦੇ ਅਜਿਹਾ ਵਾਪਰਦਾ ਹੈ ਕਿ ਇਨ੍ਹਾਂ ਹਿਮ ਕਣਾਂ ਨੂੰ ਤੇਜ਼ੀ ਨਾਲ ਉੱਪਰ ਉੱਠਦੀ ਹੋਈ ਹਵਾ ਦੀ ਧਾਰਾ ਉੱਪਰ ਵੱਲ ਉਠਾ ਕੇ ਲੈ ਜਾਂਦੀ ਹੈ ਜਿੱਥੇ ਪਹਿਲਾਂ ਹੀ ਪਾਣੀ ਦੀਆਂ ਬੂੰਦਾਂ ਜੁੜਨੀਆਂ ਸ਼ੁਰੂ ਹੋ ਜਾਂਦੀਆਂ ਹਨ। ਜਦੋਂ ਇਹ ਫਿਰ ਹੇਠਾਂ ਡਿੱਗਦੀਆਂ ਹਨ ਤਾਂ ਹਵਾ ਦੇ ਠੰਢੇ ਖੇਤਰ ਵਿਚੋਂ ਗੁਜ਼ਰਨ ਸਮੇਂ ਜੰਮ ਜਾਂਦੀਆਂ ਹਨ ਅਤੇ ਗੜ੍ਹੇ/ਔਲੇ ਦੇ ਰੂਪ ਵਿਚ ਧਰਤੀ 'ਤੇ ਡਿੱਗਦੀਆਂ ਹਨ।



ਬਾਲ ਕਹਾਣੀ

ਜੰਗਲ ਦਾ ਰਾਜਾ

ਇਕਬਾਲ ਸਿੰਘ
094165-92149



ਸ਼ੇਰ ਜੰਗਲ ਦਾ ਰਾਜਾ ਸੀ ਪਰ ਊਠ ਦੀਆਂ ਗਤੀਵਿਧੀਆਂ ਨੇ ਜੰਗਲ ਦੇ ਰਾਜੇ ਨੂੰ ਡੂੰਘੀ ਚਿੰਤਾ ਵਿਚ ਡੋਬ ਦਿਤਾ ਸੀ। ਊਠ 'ਮਾਰੂਥਲ ਦੇ ਜਹਾਜ਼' ਦਾ ਖ਼ਿਤਾਬ ਪ੍ਰਾਪਤ ਕਰਨ ਤੋਂ ਬਾਅਦ ਘੁਮੰਡ ਵਿਚ ਆ ਗਿਆ ਸੀ। 'ਮਾਰੂਥਲ ਦੇ ਜਹਾਜ਼' ਦਾ ਖ਼ਿਤਾਬ ਮਿਲਣ ਤੋਂ ਬਾਅਦ ਊਠ ਆਪਣੇ ਆਪ ਨੂੰ ਜੰਗਲ ਦਾ ਸਭ ਤੋਂ ਤਾਕਤਵਰ ਜਾਂਵਰ ਸਮਝਣ ਲੱਗ ਪਿਆ। ਊਠ ਨੇ ਰਾਜਾ ਬਣਨ ਦੇ ਇਰਾਦੇ ਨਾਲ ਜੰਗਲ ਦੇ ਸਾਰੇ ਜਾਂਵਰਾਂ ਨੂੰ ਇਕੱਠਾ ਕਰ ਲਿਆ ਤੇ ਭਾਸ਼ਣ ਦੇਣ ਲੱਗ ਪਿਆ,

''ਜੰਗਲ ਦੇ ਸਮੂਹ ਜਾਂਵਰ ਭਰਾਵੋ! ਸਾਨੂੰ ਜੰਗਲ ਦਾ ਰਾਜਾ ਬਦਲਣਾ ਚਾਹੀਦਾ ਹੈ। ਇਹ ਕਿਥੋਂ ਦਾ ਅਸੂਲ ਹੈ ਕਿ ਸਦੀਆਂ ਤਕ ਇਕੋ ਹੀ ਜਾਂਵਰ ਜੰਗਲ ਦਾ ਰਾਜਾ ਬਣਿਆ ਰਹੇ। ਉਂਜ ਵੀ ਸਾਨੂੰ ਕਿਸੇ ਸਾਕਾਹਾਰੀ ਜਾਂਵਰ ਨੂੰ ਜੰਗਲ ਦਾ ਰਾਜਾ ਬਣਾਉਣਾ ਚਾਹੀਦਾ ਹੈ।''

ਇਕੱਠੇ ਹੋਏ ਸਾਰੇ ਜਾਂਵਰਾਂ ਨੇ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰੇ ਲਾਉਂਦਿਆਂ ਹੱਥ ਉਪਰ ਚੁੱਕ ਕੇ ਸਹਿਮਤੀ ਜਤਾਈ।

ਊਠ ਦੀਆਂ ਗਤੀਵਿਧੀਆਂ ਵੇਖ ਕੇ ਰਾਜੇ ਸ਼ੇਰ ਨੂੰ ਅਪਣੀ ਕੁਰਸੀ ਖਿਸਕਦੀ ਜਾਪੀ। ਸ਼ੇਰ ਅਪਣੀ ਕੁਰਸੀ ਨੂੰ ਬਚਾਉਣ ਲਈ ਕੋਈ ਵਿਉਂਤ ਬਣਾਉਣ ਲੱਗਾ ਪਰ ਵਾਰ-ਵਾਰ ਮੱਥਾ ਮਾਰਨ'ਤੇ ਵੀ ਉਸ ਨੂੰ ਅਪਣੀ ਕੁਰਸੀ ਬਚਾਉਣ ਦਾ ਕੋਈ ਢੰਗ ਨਹੀਂ ਸੀ ਸੁਝ ਰਿਹਾ। ਹਾਰ ਕੇ ਸ਼ੇਰ ਫਿਰ ਬਿੱਲੀ ਮਾਸੀ ਦੀ ਸ਼ਰਨ ਵਿਚ ਚਲਾ ਗਿਆ। ਬਿੱਲੀ ਮਾਸੀ ਨੇ ਪਹਿਲਾਂ ਵੀ ਕਈ ਵਾਰ ਜੰਗਲ ਦੇ ਰਾਜੇ ਸ਼ੇਰ ਦੀਆਂ ਸਮੱਸਿਆਵਾਂ ਹੱਲ ਕੀਤੀਆਂ ਸਨ ਤੇ ਸ਼ੇਰ ਨੂੰ ਰਾਜ ਕਰਨ ਦੇ ਕਈ ਗੁਰ ਸਿਖਾਏ ਸਨ।

''ਮਾਸੀ! ਊਠ ਨੇ ਜੰਗਲ ਦੇ ਜਾਂਵਰਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿਤੈ ਤੇ ਜੰਗਲ ਵਿਚ ਕਿਸੇ ਵੀ ਸਮੇਂ ਰਾਜ-ਪਲਟਾ ਹੋ ਸਕਦੈ।'' ਸ਼ੇਰ ਨੇ ਬਿੱਲੀ ਨੂੰ ਦਸਿਆ ਤੇ ਉਸ ਨੇ ਬਿੱਲੀ ਨੂੰ ਕਿਸੇ ਤਰ੍ਹਾਂ ਇਸ ਸੰਕਟ ਨੂੰ ਟਾਲਣ ਲਈ ਆਖਿਆ।

ਬਿੱਲੀ ਦਾ ਜੰਗਲ ਉਤੇ ਰਾਜ ਤਾਂ ਨਹੀਂ ਸੀ, ਪਰ ਰਾਜਨੀਤੀ ਦੇ ਗੁਰ ਉਹ ਜੰਗਲ ਦੇ ਰਾਜੇ ਸ਼ੇਰ ਨਾਲੋਂ ਵਧੇਰੇ ਜਾਣਦੀ ਸੀ। ਸ਼ੇਰ ਦੀ ਸਮੱਸਿਆ ਸੁਣ ਕੇ ਬਿੱਲੀ ਨੇ ਉਸ ਨੂੰ ਬੇਫ਼ਿਕਰੇ ਹੋ ਜਾਣ ਲਈ ਆਖਿਆ ਤੇ ਆਪ ਉਹ ਊਠ ਦੀ ਬਗ਼ਾਵਤ ਨੂੰ ਰੋਕਣ ਦਾ ਕੋਈ ਢੰਗ ਸੋਚਣ ਲੱਗ ਪਈ। ਬਿੱਲੀ ਕਈ ਦਿਨ ਸੋਚਦੀ ਰਹੀ ਤੇ ਕਈ ਦਿਨ ਸੋਚਣ ਤੋਂ ਬਾਅਦ ਬਿੱਲੀ ਜੰਗਲ ਦੀ ਸੱਥ ਵਿਚ ਜਾ ਕੇ ਬਹਿ ਗਈ। ਸੱਥ ਵਿਚ ਜੰਗਲ ਦੇ ਜਾਂਵਰ ਰੋਜ਼ਾਂ ਇਕੱਠੇ ਹੁੰਦੇ ਸਨ ਤੇ ਮੀਟਿੰਗ ਕਰਦੇ ਸਨ।

ਸੱਥ ਵਿਚ ਗੁੰਮ-ਸੁੰਮ ਬੈਠੀ ਬਿੱਲੀ ਨੂੰ ਵੇਖ ਕੇ ਸਾਰੇ ਜਾਂਵਰ ਇਕੱਠੇ ਹੋ ਗਏ।

''ਬਿੱਲੀ ਮਾਸੀ! ਕੀ ਸੋਚਦੀ ਏਂ? ਅੱਜ ਏਨੀ ਉਦਾਸ ਕਿਉਂ ਏਂ?'' ਲੂੰਬੜੀ ਨੇ ਪੁਛਿਆ।

''ਲੂੰਬੜੀ ਭੈਣ! ਮੈਂ ਕੁਝ ਜਾਂਵਰਾਂ ਦੀ ਭਾਲ ਵਿਚ ਹਾਂ। ਊਠ ਨੇ ਮੈਨੂੰ ਅਪਣੀ ਰਖਿਆ ਲਈ ਕੁਝ ਜਾਂਵਰ ਭਾਲ ਕੇ ਦੇਣ ਲਈ ਆਖਿਆ ਹੈ। ਜੰਗਲ ਦਾ ਰਾਜਾ ਬਣਨ ਤੋਂ ਬਾਅਦ ਊਠ ਨੂੰ ਅਪਣੀ ਸੁਰੱਖਿਆ ਲਈ ਕੁਝ ਜਾਨਵਰਾਂ ਦੀ ਲੋੜ ਏ।'' ਬਿੱਲੀ ਨੇ ਦਸਿਆ ਤਾਂ ਜਿਹੜੇ ਜਾਂਵਰ ਊਠ ਨੂੰ ਰਾਜਾ ਬਣਾਉਣ ਲਈ ਉਤਾਵਲੇ ਸਨ, ਉਹ ਸਾਰੇ ਭੰਬਲਭੂਸੇ ਵਿਚ ਪੈ ਗਏ।

ਬਿੱਲੀ ਦੀ ਗੱਲ ਸੱਚੀ ਸੀ। ਜੰਗਲ ਦਾ ਰਾਜਾ ਸ਼ੇਰ ਮਾਸਾਹਾਰੀ ਹੋਣ ਕਰ ਕੇ ਆਪਣੀ ਰਖਿਆ ਆਪ ਕਰਨ ਦੇ ਸਮਰੱਥ ਸੀ। ਉਂਜ ਵੀ ਸ਼ੇਰ ਦਿਨੇ ਬਾਹਰ ਨਹੀਂ ਸੀ ਨਿਕਲਦਾ। ਪਰ ਸ਼ੇਰ ਦੀ ਥਾਂ ਸਾਕਾਹਾਰੀ ਊਠ ਦੇ ਰਾਜਾ ਬਣਨ ਤੋਂ ਬਾਅਦ ਉਸ ਦੀ ਸੁਰੱਖਿਆ ਜੰਗਲ ਦੇ ਜਾਂਵਰਾਂ ਨੂੰ ਹੀ ਕਰਨੀ ਪੈਣੀ ਸੀ।

ਬਿੱਲੀ ਬੇਹੱਦ ਸਿਆਣੀ ਸੀ। ਸੱਥ ਵਿਚ ਇਕੱਠੇ ਹੋਏ ਜਾਂਵਰਾਂ ਨੂੰ ਘੁਸਰ-ਮੁਸਰ ਕਰਦਿਆਂ ਵੇਖ ਕੇ ਬਿੱਲੀ ਸਮਝ ਗਈ ਕਿ ਹੁਣ ਜੰਗਲ ਦੇ ਜਾਂਵਰ ਊਠ ਨੂੰ ਰਾਜਾ ਬਣਾਉਣ ਲਈ ਤਿਆਰ ਨਹੀਂ ਹੋਣਗੇ, ਪਰ ਬਿੱਲੀ ਦਾ ਕੰਮ ਅਜੇ ਸਮਾਪਤ ਨਹੀਂ ਸੀ ਹੋਇਆ। ਬਿੱਲੀ ਉਥੋਂ ਤੁਰ ਪਈ ਤੇ ਉਹ ਉਸ ਦਰੱਖ਼ਤ ਹੇਠਾਂ ਜਾ ਬੈਠੀ ਜਿਸ ਦਰੱਖ਼ਤ ਉਪਰ ਕਾਫੀ ਸਾਰੇ ਪੰਛੀ ਰਹਿੰਦੇ ਸਨ।

ਸ਼ਾਮ ਨੂੰ ਪੰਛੀ ਚੋਗਾ ਚੁਗ ਕੇ ਵਾਪਸ ਆਏ ਤੇ ਉਹ ਦਰੱਖ਼ਤ ਹੇਠਾਂ ਗੁੰਮ-ਸੁੰਮ ਬੈਠੀ ਬਿੱਲੀ ਨੂੰ ਵੇਖ ਕੇ ਹੈਰਾਂ ਰਹਿ ਗਏ।

''ਬਿੱਲੀ ਭੈਣ! ਕੀ ਗੱਲ, ਅੱਜ ਬੜੀ ਉਦਾਸ ਲਗਦੀ ਏਂ।'' ਤੋਤੇ ਨੇ ਅੱਗੇ ਹੋ ਕੇ ਪੁੱਛਿਆ।

''ਤੋਤੇ ਭਰਾ! ਊਠ ਨੇ ਜੰਗਲ ਦਾ ਰਾਜਾ ਬਣਨ ਤੋਂ ਬਾਅਦ ਦਰੱਖ਼ਤਾਂ ਦੀਆਂ ਹੇਠਲੀਆਂ ਟਹਿਣੀਆਂ ਦੇ ਪੱਤੇ ਨਹੀਂ ਖਾਇਆ ਕਰਨੇ। ਊਠ ਨੇ ਮੈਨੂੰ ਕਿਸੇ ਇਹੋ-ਜਿਹੇ ਜਾਂਵਰ ਦੀ ਭਾਲ ਕਰਨ ਲਈ ਕਿਹਾ ਹੈ, ਜਿਹੜਾ ਰੋਜ਼ਾਂ ਉਸ ਲਈ ਦਰੱਖ਼ਤਾਂ ਦੀਆਂ ਸਿਖ਼ਰਲੀਆਂ ਟਹਿਣੀਆਂ ਦੇ ਪੱਤੇ ਤੋੜ ਕੇ ਪਹੁੰਚਾ ਸਕੇ। ਪਰ ਮੈਨੂੰ ਇਹ ਕੰਮ ਕਰਨ ਵਾਲਾ ਕੋਈ ਜਾਂਵਰ ਨਹੀਂ ਸੁੱਝ ਰਿਹਾ।'' ਬਿੱਲੀ ਨੇ ਆਖਿਆ ਤਾਂ ਸਾਰੇ ਪੰਛੀਆਂ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਊਠ ਦੇ ਰਾਜਾ ਬਣਨ ਤੋਂ ਬਾਅਦ ਉਨ੍ਹਾਂ ਲਈ ਵੀ ਮੁਸੀਬਤ ਦੀ ਘੜੀ ਆਉਣ ਵਾਲੀ ਹੈ। ਦਰੱਖ਼ਤਾਂ ਉਪਰ ਚੜ੍ਹ ਕੇ ਸਿਖ਼ਰਲੀਆਂ ਟਹਿਣੀਆਂ ਤੋੜਨ ਵਾਲੇ ਜਾਂਵਰ ਨੇ ਪੰਛੀਆਂ ਦੇ ਆਲ੍ਹਣੇ ਵੀ ਤੋੜ ਦੇਣੇ ਸਨ। ਉਂਜ ਵੀ ਦੱਰਖ਼ਤਾਂ ਦੀਆਂ ਸਿਖ਼ਰਲੀਆਂ ਟਹਿਣੀਆਂ ਟੁੱਟਣ ਤੋਂ ਬਾਅਦ ਜ਼ਿਆਦਾ ਠੰਢ ਤੇ ਗਰਮੀ ਵਿਚ ਪੰਛੀਆਂ ਲਈ ਮੁਸੀਬਤ ਖੜੀ ਹੋ ਜਾਇਆ ਕਰਨੀ ਸੀ।

ਪੰਛੀ ਉਸੇ ਵਕਤ ਊਠ ਨੂੰ ਜੰਗਲ ਦਾ ਰਾਜਾ ਨਾ ਬਣਨ ਦੇਣ ਲਈ ਲਾਮਬੰਦ ਹੋਣ ਲੱਗ ਪਏ। ਜੰਗਲ ਦੇ ਜਾਂਵਰਾਂ ਨੂੰ ਬਗ਼ਾਵਤ ਲਈ ਬਿੱਲੀ ਪਹਿਲਾਂ ਹੀ ਤਿਆਰ ਕਰ ਆਈ ਸੀ।

ਅਗਲੇ ਕੁਝ ਦਿਨਾਂ ਵਿਚ ਜੰਗਲ ਦੇ ਸਾਰੇ ਜਾਂਵਰ ਤੇ ਪੰਛੀ ਬਾਗ਼ੀ ਹੋ ਗਏ। ਹੁਣ ਊਠ ਨੂੰ ਰਾਜਾ ਬਣਾਉਣ ਲਈ ਕੋਈ ਵੀ ਤਿਆਰ ਨਹੀਂ ਸੀ। ਊਠ ਇਕੱਲਾ ਰਹਿ ਗਿਆ। ਊਠ ਰਾਜੇ ਸ਼ੇਰ ਤੋਂ ਡਰਦਾ ਜੰਗਲ ਨੂੰ ਛੱਡ ਕੇ ਆਬਾਦੀ ਵਲ ਨੂੰ ਭੱਜ ਪਿਆ ਤੇ ਬਿੱਲੀ ਦੀ ਸਿਆਣਪ ਵੇਖ ਕੇ ਜੰਗਲ ਦਾ ਰਾਜਾ ਸ਼ੇਰ ਇਕ ਵਾਰ ਫਿਰ ਬੇਹੱਦ ਖੁਸ਼ ਹੋਇਆ।

-0-

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨਾ

ਇਨ੍ਹਾਂ ਤਿਆਰੀਆਂ ਵਿੱਚ ਦਿਨ ਬੀਤਦੇ ਗਏ। ਇੰਨੇ ਨੂੰ ਫਰਾਂਸ ਤੋਂ ਖਬਰ ਆਈ ਕਿ ਨੈਪੋਲੀਅਨ ਬੋਨਾਪਾਰਟ ਕਈ ਕੁ ਘਰੋਗੀ ਔਕੜਾਂ ਦੇ ਕਾਰਨ ਕਈ ਸਾਲ ਤੱਕ ਹਿੰਦੁਸਤਾਨ ਵੱਲ ਨਹੀਂ ਆ ਸਕੇਗਾ। ਹੁਣ ਸਰਕਾਰ ਅੰਗਰੇਜੀ ਨੂੰ ਆਪਣੀ ਨੀਤੀ ਬਦਲਣੀ ਪਈ ਅਤੇ ਬਹੁਤ ਕੁਝ ਖਤ ਪੱਤਰ ਦੇ ਬਾਅਦ ਉਹਨਾਂ ਦੋਹਾਂ ਖਰੜਿਆਂ ਜੋ ਇਕ ਮਹਾਰਾਜਾ ਵਲੋਂ ਅਤੇ ਦੂਜਾ ਅੰਗਰੇਜ਼ਾਂ ਵਲੋਂ ਸੀ, ਤੁਛ ਮੁਛ ਕੇ ਇਕ ਹੋਰ ਖਰੜਾ ਕਲਕੱਤੇ ਤੋਂ ਤਿਆਰ ਹੋ ਕੇ ਆਇਆ, ਜਿਹੜਾ ਦੋਹਾਂ ਹਕੂਮਤਾਂ ਦੀ ਇੱਛਾ ਨਾਲ ਪਰਵਾਨ ਹੋਇਆ। ਅਜੇ ਇਸ ਅਹਿਦਨਾਮੇ ਤੇ ਦਸਤਖਤ ਨਹੀਂ ਸਨ ਹੋਏ ਕਿ ਸੰਜੋਗ ਨਾਲ ਮੁਹੱਰਮ ਦੇ ਦਿਨ ਆ ਗਏ। ਮਿਸਟਰ ਮਿਟਕਾਫ ਨਾਲ ਜੋ ਫੌਜ ਆਈ ਹੋਈ ਸੀ, ਉਹ ਸਾਰੀ ਦੀ ਸਾਰੀ ਸ਼ੀਆ ਮੁਸਲਮਾਨਾਂ ਦੀ ਸੀ। ਇਸ ਨੇ ਆਪਣੇ ਮੱਤ ਅਨੁਸਾਰ ਬੜੀ ਧੂਮਧਾਮ ਨਾਲ 'ਤਾਜੀਏ ਦਾ ਘੋੜਾ' ਕੱਢਿਆ, ਇਸ ਦੇ ਅੱਗੇ ਪਿਛੇ ਹਜ਼ਾਰਾਂ ਦਾ ਭੀੜ ਭੜੱਕਾ ਇਕੱਠਾ ਹੋ ਗਿਆ। ਇਸ ਤਰ੍ਹਾਂ ਇਹ ਅੰਮ੍ਰਿਤਸਰ ਦੇ ਸਾਰਿਆਂ ਬਾਜ਼ਾਰਾਂ ਵਿਚ ਫੇਰੀ ਲਾਉਂਦੇ ਹੋਏ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਪਹੁੰਚੇ। ਇਸ ਸਮੇਂ ਲੋਢੇ ਪਹਿਰ ਦਾ ਦੀਵਾਨ ਸਜਿਆ ਹੋਇਆ ਸੀ, ਜਿਸ ਵਿਚ ਕੁਝ ਅਕਾਲੀ ਸਿੰਘ ਵੀ ਸੰਗਤ ਵਿਚ ਸੁਸ਼ੋਭਿਤ ਸਨ। ਇਹਨਾਂ ਨੇ ਜਦ 'ਯਾ ਅਲੀ', 'ਯਾ ਹੁਸੈਨ' ਦੇ ਨਾਅਰੇ ਤੇ ਉਤੋਂ ਭਾਰੀ ਰੌਲਾ ਸੁਣਿਆ ਤੇ ਕੀਰਤਨ ਵਿਚ ਵਿਘਨ ਪੈਂਦਾ ਡਿੱਠਾ, ਦੂਜਾ ਖਾਲਸਾ ਰਾਜ ਵਿਚ ਹੀ ਆਪਣੇ ਮਾਨਯੋਗ ਗੁਰਦੁਆਰੇ ਦਾ ਨਿਰਾਦਰ ਵੇਖ ਕੇ ਅਕਾਲੀ ਫੂਲਾ ਸਿੰਘ ਨੇ ਦੋ ਤਿੰਨ ਸਿੰਘ ਉਹਨਾਂ ਨੂੰ ਰੋਕਣ ਲਈ ਭੇਜੇ ਤਾਂ ਜੋ ਉਹਨਾਂ ਨੂੰ ਸਮਝਾਉਣ ਕਿ ਕਥਾ ਕੀਰਤਨ ਦੇ ਸਮੇਂ ਰੌਲਾ ਪਾਉਣ ਨਾਲ ਬਾਣੀ ਦੀ ਬੇਅਦਬੀ ਹੁੰਦੀ ਹੈ, ਇਸ ਲਈ ਦਰਬਾਰ ਸਾਹਿਬ ਦੇ ਸਾਹਮਣੇ ਰੌਲਾ ਬੰਦ ਕੀਤਾ ਜਾਏ, ਪਰ ਇਸ ਗੱਲ ਦੇ ਮੰਨਣ ਦੀ ਥਾਂ ਉਹਨਾਂ ਜੋਸ਼ੀਲੇ ਸ਼ੀਆਂ ਨੇ ਕੁਝ ਕਰੜੇ ਵਾਕ ਬੋਲੇ, ਜਿਨ੍ਹਾਂ ਦਾ ਸਹਾਰਨਾ ਅਕਾਲੀਆਂ ਦੀ ਅਜਰ ਸ਼ਕਤੀ ਦੇ ਵਿਰੁੱਧ ਹੁੰਦਾ ਹੈ, ਜਿਸ ਦਾ ਨਤੀਜਾ ਇਹ ਹੋਇਆ ਕਿ ਗੱਲ ਹੱਥੋ ਪਾਈ ਤੱਕ ਵੱਧ ਗਈ ਤੇ ਇਸ ਰੌਲੇ ਵਿਚ ਇਕ ਸਿੰਘ ਦਾ ਦੁਮਾਲਾ ਹੇਠਾਂ ਡਿੱਗ ਪਿਆ। ਜਦ ਇਸ ਦੀ ਖ਼ਬਰ ਅਕਾਲੀ ਫੂਲਾ ਸਿੰਘ ਨੂੰ ਪਹੁੰਚੀ ਤਾਂ ਉਸ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ ਤੇ ਝੱਟ ਕੁਝ ਕੁ ਅਕਾਲੀ ਸਿੰਘਾਂ ਨੂੰ ਨਾਲ ਲੈ ਕੇ ਮੌਕੇ ਤੇ ਪਹੁੰਚ ਗਿਆ। ਬੱਸ ਫੇਰ ਕੀ ਸੀ, ਉਹ ਅੰਧਾ-ਧੁੰਦ ਤਲਵਾਰ ਤੇ ਗੋਲੀ ਚੱਲੀ ਕਿ ਅੱਖ ਦੇ ਫੋਰ ਵਿਚ ਗਲੀ ਕੂਚੇ ਲਹੂ-ਲੁਹਾਨ ਹੋ ਗਏ। ਇਹ ਖਬਰ ਤੁਰੰਤ ਸ਼ੇਰਿ ਪੰਜਾਬ ਤੱਕ ਪਹੁੰਚਾਈ ਗਈ। ਆਪ ਝੱਟ ਘੋੜੇ ਪਰ ਪਲਾਕੀ ਮਾਰ ਕੇ ਰਣ ਤੱਤੇ ਵਿਚ ਆਣ ਖਲੋਤੇ ਅਤੇ ਬੜੀ ਕਠਿਨਾਈ ਨਾਲ ਇਸ ਧੰਦੇ ਨੂੰ ਮਸੇਂ ਮਸੇਂ ਕਿਤੇ ਜਾ ਕੇ ਨਜਿੱਠਿਆ। ਮਹਾਰਾਜਾ ਸਾਹਿਬ ਨੇ ਮਿਸਟਰ ਮਿਟਕਾਫ ਨੂੰ ਦੱਸਿਆ ਕਿ ਇਹ ਲੋਕ ਇਸ ਨਗਰ ਦੇ ਰਾਖੇ ਹਨ ਤੇ ਕਿਸੇ ਦੀ ਕਾਣ ਵਿਚ ਨਹੀਂ ਰਹਿੰਦੇ। ਕਿਉਂਕਿ ਇਸ ਵਿਚ ਨਾ ਤਾਂ ਮਿਸਟਰ ਮਿਟਕਾਫ ਦਾ ਕੋਈ ਦੋਸ਼ ਸੀ ਤੇ ਨਾ ਹੀ ਮਹਾਰਾਜਾ ਸਾਹਿਬ ਨੂੰ ਇਸ ਦਾ ਕੁਝ ਪਤਾ ਸੀ, ਜਿਸ ਦੇ ਕਾਰਨ ਇਹ ਗੱਲ ਬੜੇ ਪਿਆਰ ਨਾਲ ਉਥੇ ਹੀ ਮੁਕਾ ਦਿੱਤੀ ਗਈ। ਇਸ ਦੇ ਬਾਅਦ 25 ਅਪ੍ਰੈਲ ਸੰਨ 1809 ਈ: ਵਿਚ ਮਹਾਰਾਜਾ ਸਾਹਿਬ ਅਤੇ ਅੰਗਰੇਜ਼ੀ ਵਕੀਲ ਦੋਹਾਂ ਦੀ ਪਰਵਾਨਗੀ ਅਨੁਸਾਰ ਹੇਠ ਲਿਖਿਆ ਮਿੱਤਰਤਾ ਦਾ ਅਹਿਦਨਾਮਾ ਲਿਖਿਆ ਗਿਆ, ਜਿਸ ਦਾ ਭਾਵ ਹੇਠ ਦਿੰਦੇ ਹਾਂ, ਜੋ ਇਤਿਹਾਸ ਵਿੱਚ ਮਿਟਕਾਫ ਦਾ ਅਹਿਦਨਾਮਾ ਕਰਕੇ ਪ੍ਰਸਿੱਧ ਹੈ-



ਅਹਿਦਨਾਮੇ ਦਾ ਭਾਵ

ਸਰਕਾਰ ਅੰਗਰੇਜ਼ੀ ਤੇ ਮਹਾਰਾਜਾ ਰਣਜੀਤ ਸਿੰਘ ਬਹਾਦਰ ਬਾਲੀਏ ਲਾਹੌਰ (ਪੰਜਾਬ) ਵਿਚਾਲੇ ਕੁਝ ਮਤਭੇਦ ਸਨ, ਉਹ ਸਭ ਹੁਣ ਸਮਝੌਤੇ ਦੁਆਰਾ ਦੂਰ ਹੋ ਗਏ ਹਨ ਤੇ ਦੋਹਾਂ ਧਿਰਾਂ ਦੀ ਇੱਛਾ ਹੈ ਕਿ ਉਹਨਾਂ ਦੀ ਮਿੱਤਰਤਾ ਤੇ ਮਿਲਾਪ ਦਾ ਸਬੰਧ ਬਣਿਆ ਰਹੇ, ਇਸ ਲਈ ਹੇਠ ਲਿਖੀਆਂ ਸ਼ਰਤਾਂ ਦਾ ਅਹਿਦਨਾਮਾ ਪ੍ਰਵਾਨ ਕੀਤਾ ਜਾਂਦਾ ਹੈ ਜਿਸ ਦੀ ਪਾਲਣਾ ਦੋਹਾਂ ਪਾਤਸ਼ਾਹੀਆਂ ਦੇ ਵਾਰਸਾਂ ਤੇ ਜਾਨਸ਼ੀਨਾਂ ਲਈ ਜ਼ਰੂਰੀ ਹੋਵੇਗੀ। ਇਹ ਅਹਿਦਨਾਮਾ ਮਹਾਰਾਜਾ ਰਣਜੀਤ ਸਿੰਘ ਬਹਾਦਰ ਧਿਰ ਪਹਿਲੀ ਦੀ ਆਪਣੀ ਹਾਜ਼ਰੀ ਵਿਚ ਤੇ ਅੰਗਰੇਜ਼ੀ ਗਵਰਨਮੈਂਟ ਵਲੋਂ ਏਜੰਟ ਚਾਰਲਸ ਮਿਟਕਾਫ ਰਾਹੀਂ, ਜੋ ਧਿਰ ਦੂਜੀ ਹੈ, ਲਿਖਤ ਹੋਇਆ-

1. ਸਰਕਾਰ ਅੰਗਰੇਜ਼ੀ ਤੇ ਰਿਆਸਤ ਲਾਹੌਰ (ਪੰਜਾਬ) ਵਿਚ ਸਦਾ ਮਿੱਤਰਤਾ ਰਹੇਗੀ, ਦੂਜੀ ਧਿਰ (ਸਰਕਾਰ ਅੰਗਰੇਜ਼ੀ) ਪਹਿਲੀ ਵਿਚ ਮਹਾਰਾਜਾ ਸਾਹਿਬ ਬਹਾਦਰ ਨੂੰ ਸਨਮਾਨ ਦੀ ਨਜ਼ਰ ਨਾਲ ਵੇਖੇਗੀ ਅਤੇ ਉਹਨੂੰ ਵੱਡੀਆਂ ਪਤਵੰਤੀਆਂ ਤਾਕਤਾਂ ਵਿਚੋਂ ਸਮਝੇਗੀ ਤੇ ਅੰਗਰੇਜ਼ੀ ਗਵਰਨਮੈਂਟ ਨੂੰ ਮਹਾਰਾਜਾ ਸਾਹਿਬ ਬਹਾਦਰ ਦੇ ਇਲਾਕੇ ਤੇ ਪਰਜਾ ਨਾਲ ਜੋ ਦਰਿਆ ਸਤਲੁਜ ਦੇ ਉਤਰ ਵੱਲ ਹੈ ਕੋਈ ਵਾਸਤਾ ਨਹੀਂ ਹੋਵੇਗਾ।

2. ਮਹਾਰਾਜਾ ਸਾਹਿਬ ਬਹਾਦਰ ਦੇ ਕਬਜ਼ੇ ਵਿੱਚ ਆਇਆ ਹੋਇਆ ਇਲਾਕਾ ਜਾਂ ਉਸ ਦੇ ਸਮੀਪੀ ਇਲਾਕਿਆਂ ਵਿੱਚ ਜੋ ਦਰਿਆ ਸਤਲੁਜ ਦੇ ਖੱਬੇ ਪਾਸੇ ਹਨ, ਉਹ ਉਸ ਤੋਂ ਵੱਧ ਫੌਜ ਨਹੀਂ ਰੱਖੇਗਾ, ਜੋ ਉਸ ਦੇ ਅੰਦਰਲੇ ਪ੍ਰਬੰਧਾਂ ਲਈ ਜ਼ਰੂਰੀ ਹੈ ਅਤੇ ਨਾ ਹੀ ਗਵਾਂਢੀ ਰਈਸਾਂ ਤੇ ਉਹਨਾਂ ਦੇ ਇਲਾਕਿਆਂ ਤੇ ਕੋਈ ਸਬੰਧ ਰੱਖੇਗਾ ।

3. ਉਪਰੋਕਤ ਸ਼ਰਤਾਂ ਵਿਚੋਂ ਕਿਸੇ ਇੱਕ ਦੇ ਟੁੱਟਣ ਜਾਂ ਦੋਹਾਂ ਤਾਕਤਾਂ ਵਿਚੋਂ ਇੱਕ ਦੂਜੇ ਨਾਲ ਮਿੱਤਰਤਾ ਦੇ ਵਰਤਾਰੇ ਵਿਚ ਪੂਰਾ ਨਾ ਉਤਰਨ ਦੀ ਦਸ਼ਾ ਵਿਚ ਇਹ ਅਹਿਦਨਾਮਾ ਟੁੱਟਾ ਸਮਝਿਆ ਜਾਵੇਗਾ ।

4. ਇਹ ਅਹਿਦਨਾਮਾ, ਜਿਸ ਵਿਚ ਦੋਹਾਂ ਧਿਰਾਂ ਦੀਆਂ ਸ਼ਰਤਾਂ ਲਿਖੀਆਂ ਹੋਈਆਂ ਹਨ, ਅੰਮ੍ਰਿਤਸਰ ਵਿਚ 25 ਅਪ੍ਰੈਲ 1809 ਈ: ਨੂੰ ਸੰਪੂਰਨ ਹੋਇਆ ।

ਮਿਸਟਰ ਚਾਰਲਸ ਮਿਟਕਾਫ ਨੇ ਆਪਣੇ ਦਸਖਤੀਂ ਇਸ ਦਾ ਇਕ ਉਤਾਰਾ ਅੰਗਰੇਜ਼ੀ ਫਾਰਸੀ ਅੱਖਰਾਂ ਵਿਚ ਰਾਜਾ ਲਾਹੌਰ ਨੂੰ ਦੇ ਦਿਤਾ ਹੈ ਅਤੇ ਰਾਜਾ ਨੇ ਉਸਦੇ ਦੂਜੇ ਉਤਾਰੇ ਤੇ ਆਪਣੇ ਦਸਖਤ ਤੇ ਮੋਹਰ ਲਾ ਕੇ ਮਿਸਟਰ ਮਿਟਕਾਫ ਭਰੋਸਾ ਦਿਵਾਉਂਦਾ ਹੈ ਕਿ ਉਹ ਦੋ ਮਹੀਨਿਆਂ ਦੇ ਅੰਦਰ ਉਸ ਦੀ ਪ੍ਰਵਾਨਗੀ ਰਾਈਟ ਔਨਰੇਬਲ ਗਵਰਨਰ ਜਨਰਲ ਇਨ-ਕੌਂਸਲ ਤੋਂ ਮੰਗਾ

ਅਤੇ ਉਸਦੇ ਮਹਾਰਾਜਾ ਸਾਹਿਬ ਨੂੰ ਪਹੁੰਚਣ ਦੇ ਬਾਅਦ ਇਹ ਅਹਿਦਨਾਮਾ ਪੱਕਾ ਸਮਝਿਆ ਜਾਵੇਗਾ ਤੇ ਦੋਹਾਂ ਧਿਰਾਂ ਪਰ ਇਸਦੀ ਪਾਲਨਾ ਜ਼ਰੂਰੀ ਹੋਵੇਗੀ। ਅਹਿਦਨਾਮੇ ਦਾ ਇਹ ਉਤਾਰਾ ਜੋ ਇਸ ਸਮੇਂ ਮਹਾਰਾਜਾ ਸਾਹਿਬ ਬਹਾਦਰ ਨੂੰ ਦਿਤਾ ਜਾਂਦਾ ਹੈ, ਮੋੜ ਲਿਆ ਜਾਵੇਗਾ ।

ਮੋਹਰ ਤੇ ਦਸਤਖਤ	ਮੋਹਰ ਤੇ ਦਸਖਤ ਮਹਾਰਾਜਾ
ਸੀ. ਟੀ. ਮਿਟਕਾਫ	ਰਣਜੀਤ ਸਿੰਘ ਬਹਾਦਰ

ਕੰਪਨੀ — ਇਹ ਅਹਿਦਨਾਮਾ 30 ਮਈ ਸੰਨ 1809 ਈ: ਨੂੰ ਪ੍ਰਵਾਨ ਹੋ ਕੇ ਆਇਆ, ਜੋ ਮਹਾਰਾਜੇ ਨੂੰ ਦੇ ਦਿੱਤਾ ਗਿਆ।

ਇਸ ਅਹਿਦਨਾਮੇ ਦੇ ਮੁਕੰਮਲ ਹੋ ਜਾਣ ਉਪਰੰਤ ਮਿਸਟਰ ਮਿਟਕਾਫ ਬੜੀ ਖੁਸ਼ੀ ਤੇ ਪ੍ਰਸੰਨਤਾ ਨਾਲ 1 ਮਈ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਵਿਦਾ ਹੋਇਆ। ਵਿਦੈਗੀ ਸਮੇਂ ਇਸ ਨੂੰ ਨਿਯਮ ਅਨੁਸਾਰ ਬਹੁਮੁੱਲੀ ਖਿਲਤ ਦਿੱਤੀ ਗਈ ਤੇ ਗਵਰਨਰ ਜਨਰਲ ਲਈ ਭੀ ਸੁਗਾਤਾਂ ਭੇਜੀਆਂ ਗਈਆਂ।

ਸਤਲੁਜ ਪਾਰ ਦੇ ਰਈਸਾਂ ਲਈ ਇਤਲਾਹ ਨਾਮਾ

ਮਿਸਟਰ ਮਿਟਕਾਫ ਜਦ ਪਟਿਆਲੇ ਪੁੱਜਾ, ਤਾਂ ਗੌਰਮਿੰਟ ਹਿੰਦ ਦਾ ਉਹ ਹੁਕਮਨਾਮਾ ਸਾਰੇ ਰਈਸਾਂ ਨੂੰ ਪੜ੍ਹ ਕੇ ਸੁਣਾਇਆ, ਜਿਸ ਵਿਚ ਸਤਲੁਜ ਪਾਰ ਦੇ ਰਈਸਾਂ ਲਈ ਸ਼ਰਤਾਂ ਲਿਖੀਆਂ ਸਨ, ਜਿਸਦਾ ਸਾਰ (ਭਾਵ) ਇਹ ਹੈ-

ਇਹ ਗੱਲ ਸੂਰਜ ਦੀ ਤਰ੍ਹਾਂ ਪ੍ਰਕਾਸ਼ਮਾਨ ਹੈ ਕਿ ਅੰਗਰੇਜ਼ੀ ਫੌਜ ਨੂੰ ਸਰਕਾਰ ਅੰਗਰੇਜ਼ੀ ਦਾ ਸਤਲੁਜ ਵੱਲ ਭੱਜਣਾ ਨਿਰੋਲ ਕਈ ਕੁ ਸਰਦਾਰਾਂ ਦੀ ਦਰਖਾਸਤ ਪਰ ਤੇ ਉਨ੍ਹਾਂ ਦੀ ਮਿਤੱਰਤਾ ਨੂੰ ਮੁੱਖ ਰੱਖ ਕੇ ਉਨ੍ਹਾਂ ਦੇ ਇਲਾਕਿਆਂ ਅਤੇ ਸੁਤੰਤਰਤਾ ਨੂੰ ਸਥਿਰ ਰੱਖਣ ਲਈ ਸੀ। ਇਸ ਸਮੇਂ ਇਕ ਅਹਿਦਨਾਮਾ 25 ਅਪ੍ਰੈਲ ਸੰਨ 1809 ਈ: ਨੂੰ ਮਹਾਰਾਜਾ ਰਣਜੀਤ ਸਿੰਘ ਤੇ ਸਰਕਾਰ ਅੰਗਰੇਜ਼ੀ ਵਿਚਾਲੇ ਗਵਰਨਰ ਜਨਰਲ ਦੀ ਪ੍ਰਵਾਨਗੀ ਨਾਲ ਹੋ ਚੁੱਕਾ ਹੈ । ਮੈਨੂੰ ਇਹ ਗੱਲ ਪ੍ਰਗਟ ਕਰਨ ਵਿਚ ਖੁਸ਼ੀ ਹੈ ਕਿ ਮੈਂ ਮਾਲਵਾ ਤੇ ਸਰਹੰਦ ਦੇ ਇਲਾਕੇ ਦੇ ਰਈਸਾਂ ਤੇ ਸਰਦਾਰਾਂ ਦੀ ਤਸੱਲੀ ਲਈ ਗਵਰਨਮਿੰਟ ਦੀ ਪ੍ਰਵਾਨਗੀ ਨਾਲ ਇਹ ਦਸਤਾਵੇਜ਼ ਪ੍ਰਗਟ ਕਰਦਾ ਹਾਂ, ਜਿਸ ਵਿਚ ਹੇਠ ਲਿਖੀਆਂ 7 ਸ਼ਰਤਾਂ ਹਨ :-



1. ਮਾਲਵਾ ਤੇ ਸਰਹੰਦ ਦੇ ਇਲਾਕੇ ਦੇ ਰਈਸ ਸਰਕਾਰ ਅੰਗਰੇਜ਼ੀ ਦੀ ਰੱਖਿਆ ਵਿਚ ਆ ਗਏ ਹਨ, ਉਨ੍ਹਾਂ ਨੂੰ ਅੱਗੇ ਲਈ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਤੋਂ ਇਸ ਅਹਿਦਨਾਮੇ ਦੀਆਂ ਸ਼ਰਤਾਂ ਅਨੁਸਾਰ ਅੱਡ ਕੀਤਾ ਗਿਆ ਹੈ।

2. ਉਨ੍ਹਾਂ ਰਈਸਾਂ ਦਾ ਉਹ ਸਾਰਾ ਇਲਾਕਾ ਜੋ ਅੰਗਰੇਜ਼ੀ ਰੱਖਿਆ ਵਿਚ ਆ ਗਿਆ ਹੈ, ਉਸ ਦੀ ਪੈਦਾਵਾਰ ਜਾਂ ਹੱਕ ਬਾਜਗੁਜ਼ਾਰੀ ਤੋਂ ਉਹ ਸੁਤੰਤਰ ਰਹੇਗਾ।

3. ਇਨ੍ਹਾਂ ਰਈਸਾਂ ਦੇ ਜੋ ਅਧਿਕਾਰ ਅੰਗਰੇਜ਼ਾਂ ਨਾਲ ਸਬੰਧਤ ਹੋਣ ਤੋਂ ਪਹਿਲਾਂ ਸਨ, ਉਹ ਉਨ੍ਹਾਂ ਦੇ ਜਿਉਂ ਤੇ ਤਿਉਂ ਰਹਿਣਗੇ।

4. ਜੇ ਕਦੀ ਸ਼ਾਂਤੀ ਸਥਿਰ ਰੱਖਣ ਲਈ ਅੰਗਰੇਜ਼ੀ ਫੌਜ ਨੂੰ ਇਨ੍ਹਾਂ ਦਿਆਂ ਇਲਾਕਿਆਂ ਵਿਚੋਂ ਲੰਘਣ ਦੀ ਵੀ ਲੋੜ ਪਏ ਤਾਂ ਇਹ ਜ਼ਰੂਰੀ ਹੋਵੇਗਾ ਕਿ ਜਿਸ ਰਈਸ ਦੇ ਇਲਾਕੇ ਵਿਚੋਂ ਇਹ ਲੰਘੇ ਉਹ ਆਪਣੀ ਪੂਰੀ ਪੂਰੀ ਸ਼ਕਤੀ ਅਨੁਸਾਰ ਇਸ ਦੀ ਸਹਾਇਤਾ ਕਰੋ, ਉਸ ਨੂੰ ਅਨਾਜ ਅਤੇ ਹੋਰ ਜੋ ਕੁਝ ਲੋੜ ਪਵੇ, ਦੇਵੇ।

5. ਜੇ ਕਦੇ ਕਿਸੇ ਦੇਸ਼ ਤੋਂ ਕੋਈ ਵੈਰੀ ਆ ਕੇ ਇਸ ਇਲਾਕੇ ਨੂੰ ਫਤਹ ਕਰਨਾ ਚਾਹੇ ਤਾਂ ਮਿਤੱਰਤਾ ਦੇ ਨਿਯਮ ਅਨੁਸਾਰ ਹਰ ਇਕ ਧਿਰ ਦੇ ਲਾਭ ਲਈ ਇਹ ਜ਼ਰੂਰੀ ਹੋਵੇਗਾ ਕਿ ਇਹ ਸਾਰੇ ਰਈਸ ਆਪੋ ਆਪਣੀਆਂ ਸਾਰੀਆਂ ਫੌਜਾਂ ਨਾਲ ਸਰਕਾਰ ਅੰਗਰੇਜ਼ੀ ਦੀ ਫੌਜ ਨਾਲ ਮਿਲ ਜਾਣ ਤੇ ਆਪਣੀ ਸਾਰੀ ਕੋਸ਼ਿਸ਼ ਨਾਲ ਵੈਰੀ ਨੂੰ ਇਸ ਮੁਲਕ ਤੋਂ ਕੱਢ ਦੇਣ। ਐਸੇ ਸਮੇਂ ਇਨ੍ਹਾਂ ਰਈਸਾਂ ਦੀ ਫੌਜ ਅੰਗਰੇਜ਼ੀ ਕਵੈਦਦਾਨ ਫੌਜ ਦੀ ਤਹਿਤ ਵਿਚ ਕੰਮ ਕਰੇਂਗੀ।

6. ਉਹ ਸਭੈ ਵਲੈਤੀ ਸਮਾਨ ਜੋ ਯੂਰਪੀਨ ਇਲਾਕੇ ਤੋਂ ਅੰਗਰੇਜ਼ੀ ਫੌਜਾਂ ਦੇ ਵਰਤਣ ਲਈ ਇਸ ਇਲਾਕੇ ਵਿਚੋਂ ਲੰਘੇ, ਉਸ ਪਰ ਕੋਈ ਮਸਲੂ ਨਾ ਲਿਆ ਜਾਵੇਗਾ।

7. ਜਿੰਨੇ ਘੋੜੇ ਸਰਕਾਰ ਅੰਗਰੇਜ਼ੀ ਦੇ ਰਸਾਲਿਆਂ ਲਈ, ਚਾਹੇ ਇਸ ਇਲਾਕੇ ਵਿਚੋਂ ਜਾਂ ਕਿਸੇ ਹੋਰ ਦੇਸ਼ ਤੋਂ ਖਰੀਦੇ ਹੋਏ ਇਸ ਇਲਾਕੇ ਵਿਚੋਂ ਲੰਘ ਕੇ ਜਾਣ, ਤਾਂ ਉਨ੍ਹਾਂ ਨੂੰ ਸਭ ਤਰ੍ਹਾਂ ਖੁਲ੍ਹ ਹੋਵੇਗੀ ਤੇ ਉਨ੍ਹਾਂ ਪਰ ਕੋਈ ਕਰ ਨਾ ਲਿਆ ਜਾਵੇਗਾ। ਘੋੜੇ ਲੰਘਾਣ ਜਾਂ ਖਰੀਦਣ ਵਾਲਿਆਂ ਪਾਸ ਰੈਜ਼ੀਡੈਂਟ ਦਿੱਲੀ ਜਾਂ ਸਰਹੰਦ ਦੇ ਅੰਗਰੇਜ਼ੀ ਕਰਮਚਾਰੀ ਦੀ ਦਸਖਤੀ ਰਾਹਦਾਰੀ ਹੋਇਆ ਕਰੇਗੀ।

ਇਸ ਤਰ੍ਹਾਂ ਉਪਰੋਕਤ ਅਹਿਦਨਾਮੇ ਦੇ ਬਾਅਦ ਸਤਲੁਜ ਪਾਰ ਦੇ ਇਲਾਕੇ ਦੇ ਰਈਸਾਂ ਦਾ ਸਦਾ ਲਈ ਮਹਾਰਾਜਾ ਰਣਜੀਤ ਸਿੰਘ ਨਾਲੋਂ ਸਬੰਧ ਟੁੱਟ ਗਿਆ ।

ਇਸ ਦਿਨ ਤੋਂ ਅੰਗਰੇਜ਼ੀ ਛਾਵਣੀ ਲੁਧਿਆਣੇ ਵਿਚ ਪਾਈ ਗਈ, ਜਿਥੇ ਕੁਝ ਫੌਜ ਰੱਖਣੀ ਨੀਯਤ ਹੋਈ। ਇਸ ਫੌਜ ਦਾ ਕਮਾਂਡਰ ਸਰ ਡੇਵਡ ਅਕਟਰਲੋਨੀ ਥਾਪਿਆ ਗਿਆ, ਜੋ ਫੌਜੀ ਤੇ ਰਾਜਸੀ ਦੋਹਾਂ ਗੁਣਾਂ ਵਿਚ ਉਸ ਸਮੇਂ ਅਦੁੱਤੀ ਮੰਨਿਆ ਜਾਂਦਾ ਸੀ। ਇਸ ਦੇ ਨਾਲ ਲੁਧਿਆਣੇ ਵਿਚ ਰਹਿਣ ਲਈ ਬਖਸ਼ੀ ਨੰਦ ਭੰਡਾਰੀ ਵਟਾਲੇ ਦਾ ਵਸਨੀਕ ਮਹਾਰਾਜਾ ਰਣਜੀਤ ਸਿੰਘ ਦਾ ਸਫੀਰ ਨੀਯਤ ਹੋਇਆ ਅਤੇ ਇਸੇ ਤਰ੍ਹਾਂ ਖੁਸ਼ਵਕਤ ਰਾਏ ਲਾਹੌਰ ਦਰਬਾਰ ਵਿਚ ਅੰਗਰੇਜ਼ੀ ਸਰਕਾਰ ਵੱਲ ਖ਼ਬਰ ਨਵੀਸ ਥਾਪਿਆ ਗਿਆ।

(...ਚੱਲਦਾ)

ਨਿਡਰ ਤੇ ਨਿਰਭੈ ਯੋਧਾ

ਬਾਬਾ ਬਿਧੀ ਚੰਦ ਛੀਨਾ

-ਬਲਵਿੰਦਰ ਸਿੰਘ ਭੰਗੂ 98150-76546

ਭਗਤੀ ਤੇ ਸ਼ਕਤੀ ਦੇ ਸੰਕਲਪ ਨਾਲ ਸਿੱਖ ਕੌਮ ਦੇ ਇਤਿਹਾਸ ਦਾ ਇੱਕ-ਇੱਕ ਵਰਕਾ ਬਹਾਦਰ ਯੋਧਿਆਂ ਦੀਆਂ ਵਿਲੱਖਣ, ਸ਼ਾਨਾਮਤੀ ਅਤੇ ਗੌਰਵਮਈ ਕੁਰਬਾਨੀਆਂ ਨਾਲ ਲਿਖਿਆ ਹੋਇਆ ਹੈ। ਉਨ੍ਹਾਂ ਵਿੱਚੋ ਇੱਕ ਸਨ ਬਾਬਾ ਬਿਧੀ ਚੰਦ ਜਿਨ੍ਹਾਂ ਨੇ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਸਾਹਿਬ ਅਤੇ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੰਗਤ ਕਰਕੇ ਆਪਣੇ ਜੀਵਨ ਨੂੰ ਬਦਲ ਕੇ ਸਿੱਖ ਕੌਮ ਲਈ ਪੈਂੜਾਂ ਪਾਉਣ ਵਾਲੇ ਕਾਰਨਾਮੇ ਕਰਕੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਦਾ ਜਨਮ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਛੀਨਾ ਵਿੱਚ ਪਿਤਾ ਬਾਬਾ ਸਾਹਿਬਾ ਅਤੇ ਮਾਤਾ ਸੰਭਲੀ ਦੇ ਘਰ 8 ਅਪਰੈਲ 1560 ਈ. ਨੂੰ ਹੋਇਆ ਸੀ। ਬਾਅਦ ਵਿੱਚ ਬਾਬਾ ਬਿੱਧੀ ਚੰਦ ਦਾ ਪਰਿਵਾਰ ਪਿੰਡ ਸੁਰ ਸਿੰਘ ਵਿੱਚ ਰਹਿਣ ਲੱਗਾ ਪਰ ਬਾਬਾ ਬਿਧੀ ਚੰਦ ਪਿੰਡ ਸਰਹਾਲੀ ਆਪਣੇ ਨਾਨਕਿਆਂ ਕੋਲ ਰਹਿਣ ਲੱਗੇ ਜਿੱਥੇ ਉਨ੍ਹਾਂ ਦੀ ਸੰਗਤ ਚੋਰਾਂ-ਡਾਕੂਆਂ ਨਾਲ ਪੈ ਗਈ ਅਤੇ ਚੋਰੀਆਂ-ਡਾਕੇ ਮਾਰਨੇ ਸ਼ੁਰੂ ਕਰ ਦਿੱਤੇ।

ਇੱਕ ਵਾਰ ਬਾਬਾ ਬਿਧੀ ਚੰਦ ਰਾਤ ਨੂੰ ਪਿੰਡ ਆਲ੍ਹੀਆ ਵਿੱਚੋ ਕੁੱਝ ਮੱਝਾਂ ਚੋਰੀ ਕਰਕੇ ਲੈ ਜਾ ਰਹੇ ਸਨ ਤਾਂ ਪਿੰਡ ਵਾਸੀਆਂ ਨੂੰ ਮੱਝਾਂ ਚੋਰੀ ਹੋਣ ਦਾ ਪਤਾ ਲੱਗ ਗਿਆ। ਪਿੰਡ ਵਾਸੀਆਂ ਨੇ ਪਿੱਛਾ ਕੀਤਾ ਤਾਂ ਬਾਬਾ ਬਿਧੀ ਚੰਦ ਨੇ ਮੱਝਾਂ ਇੱਕ ਪਾਣੀ ਵਾਲੇ ਤਲਾਬ ਵਿੱਚ ਵਾੜ ਦਿੱਤੀਆਂ ਅਤੇ ਆਪ ਨੇੜੇ ਭਾਈ ਅਦਲੀ ਜੀ ਦੀ ਕੁਟੀਆ ਵਿੱਚ ਚਲੇ ਗਏ। ਭਾਈ ਅਦਲੀ ਜੀ ਨੇ ਬਾਬਾ ਬਿਧੀ ਚੰਦ ਨੂੰ ਕਿਹਾ ਕਿ ਕੁਟੀਆ ਵਿੱਚ ਬੈਠ ਕੇ ਪ੍ਰਮਾਤਮਾ ਦਾ ਨਾਮ ਜਪ, ਪ੍ਰਮਾਤਮਾ ਆਪੇ ਹੀ ਭਲੀ ਕਰੇਗਾ। ਜਦ ਪਿੰਡ ਵਾਸੀਆਂ ਨੇ ਭਾਈ ਅਦਲੀ ਜੀ ਨੂੰ ਪੁਛਿਆ ਕਿ ਮੱਝਾਂ ਚੋਰੀ ਕਰਨ ਵਾਲਾ ਚੋਰ ਉਨ੍ਹਾਂ ਦੀ ਕੁਟੀਆ ਵਿੱਚ ਤਾਂ ਨਹੀਂ ਆਇਆ ਤਾਂ ਭਾਈ ਅਦਲੀ ਜੀ ਨੇ ਕਿਹਾ ਕਿ ਸਾਧਾਂ ਦੇ ਡੇਰੇਆਂ 'ਚ ਸਾਧ ਆਉਂਦੇ ਹਨ, ਚੋਰ ਨਹੀਂ ਆਉਂਦੇ। ਇਸ ਤਰ੍ਹਾਂ ਬਾਬਾ ਬਿਧੀ ਚੰਦ ਉਨ੍ਹਾਂ ਤੋਂ ਬਚ ਗਏ। ਇਸ ਘਟਨਾ ਨੇ ਬਾਬਾ ਬਿਧੀ ਚੰਦ ਦਾ ਜੀਵਨ ਬਦਲ ਦਿੱਤਾ ਅਤੇ ਭਾਈ ਅਦਲੀ ਜੀ ਨੂੰ ਕਹਿਣ ਲੱਗਾ ਕਿ ਉਸ ਨੂੰ ਆਪਣਾ ਸੇਵਕ ਬਣਾ ਲਓ। ਭਾਈ ਅਦਲੀ ਜੀ ਬਾਬਾ ਬਿਧੀ ਚੰਦ ਨੂੰ ਨਾਲ ਲੈ ਕੇ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿੱਚ ਆਏ। ਗੁਰੂ ਦਰਬਾਰ ਵਿੱਚ ਰਹਿ ਕੇ ਬਾਬਾ ਬਿਧੀ ਚੰਦ ਨੇ ਆਪਣਾ ਧਿਆਨ ਪ੍ਰਮਾਤਮਾ ਦੀ ਭਗਤੀ ਅਤੇ ਗੁਰੂ ਘਰ ਦੀ ਸੇਵਾ ਵਿੱਚ ਕੇਂਦਰਿਤ ਕਰ ਲਿਆ ਅਤੇ ਗੁਰਸਿੱਖਾਂ ਨਾਲ ਘੋੜ ਸਵਾਰੀ ਅਤੇ ਗਤਕਾ ਸਿੱਖਦੇ ਰਹੇ।

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਬਾਬਾ ਬਿਧੀ ਚੰਦ ਨੇ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੰਗਤ ਦਾ ਨਿੱਘ ਮਾਣਿਆ ਅਤੇ ਗੁਰੂ ਜੀ ਵੱਲੋ ਅਤਿਆਚਾਰ ਅਤੇ ਜ਼ੁਲਮ ਵਿਰੁੱਧ ਲੜੇ ਯੁਧਾਂ 'ਚ ਉਨ੍ਹਾਂ ਨੇ ਮੁੱਖ



ਇੱਕ ਵਾਰ ਕਾਬਲ ਦਾ ਵਾਸੀ ਭਾਈ ਕਰੋੜੀ ਮੱਲ ਗੁਲਬਾਗ ਤੇ ਦਿਲਬਾਗ ਨਾਂ ਦੇ ਦੋ ਘੋੜੇ ਗੁਰੂ ਹਰਿਗੋਬੰਦ ਸਾਹਿਬ ਨੂੰ ਭੇਟ ਕਰਨ ਆ ਰਿਹਾ ਸੀ ਤਾਂ ਜਦ ਉਹ ਲਾਹੌਰ ਪਹੁੰਚਿਆ ਤਾਂ ਲਾਹੌਰ ਦੇ ਸੂਬੇਦਾਰ ਕਾਸਮ ਬੇਗ ਨੇ ਦੋਵੇਂ ਘੋੜੇ ਉਸ ਤੋਂ ਜਬਰੀ ਖੋਹ ਲਏ। ਜਦ ਭਾਈ ਕਰੋੜੀ ਮੱਲ ਨੇ ਗੁਰੂ ਹਰਿਗੋਬਿੰਦ ਸਾਹਿਬ ਕੋਲ ਪਹੁੰਚ ਕੇ ਦੋਵੇਂ ਘੋੜੇ ਖੋਹਣ ਦੀ ਵਾਰਤਾ ਦੱਸੀ ਤਾਂ ਗੁਰੂ ਜੀ ਨੇ ਕਿਹਾ ਕਿ ਦੋਵੇਂ ਘੋੜੇ ਬਾਬਾ ਬਿਧੀ ਚੰਦ ਲੈ ਆਉਣਗੇ। ਬਾਬਾ ਬਿਧੀ ਚੰਦ ਗੁਰੂ ਜੀ ਦਾ ਹੁਕਮ ਮੰਨ ਕੇ ਲਾਹੌਰ ਪਹੁੰਚੇ ਅਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਭਾਈ ਜੀਵਨ ਸਿੰਘ ਦੇ ਘਰ ਪਹੁੰਚ ਕੇ ਦਾਤੀ ਤੇ ਰੰਬਾ ਲਿਆ ਅਤੇ ਵਧੀਆ ਘਾਹ ਖੋਤ ਕੇ ਰੋਜ਼ਾਨਾ ਦੋਵੇਂ ਘੋੜੇ ਸਾਂਭਣ ਵਾਲਿਆਂ ਨੂੰ ਵੇਚਣਾ ਅਤੇ ਹੌਲੀ ਹੌਲੀ ਉਸ ਨੇ ਘੋੜਿਆਂ ਦੇ ਰਖਵਾਲੇ ਸੌਂਧੀ ਖਾਂ ਦਰੋਗੇ ਨਾਲ ਚੰਗੀ ਦੋਸਤੀ ਪਾ ਕੇ ਦੋਵੇਂ ਘੋੜੇ ਸਾਂਭਣ ਦੀ ਪੱਕੀ ਨੌਕਰੀ ਲੈ ਲਈ। ਉਸ ਨੇ ਰੋਜ਼ਾਨਾ ਘਾਹ ਖੋਤ ਕੇ ਘਾਹ ਦੀ ਪੰਡ ਵਿੱਚ ਇੱਕ ਪੱਥਰ ਲੈ ਆਉਣਾ ਅਤੇ ਰਾਤ ਨੂੰ ਰਾਵੀ ਦਰਿਆ ਵਿੱਚ ਸੁੱਟ ਦੇਣਾ। ਇੱਕ ਰਾਤ ਨੂੰ ਬਾਬਾ ਬਿਧੀ ਚੰਦ ਨੇ ਕਿਲੇ ਵਿਚਲੇ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਕੁਝ ਪਿਲਾ ਕੇ ਬੇਹੋਸ਼ ਕਰ ਦਿੱਤਾ ਤੇ ਰਾਤ ਨੂੰ ਦਿਲਬਾਗ ਘੋੜੇ 'ਤੇ ਸਵਾਰ ਹੋ ਕੇ ਰਾਵੀ ਦਰਿਆ ਵਿੱਚ ਛਾਲ ਮਰਵਾ ਕੇ, ਦਰਿਆ ਪਾਰ ਕਰ ਘੋੜਾ ਭਜਾ ਕੇ, ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲ ਪਹੁੰਚਕੇ ਭੇਟ ਕੀਤਾ।

ਭੂਮਿਕਾ ਨਿਭਾਈ। ਇੱਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਮਾਲਵੇ ਦੇ ਪਿੰਡ ਡਰੋਲੀ ਭਾਈ ਕੀ ਵਿੱਚ ਪ੍ਰਵਚਨ ਕਰ ਰਹੇ ਸਨ ਤਾਂ ਕਸ਼ਮੀਰ ਦੀ ਸੰਗਤ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਉਹ ਤਿੰਨ ਦੁਸ਼ਾਲੇ ਭੇਟ ਕਰਨ ਲਿਆਏ ਸਨ ਪਰ ਦੋ ਦੁਸ਼ਾਲੇ ਪੱਟੀ ਦੇ ਸੂਬੇਦਾਰ ਮਿਰਜਾ ਬੇਗ ਨੇ ਹਕੂਮਤ ਦੇ ਨਸ਼ੇ 'ਚ ਆ ਕੇ ਖੋਹ ਲਏ। ਗੁਰੂ ਜੀ ਨੇ ਉਸੇ ਸਮੇਂ ਬਿਧੀਆਂ (ਸਕੀਮਾਂ) ਦਾ ਜਾਣੂ ਬਹਾਦਰ ਤੇ ਨਿੱਡਰ ਯੋਧੇ ਬਾਬਾ ਬਿਧੀ ਚੰਦ ਨੂੰ ਸੱਦ ਕੇ ਕਿਹਾ ਕਿ ਜਿਹੜੇ ਦੁਸ਼ਾਲੇ ਪੱਟੀ ਦੇ ਦੁਸ਼ਾਲੇ ਲੈ ਕੇ ਮਹਿਲਾਂ ਵਿਚੋਂ ਫਰਾਰ ਹੋ ਗਿਆ। ਜਦ ਸੂਬੇਦਾਰ ਮਿਰਜਾ ਬੇਗ ਨੂੰ ਪਤਾ ਲੱਗਾ ਕਿ ਕੋਈ ਭੇਸ ਵਟਾ ਕੇ ਉਸ ਦੀਆਂ ਬੇਗਮਾਂ ਦੇ ਕੋਲੋਂ ਖੋਹੇ ਹੋਏ ਦੁਸ਼ਾਲੇ ਲੈ ਗਿਆ ਹੈ ਤਾਂ ਸ਼ਾਹੀ ਸੈਨਿਕਾਂ ਨੇ ਜਗ੍ਹਾ- ਜਗ੍ਹਾ ਪੱਟੀ ਇਲਾਕੇ ਵਿੱਚ ਸਖਤ ਪਹਿਰੇ ਲਗਾ ਦਿੱਤੇ। ਇਸ ਦੌਰਾਨ ਬਾਬਾ ਬਿਧੀ ਚੰਦ ਇੱਕ ਭੱਠੀ ਵਿੱਚ ਲੁੱਕ ਗਏ ਅਤੇ ਬਾਅਦ ਵਿੱਚ ਰਾਤ ਦੇ ਹਨੇਰੇ ਦਾ ਫਾਇਦਾ ਲੈ ਕੇ ਭੱਠੀ ਵਿੱਚੋਂ ਨਿਕਲ ਕੇ ਗੁਰੂ ਹਰਿਗੋਬਿੰਦ ਸਾਹਿਬ ਅੱਗੇ ਦੁਸ਼ਾਲੇ ਭੇਟ ਕਰ ਦਿੱਤੇ।



ਸੂਬੇਦਾਰ ਮਿਰਜਾ ਬੇਗ ਨੇ ਕਸ਼ਮੀਰ ਦੀ ਸੰਗਤ ਤੋਂ ਖੋਹੇ ਹਨ, ਉਹ ਦੁਸ਼ਾਲੇ ਲੈ ਕੇ ਆਓ ਤਾਂ ਬਾਬਾ ਬਿਧੀ ਚੰਦ ਨੇ ਪੱਟੀ ਪਹੁੰਚ ਕੇ ਪਹਿਲਾਂ ਮੁਸਲਮਾਨ-ਬੇਗਮ ਦੇ ਪਹਿਰਾਵੇ ਵਰਗਾ ਸੂਟ ਦਰਜੀ ਕੋਲੋਂ ਸਵਾ ਕੇ ਪਹਿਨ ਲਿਆ ਅਤੇ ਸੂਬੇਦਾਰ ਮਿਰਜਾ ਬੇਗ ਦੇ ਮਹਿਲਾਂ ਵਿੱਚ ਜਾ ਕੇ ਜਿਸ ਕਮਰੇ ਵਿੱਚ ਦੁਸ਼ਾਲੇ ਪਏ ਸਨ ਉੱਥੇ ਜਾ ਕੇ ਮੰਜੇ ''ਤੇ ਚੁਪ-ਚੁਪੀਤੇ ਬੈਠ ਗਿਆ ਤਾਂ ਮਹਿਲ ਵਿਚਲੀਆਂ ਰਹਿ ਰਹੀਆਂ ਮੁਸਲਮਾਨ ਬੇਗਮਾਂ ਨੇ ਸਮਝਿਆ ਕਿ ਕੋਈ ਆਪਣੀ ਹੀ ਖਾਸ ਰਿਸ਼ਤੇਦਾਰਨੀ ਹੀ ਆ ਕੇ ਕਮਰੇ ਅੰਦਰ ਬੈਠੀ ਹੋਣੀ ਹੈ। ਜਦ ਸਾਰੀਆਂ ਮੁਸਲਮਾਨ ਬੇਗਮਾਂ ਕਮਰੇ ਅੰਦਰ ਉਸ ਨੂੰ ਮਿਲਣ ਗਈਆਂ ਤਾਂ ਬਾਬਾ ਬਿਧੀ ਚੰਦ ਨੇ ਤਲਵਾਰ ਕੱਢ ਕੇ ਉਨ੍ਹਾਂ ਨੂੰ ਖੋਹੇ ਹੋਏ ਦੁਸ਼ਾਲੇ ਹਵਾਲੇ ਕਰਨ ਲਈ ਕਿਹਾ। ਮੁਸਲਮਾਨ ਬੇਗਮਾਂ ਨੇ ਝੱਟ ਕਸ਼ਮੀਰ ਦੀ ਸੰਗਤ ਤੋਂ ਖੋਹੇ ਹੋਏ ਦੁਸ਼ਾਲੇ ਦੇ ਦਿੱਤੇ ਅਤੇ ਬਾਬਾ ਬਿਧੀ ਚੰਦ ਕੀਮਤੀ

ਇੱਕ ਵਾਰ ਕਾਬਲ ਦਾ ਵਾਸੀ ਭਾਈ ਕਰੋੜੀ ਮੱਲ ਗੁਲਬਾਗ ਤੇ ਦਿਲਬਾਗ ਨਾਂ ਦੇ ਦੋ ਘੋੜੇ ਗੁਰੂ ਹਰਿਗੋਬੰਦ ਸਾਹਿਬ ਨੂੰ ਭੇਟ ਕਰਨ ਆ ਰਿਹਾ ਸੀ ਤਾਂ ਜਦ ਉਹ ਲਾਹੌਰ ਪਹੁੰਚਿਆ ਤਾਂ ਲਾਹੌਰ ਦੇ ਸੂਬੇਦਾਰ ਕਾਸਮ ਬੇਗ ਨੇ ਦੋਵੇਂ ਘੋੜੇ ਉਸ ਤੋਂ ਜਬਰੀ ਖੋਹ ਲਏ। ਜਦ ਭਾਈ ਕਰੋੜੀ ਮੱਲ ਨੇ ਗੁਰੂ ਹਰਿਗੋਬਿੰਦ ਸਾਹਿਬ ਕੋਲ ਪਹੁੰਚ ਕੇ ਦੋਵੇਂ ਘੋੜੇ ਖੋਹਣ ਦੀ ਵਾਰਤਾ ਦੱਸੀ ਤਾਂ ਗੁਰੂ ਜੀ ਨੇ ਕਿਹਾ ਕਿ ਦੋਵੇਂ ਘੋੜੇ ਬਾਬਾ ਬਿਧੀ ਚੰਦ ਲੈ ਆਉਣਗੇ। ਬਾਬਾ ਬਿਧੀ ਚੰਦ ਗੁਰੂ ਜੀ ਦਾ ਹੁਕਮ ਮੰਨ ਕੇ ਲਾਹੌਰ ਪਹੁੰਚੇ ਅਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਭਾਈ ਜੀਵਨ ਸਿੰਘ ਦੇ ਘਰ ਪਹੁੰਚ ਕੇ ਦਾਤੀ ਤੇ ਰੰਬਾ ਲਿਆ ਅਤੇ ਵਧੀਆ ਘਾਹ ਖੋਤ ਕੇ ਰੋਜ਼ਾਨਾ ਦੋਵੇਂ ਘੋੜੇ ਸਾਂਭਣ ਵਾਲਿਆਂ ਨੂੰ ਵੇਚਣਾ ਅਤੇ ਹੌਲੀ ਹੌਲੀ ਉਸ ਨੇ ਘੋੜਿਆਂ ਦੇ ਰਖਵਾਲੇ ਸੌਧੀ ਖਾਂ ਦਰੋਗੇ ਨਾਲ ਚੰਗੀ ਦੋਸਤੀ ਪਾ ਕੇ ਦੋਵੇਂ ਘੋੜੇ ਸਾਂਭਣ ਦੀ ਪੱਕੀ ਨੌਕਰੀ ਲੈ ਲਈ। ਉਸ ਨੇ ਰੋਜ਼ਾਨਾ ਘਾਹ ਖੋਤ ਕੇ ਘਾਹ ਦੀ ਪੰਡ ਵਿੱਚ ਇੱਕ ਪੱਥਰ ਲੈ ਆਉਣਾ ਅਤੇ ਰਾਤ ਨੂੰ ਰਾਵੀ ਦਰਿਆ ਵਿੱਚ ਸੁੱਟ ਦੇਣਾ। ਇੱਕ ਰਾਤ ਨੂੰ ਬਾਬਾ ਬਿਧੀ ਚੰਦ ਨੇ ਕਿਲੇ ਵਿਚਲੇ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਕੁਝ ਪਿਲਾ ਕੇ ਬੇਹੋਸ਼ ਕਰ ਦਿੱਤਾ ਤੇ ਰਾਤ ਨੂੰ ਦਿਲਬਾਗ ਘੋੜੇ 'ਤੇ ਸਵਾਰ ਹੋ ਕੇ ਰਾਵੀ ਦਰਿਆ ਵਿੱਚ ਛਾਲ ਮਰਵਾ ਕੇ, ਦਰਿਆ ਪਾਰ ਕਰ ਘੋੜਾ ਭਜਾ ਕੇ, ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲ ਪਹੁੰਚਕੇ ਭੇਟ ਕੀਤਾ। ਜੋਤਸ਼ੀ ਦਾ ਰੂਪ ਧਾਰ ਕੇ ਫਿਰ ਲਾਹੌਰ ਪਹੁੰਚ ਗਏ। ਕਿਲ੍ਹੇ ਦੇ ਦਰੋਗਾ ਸੌਧੀ ਖਾਂ ਨੇ ਜੋਤਸ਼ੀ (ਬਾਬਾ ਬਿਧੀ ਚੰਦ) ਨੂੰ ਪੁਛਿਆ ਕਿ ਕਿਲ੍ਹੇ ਵਿੱਚੋਂ ਘੋੜਾ ਕਿਵੇਂ ਚੋਰੀ ਹੋਇਆ ਹੈ ਅਤੇ ਕਿਸ ਨੇ ਚੋਰੀ ਕੀਤਾ ਹੈ। ਜੋਤਸ਼ੀ ਨੇ ਦੱਸਿਆ ਕਿ ਸਰਕਾਰੀ ਮੁਲਾਜ਼ਮਾਂ ਨੂੰ ਕੁੱਝ ਪਿਲਾ ਕੇ ਘੋੜਿਆਂ ਦੀ ਸੇਵਾ ਕਰਨ ਵਾਲੇ ਨੇ ਇਹ ਘੋੜਾ ਚੋਰੀ ਕੀਤਾ ਹੈ। ਇਹ ਦੱਸਣ 'ਤੇ ਦਰੋਗਾ ਸੌਧੀ ਖਾਂ ਨੂੰ ਜੋਤਸ਼ੀ 'ਤੇ ਅਟੱਲ ਵਿਸ਼ਵਾਸ ਹੋ ਗਿਆ ਅਤੇ ਕਹਿਣ ਲੱਗਾ ਕਿ ਘੋੜੇ ਨੂੰ ਲੱਭਣ ਦਾ ਉਪਾਅ ਵੀ ਕਰੋ। ਜੋਤਸ਼ੀ ਨੇ ਕਿਹਾ ਕਿ ਘੋੜਾ ਲੱਭਿਆ ਜਾ ਸਕਦਾ ਹੈ।

ਜੋਤਸ਼ੀ ਨੇ ਕਿਹਾ ਕਿ ਸਾਰੇ ਲਾਹੌਰ ਦੇ ਸਰਕਾਰੀ ਅਹਿਲਕਾਰ ਆਪਣੇ ਆਪਣੇ ਦਫਤਰਾਂ ਦੇ ਅਤੇ ਵਾਸੀ ਘਰਾਂ ਨੂੰ ਅੰਦਰੋ ਜਿੰਦਰੇ ਮਾਰ ਕੇ ਅੰਦਰ ਰਹਿਣ ਤਾਂ ਘੋੜਾ ਲੱਭ ਜਾਵੇਗਾ। ਦਰੋਗਾ ਸੌਧੀ ਖਾਂ ਨੇ ਸਾਰੇ ਸਰਕਾਰੀ ਅਹਿਲਕਾਰਾਂ ਨੂੰ ਆਪਣੇ-ਆਪਣੇ ਦਫਤਰਾਂ ਦੇ ਅਤੇ ਵਾਸੀਆਂ ਨੂੰ ਘਰਾਂ ਦੇ ਅੰਦਰ ਵੜ ਕੇ ਅੰਦਰੋ ਜਿੰਦਰੇ ਮਾਰ ਲੈਣ ਦਾ ਹੁਕਮ ਦੇ ਦਿੱਤਾ। ਬਾਬਾ ਬਿਧੀ ਚੰਦ (ਜੋਤਸ਼ੀ) ਨੇ ਜਦ ਦੇਖਿਆ ਕਿ ਸਭ ਸ਼ਾਂਤ ਹੋ ਗਿਆ ਹੈ ਤਾਂ ਉਸ ਨੇ ਦੂਜੇ ਘੋੜੇ ਗੁਲਬਾਗ 'ਤੇ ਸਵਾਰ ਹੋ ਕੇ ਲਲਕਾਰਾ ਮਾਰ ਕਿਹਾ ਕਿ ਗੁਰੂ ਸਾਹਿਬ ਦਾ ਸਿੱਖ ਬਾਬਾ ਬਿਧੀ ਚੰਦ ਪਹਿਲਾਂ ਦਿਲਬਾਗ ਘੋੜਾ ਲੈ ਗਿਆ ਸੀ ਅਤੇ ਹੁਣ ਦੂਜਾ ਘੋੜਾ ਗੁਲਬਾਗ ਵੀ ਲੈ ਕੇ ਜਾ ਰਿਹਾ ਹੈ, ਜੇਕਰ ਜ਼ੋਰ ਹੈ ਤਾਂ ਫੜ ਲਓ। ਇਹ ਕਹਿ ਕੇ ਫੁਰਤੀ ਨਾਲ ਕਿਲੇ ਵਿੱਚੋਂ ਨਿਕਲ ਕੇ ਸਿੱਧਾ ਪਿੰਡ ਕਾਂਗੜ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੂੰ ਘੋੜਾ ਭੇਟ ਕੀਤਾ। ਗੁਰੂ ਜੀ ਨੇ ਬਾਬਾ ਬਿਧੀ ਚੰਦ ਨੂੰ ਹਿੱਕ ਨਾਲ ਲਾਇਆ ਅਤੇ ਬਖਸ਼ਿਸ਼ਾਂ ਅਤੇ ਖੁਸ਼ੀਆਂ ਦੇ ਵਰ ਦਿੱਤੇ ਅਤੇ ਕਿਹਾ ਕਿ 'ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ'।

-0-

—— ਵੱਡੇ ਸ਼ਹਿਰਾਂ ਤੋਂ ਤਰੱਕੀ ਫੈਲਦੀ ਫੈਲਦੀ ——

ਸਿਧ ਪੱਧਰੇ ਪੰਜਾਬ 'ਚ ਆ ਵੜੀ

– ਘੁੱਦਾ ਸਿੰਘ

ਖੌਣੀ ਕੀਹਨੇ ਸਾਡੇ ਕੰਨਾਂ 'ਚ ਫੂਕ ਮਾਰੀ ਤੇ ਪਤਾ ਈ ਨਾ ਲੱਗਾ ਕਦੋਂ ਬਾਬਿਆਂ ਦੇ ਬਣਾਏ ਟੈਂਲਾਂ, ਬੱਤਿਆਂ ਆਲੇ ਕਮਰੇ, ਬਰਾਂਡਿਆਂ ਦੇ ਸਾਦੇ ਘਰ ਢਾਹ ਕੇ ਕੋਠੀਆਂ ਪਾਓਣ ਲੱਗਪੇ। ਯਾਦ ਰਹੇ ਕੱਚਿਆਂ ਤੋਂ ਪੱਕੇ ਪਾਓਣੇ ਸਮੇਂ ਦੀ ਲੋੜ ਸੀ। ਬਰਾਂਡੇ ਮੂਹਰੇ ਕੱਢੇ ਵਾਧਰੇ ਤੇ ਲਿਖਿਆ ਸੰਨ 1979 ਭੈੜਾ ਲੱਗਣ ਲੱਗ ਪਿਆ। ਹਲ, ਪੰਜਾਲੀ, ਬਲਦਾਂ ਦੇ ਜਾਨ੍ਹੂੰ ਜੱਟ ਬੂਟ ਕੱਛਾਂ 'ਚ ਜਵਾਰ ਦੇ ਬੀਅ ਆਲੇ ਝੋਲਿਆਂ 'ਚ ਕਾਗ਼ਜ਼ ਪੱਤਰ ਟੰਗਕੇ ਆਰਕੀਟੈਕਚਰਾਂ ਦੇ ਗੇੜੇ ਕੱਢਣ ਲੱਗੇ। ਅੱਗੇ ਗਹਿਣੇ ਪਈ ਜ਼ਮੀਨ ਬੜੀ ਸੰਗ ਦੀ ਗੱਲ ਸੀ, ਅੱਜ ਸਾਰਾ ਪੰਜਾਬ ਆੜ ਰਹਿਣ ਹੋਇਆ ਪਿਆ।

ਪੁਰਾਣੇ ਘਰਾਂ ਦੀ ਲਾਲ ਰੋੜੀ ਕੁੱਟਕੇ ਕੋਠੀਆਂ 'ਚ ਲੱਗੇ ਡੂੰਗਰੀ ਦੇ ਪੱਥਰ ਹੇਠ ਲਾਸ਼ ਵੰਗੂ ਨੱਪੀ ਗਈ।

ਪਹਿਲਾਂ ਕਮਰੇ ਹੁੰਦੇ ਸੀ ਢੋਲਾਂ ਆਲਾ, ਪੇਟੀਆਂ ਆਲਾ, ਰਸੋਈ, ਬੈਠਕ ਤੇ ਸੌਣ ਪੈਣ ਆਲਾ। ਤਰੱਕੀ ਹੋਗੀ ਲੌਬੀ, ਕਿਚਨ ਤੇ ਡਰਾਇੰਗ ਰੂਮ ਬਣਗੇ।

ਜਿੰਨੇ ਕਮਰੇ ਓਨੇ "ਅਟੈਚ ਬਾਥਰੂਮ"। "ਅਟੈਚ" ਦੱਸਦਾ ਬੀ ਅਸੀਂ ਤੁਰਨੋਂ ਵੀ ਆਹਰੀ ਹੋਗੇ। ਮੰਜੇ ਕੋਲੇ ਈ ਹੱਗ ਮੂਤ ਲੈਣੇਂ ਆਂ। ਜਿਹੜਾ ਸਵਾਦ ਵਿਹੜੇ 'ਚ ਪੱਖੇ ਮੂਹਰੇ ਮੰਜਿਆਂ ਦੀ ਪਾਲ ਬਣਾਕੇ ਸੌਣ ਦਾ ਆਓਂਦਾ ਸੀ ਓਹ ਓਜਰਨਲ ਦੇ ਡੂਢ ਡੂਢ ਟਣੇ ਏਸੀਆਂ 'ਚ ਕਦੇ ਆਇਆ?

ਤਰੱਕੀ ਨਾਲ ਜਵਾਕ ਸਾਡੇ ਡੋਰੇਮੋਨ, ਮੋਟੀ ਪਤਲੂ ਦੇ ਜਾਨੂ ਹੋਗੇ। ਤਾਰਿਆਂ ਛਾਵੇਂ ਕਦੇ ਸਪਤਰਿਸ਼ੀ ਬਾਰੇ ਉਹਨਾਂ ਨੂੰ ਦੱਸਿਆ ਈ ਨਹੀਂ ਕਿ ਪੁੱਤ ਓਹ ਬਾਬੇ ਦਾ ਮੰਜਾ, ਕੋਲ ਸਾਧ, ਚੋਰ ਤੇ ਕੁੱਤਾ ਜਾਂਦੇ ਆ ਅੱਗੜ ਪਿੱਛੜ।

ਪੱਬਜੀ ਖੇਡਣ ਵਾਲਿਆਂ ਜਵਾਕਾਂ ਨੇ ਕਦੇ ਵਿਹੜੇ 'ਚ ਖਲੋਤੇ ਸਕੂਟਰ ਦਾ ਮੂਹਰਲਾ ਟੈਰ ਘੁਕਾਕੇ ਮੀਟਰ ਦੇਖਣ ਦਾ ਸਵਾਦ ਨਹੀਂ ਲਿਆ।

ਜਿਨ੍ਹਾਂ ਖਾਤਰ ਕੋਠੀਆਂ ਪਈਆਂ ਓਹ ਲਾਚਾਰ ਧੀ ਪੁੱਤ ਦਿੱਲੀਓਂ ਤੀਜੇ ਟਰਮੀਨਲ ਤੇ ਜਾਕੇ ਟੈਚੀਆਂ ਮਗਰ ਖੜ੍ਹਕੇ ਫੇਸਬੁੱਕ ਤੇ ਫੋਟੋ ਪਾਕੇ ਜਹਾਜੇ ਚੜ੍ਹਗੇ।

ਟਿੱਬੇ ਢਾਲੇ ਗਏ, ਖੁੱਲ੍ਹੀਆਂ ਚਰਾਂਦਾਂ ਵਾਹੀਆਂ ਗਈਆਂ ਤੇ ਖੁੱਲ੍ਹੇ ਚਰਦੇ ਪਸੂ ਕਿੱਲਿਆਂ ਤੇ ਆ ਬੱਝੇ। ਦੁੱਧ ਪੁੱਤ ਦੀ ਅਸੀਸ ਹੁੰਦੀ ਸੀ। ਦੁੱਧ ਜ਼ਹਿਰੀ ਹੋ ਗਿਆ ਤੇ ਪੁੱਤ ਪਰਦੇਸੀ।

ਡਾਕਰ ਵਾਹਣਾਂ 'ਚੋਂ ਲੱਖ ਲੱਖ ਦੀ ਫਸਲ ਨਿੱਕਲਦੀ ਆ। ਮਹਿੰਗੇ ਕੌਨਵੈਂਟ ਸਕੂਲ ਤੇ ਹਸਪਤਾਲਾਂ ਮੂੰਹੇ ਸਾਰਾ ਪੈਸਾ ਉੱਜੜ ਜਾਂਦਾ। ਸ਼ੂਗਰ, ਸਟਰੈੱਸ, ਡਿਪਰੈਸ਼ਨ, ਹਾਰਟ ਅਟੈਕ, ਮਾਈਗਰੇਨ ਤੇ ਹੋਰ ਸੈਂਕੜੇ ਬਿਮਾਰੀਆਂ ਤਰੱਕੀ ਦੇ ਨਾਲ ਆਈਆਂ।

ਲੱਖ ਲੱਖ ਤਨਖਾਹਾਂ ਲੈਣ ਆਲੇ ਵੀ ਬੈਠੇ ਆ। ਪਰ ਸਾਲਾ ਕਿਸੇ ਦੇ ਚਿਹਰੇ ਤੇ ਖੁਸ਼ੀ ਹੈਗੀ ਆ?? ਹੱਸਣ ਖਾਤਰ ਰਾਮਦੇਵ ਮਾਅਰਕਾ ਯੋਗਾ ਕਰਨਾ ਪੈ ਰਿਹਾ।

ਸਵਾਲ ਸਾਲਾ ਇਹ ਉੱਠਦਾ ਫੇਰ ਤਰੱਕੀ ਦਾ ਫਾਇਦਾ ਕੀ ਹੋਇਆ??



ਜੇ ਤਰੱਕੀ ਬੰਦੇ ਦੇ ਭਲੇ ਖਾਤਰ ਸੀ ਫੇਰ ਭਲਾ ਕਿਓਂ ਨਾ ਹੋਇਆ?

ਪੰਜ ਦਰਿਆਵਾਂ ਦੀ ਧਰਤੀ ਤੇ ਤਰੱਕੀ ਨੇ ਪਾਣੀ ਬੋਤਲਾਂ ਨਾਲ ਵਿਕਣ ਲਾਤਾ। ਪੈਕਡ ਗਲਾਸਾਂ ਦਾ ਪਾਣੀ ਵਰਤਦੇ ਆਂ ਬੀ ਸਾਡਾ ਸਟੈਂਡਰਡ ਆ। ਓਦੋਂ ਈ ਪਤਾ ਲੱਗਦਾ ਜਦੋਂ ਭੋਗਾਂ, ਮਰਗਾਂ ਤੇ ਆਕੇ ਛੋਟੇ ਹਾਥੀ ਆਲਾ ਗੱਡੀ ਬੈਕ ਕਰਕੇ ਤੀਹ ਕੈਂਪਰ ਲਾਹ ਕੇ ਪਰਚੀ ਫੜ੍ਹਾ ਦਿੰਦਾ।

ਜਦੋਂ ਤਰੱਕੀ ਹੈਨੀ ਸੀ ਓਦੋਂ ਖਾਲਾਂ ਤੋਂ ਮੂੰਹ ਮੂਹਰੇ ਮੂਕੇ ਦਾ ਲੜ ਕਰਕੇ ਪਾਣੀ ਪੀ ਲੈਂਦੇ ਸੀ। ਹੁਣ ਧਰਮਿੰਦਰ ਦਾ ਦੂਜਾ ਟੱਬਰ ਸੱਜੇ ਹੱਥ 'ਚ ਪਾਣੀ ਦਾ ਗਲਾਸ ਫੜ੍ਹਕੇ ਸਾਨੂੰ ਦੱਸਦਾ ਕਿ ਕੈਂਟ ਦਾ ਵਾਟਰ ਪਿਊਰੀਫਾਇਰ ਲਵਾਓ।

ਪਹਿਲੋਂ ਪਾਣੀ ਦੀ ਕਦਰ ਸੀ। ਬੀਬੀਆਂ ਨਿਆਈਂਆਂ 'ਚ ਵਗਦੇ ਖਾਲਾਂ ਤੇ ਲੀੜੇ ਧੋ ਲਿਆਓਂਦੀਆਂ । ਕਦੇ ਬੀਬੀ ਮੂਹਰੇ ਕੇਸੀ ਨਹਾਓਣ ਬੈਠੇ ਓਹ ਅੱਧੀ ਬਾਲਟੀ ਨਾਲ ਕੇਸੀ ਨਵਾ ਦਿੰਦੀ ਆ। ਚੁਲ੍ਹੀ ਮੂਤ ਕਰਕੇ ੧੦ ਲੀਟਰ ਪਾਣੀ ਡੁੱਲ੍ਹਦਾ। ਫੇਰ ਸੀਵਰੇਜ ਸਿਸਟਮ ਬਣੇ। ਹਰੇਕ ਸ਼ਹਿਰ 'ਚੋਂ ਕੱਸੀ ਜਿੰਨਾ ਸੀਬਰੇਜ ਦਾ ਪਾਣੀ ਚੱਤੋਪੈਰ ਨਿੱਕਲਕੇ ਕਿਤੇ ਕਲ ਕਲ ਵਗਦੇ ਸੱਜਰੇ ਦਰਿਆ 'ਚ ਡਿੱਗ ਪੈਂਦਾ।

ਵਿਹੜੇ 'ਚ ਕਿੱਲੀ ਤੇ ਟੰਗੇ ਫਿਲਿਪਸ ਦੇ ਰੇਡੀਓ 'ਚੋਂ ਹਰਮੰਦਰ ਸਾਹਿਬ ਦੀ ਗੁਰਬਾਣੀ ਦਾ ਜਿਹੜਾ ਸਵਾਦ ਆਓਂਦਾ ਸੀ ਓਹ ਪੀਟੀਸੀ ਦੇ ਲਾਈਵ 'ਚੋਂ ਕਦੇ ਨਹੀਂ ਆਇਆ। ਏਸੇ ਤਰੱਕੀ ਨੇ ਸੰਗਮਰਮਰ ਲਾ ਲਾਕੇ ਗੁਰੂ ਘਰ ਖਾ ਲਏ । ਲੱਖ ਅੱਖਾਂ ਮੀਚੀ ਚੱਲ ਸੁਰਤੀ ਨੀਂ ਜੁੜਦੀ ਹੁਣ।

ਨਵੇਂ ਜੁੱਗ ਨੇ ਵਿਆਹ ਵੀ ਖਾ ਲਏ। ਗਿਆਰਾਂ ਵਜੇ ਮਿਸ ਸੁਨੀਤਾ ਦੇ ਆਰਕੈਸਟਰਾ ਦੇ ਗਾਣੇ ਨਾਲ ਵਿਆਹ ਸ਼ੁਰੂ ਹੁੰਦਾ ਤੇ ਸਾਢੇ ਚਾਰ ਵਜੇ ਤੱਕ ਆਈਸ ਕਰੀਮ ਖਾਕੇ ਮੁੱਕ ਜਾਂਦਾ। ਤਿੰਨ ਚਾਰ ਘੰਟਿਆਂ 'ਚ ਸੱਤ ਅੱਠ ਲੱਖ ਥੱਲੇ ਆ ਜਾਂਦਾ ਅਗਲਾ।

ਤਰੱਕੀ ਨੇ ਸਬਰ ਮੁਕਾ ਦਿੱਤਾ। ਭੱਜਲਾ ਓਏ ਕਾਹਲੀ ਆ, ਆਜਾ ਓਏ ਕਾਹਲੀ ਆ।

ਕਾਹਲੀ ਨੇ ਟੱਬਰਾਂ ਦੇ ਟੱਬਰ ਸੜਕ ਹਾਦਸਿਆਂ 'ਚ ਮਾਰ ਸੁੱਟੇ। ਕਿਤੇ ਕੱਠੇ ਛੇ ਜੀਅ, ਕਿਤੇ ਪੰਜ।

ਰੁੱਖ ਪੱਟਕੇ ਏਸੀ ਲਾ ਲਏ ਤੇ ਪਾਣੀ ਗੰਦਾ ਕਰਕੇ ਵਾਟਰ ਫਿਲਟਰ। ਖੋਤੀ ਬੋਹੜ ਥੱਲੇ ਹੀ ਆਈ ਮੁੜਕੇ... ਮਾਣੋ ਤਰੱਕੀਆਂ। –0–

ਸੁਪਨੇ, ਸੰਘਰਸ਼, ਸਫਲਤਾ...!

ਰਵਨੀਤ ਕੌਰ ਢੋਲਣ

ਸੁਪਨੇ ਦੇਖੋ, ਸੰਘਰਸ਼ ਕਰੋ, ਸਫ਼ਲਤਾ ਤੁਹਾਡਾ ਇੰਤਜ਼ਾਰ ਕਰ ਰਹੀ ਹੈ...

ਕੀ ਸਿਰਫ਼ ਸੁਪਨੇ ਦੇਖਣ ਨਾਲ਼ ਸਫ਼ਲਤਾ ਮਿਲ ਜਾਂਦੀ ਹੈ?

ਨਹੀਂ....

ਸਫ਼ਲਤਾ ਓਹਨਾਂ ਨੂੰ ਮਿਲਦੀ ਹੈ ਜੋ ਸੁਪਨੇ ਵੀ ਦੇਖਦੇ ਹਨ, ਓਹਨਾਂ ਲਈ ਜਾਗਦੇ ਵੀ ਹਨ ਅਤੇ ਹਰ ਰੋਜ਼ ਮਿਹਨਤ ਵੀ ਕਰਦੇ ਹਨ।

ਹਰ ਬੱਚਾ ਦੁਨੀਆਂ ਵਿੱਚ ਇੱਕ ਖ਼ਾਸ ਮਕਸਦ ਲੈ ਕੇ ਆਉਂਦਾ ਹੈ। ਫ਼ਰਕ ਸਿਰਫ਼ ਇਹ ਹੈ ਕਿ ਕੁੱਝ ਲੋਕ ਆਪਣੇ ਅੰਦਰ ਦੀ ਤਾਕਤ ਪਛਾਣ ਲੈਂਦੇ ਹਨ ਅਤੇ ਕੁੱਝ ਡਰ,ਆਲਸ ਅਤੇ ਬਹਾਨਿਆਂ ਵਿੱਚ ਹੀ ਆਪਣੀ ਜ਼ਿੰਦਗੀ ਬਿਤਾ ਦਿੰਦੇ ਹਨ।

ਇੱਕ ਮੂਰਤੀਕਾਰ ਵੀ ਜਦੋਂ ਪੱਥਰ ਨੂੰ ਤਰਾਸ਼ਦਾ ਹੈ ਤਾਂ ਹਰ ਇੱਕ ਛੈਣੀ ਦੀ ਚੋਟ ਉਸ ਪੱਥਰ ਨੂੰ ਦਰਦ ਦਿੰਦੀ ਹੈ। ਪਰ ਓਹੀ ਚੋਟਾਂ ਇੱਕ ਦਿਨ ਉਸ ਪੱਥਰ ਨੂੰ ਸੋਹਣੀ ਮੂਰਤੀ ਬਣਾ ਦਿੰਦੀਆਂ ਹਨ।

ਇਸੇ ਤਰ੍ਹਾਂ...ਅੱਜ ਦੀ ਮਿਹਨਤ,ਅੱਜ ਦਾ ਸੰਘਰਸ਼ ਅਤੇ ਅੱਜ ਦੀਆਂ ਮੁਸ਼ਕਲਾਂ ਹੀ ਤੁਹਾਡੀ ਕੱਲ੍ਹ ਦੀ ਕਾਮਯਾਬੀ ਦੀ ਨੀਂਹ ਹਨ।

ਇੱਕ ਗੱਲ ਹਮੇਸ਼ਾਂ ਯਾਦ ਰਖਿਓ... ਅਸਫ਼ਲਤਾ ਹਰ ਇਨਸਾਨ ਦੀ ਜ਼ਿੰਦਗੀ ਵਿੱਚ ਆਉਂਦੀ ਹੈ।

ਪਰ, "ਅਸਫ਼ਲਤਾ ਤੁਹਾਡੀ ਮੰਜ਼ਿਲ ਨਹੀਂ, ਸਫ਼ਲਤਾ ਵੱਲ ਜਾਣ ਵਾਲਾ ਰਸਤਾ ਹੈ। ”

ਇੱਕ ਵਾਰ ਇੱਕ ਛੋਟਾ ਬੱਚਾ ਸਾਈਕਲ ਚਲਾਉਣਾ ਸਿੱਖ ਰਿਹਾ ਸੀ। ਉਹ ਇੱਕ ਵਾਰ ਡਿੱਗਿਆ...ਫਿਰ ਡਿੱਗਿਆ...ਫਿਰ ਡਿੱਗਿਆ...। ਉਸਦੇ ਸੱਟਾਂ ਵੀ ਲੱਗੀਆਂ, ਲੋਕ ਹੱਸੇ ਵੀ। ਪਰ ਉਸਨੇ ਸਾਈਕਲ ਚਲਾਉਣੀ ਨਹੀਂ ਛੱਡੀ।ਕੁੱਝ ਦਿਨਾਂ ਬਾਅਦ ਓਹੀ ਬੱਚਾ ਬਿਨਾਂ ਕਿਸੇ ਸਹਾਰੇ ਦੇ ਤੇਜ਼ੀ ਨਾਲ ਸਾਈਕਲ ਚਲਾ ਰਿਹਾ ਸੀ।

ਸੋਚੋ, ਜੇ ਉਹ ਪਹਿਲੀ ਵਾਰ ਡਿੱਗ ਕੇ ਹੀ ਹਾਰ ਮੰਨ ਲੈਂਦਾ, ਤਾਂ ਕੀ ਉਹ ਕਦੇ ਸਾਈਕਲ ਚਲਾ ਸਕਦਾ ਸੀ?

ਬਿਲਕੁਲ ਨਹੀਂ.....

ਇਹ ਜ਼ਿੰਦਗੀ ਦਾ ਸਭ ਤੋਂ ਵੱਡਾ ਸਬਕ ਹੈ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਮਹਾਨ ਵਿਗਿਆਨੀ ਡਾ. ਅ.ਫ.ਞ ਅਬਦੁਲ ਖਓਲਓਮ ਇੱਕ ਸਧਾਰਨ ਪਰਿਵਾਰ ਵਿੱਚ ਪੈਦਾ ਹੋਏ। ਬਚਪਨ ਵਿੱਚ ਉਹ ਅਖ਼ਬਾਰ ਵੰਡਦੇ ਸਨ ਤਾਂ ਜੋ ਆਪਣੀ ਪੜ੍ਹਾਈ ਜਾਰੀ ਰੱਖ ਸਕਣ। ਨਾ ਵੱਡੀ ਦੌਲਤ ਸੀ,ਨਾ ਹੀ ਕੋਈ ਖ਼ਾਸ ਸਹੂਲਤ। ਪਰ ਉਨ੍ਹਾਂ ਕੋਲ ਇੱਕ ਵੱਡਾ ਸੁਪਨਾ ਸੀ ਅਤੇ ਉਸ ਤੋਂ ਵੀ ਵੱਡੀ ਮਿਹਨਤ। ਓਹੀ ਬੱਚਾ ਅੱਗੇ ਚੱਲ ਕੇ ਭਾਰਤ ਦਾ "ਮਿਸਾਈਲ ਮੈਨ" ਬਣਿਆ।

ਉਹ ਅਕਸਰ ਕਹਿੰਦੇ ਸਨ...."ਸੁਪਨੇ ਉਹ ਨਹੀਂ ਜੋ ਤੁਸੀਂ ਨੀਂਦ ਵਿੱਚ ਦੇਖਦੇ ਹੋ,ਸੁਪਨੇ ਉਹ ਹਨ ਜੋ ਤੁਹਾਨੂੰ ਸੌਣ ਨਹੀਂ ਦਿੰਦੇ। ”

“ਜੇ ਤੁਹਾਡੇ ਸੁਪਨੇ ਵੱਡੇ ਹਨ,ਤਾਂ ਤੁਹਾਡੀ ਮਿਹਨਤ ਵੀ ਵੱਡੀ ਹੋਣੀ ਚਾਹੀਦੀ ਹੈ। ਕਿਉਂਕਿ ਇਤਿਹਾਸ ਕਦੇ ਵੀ ਬਹਾਨੇ ਬਣਾਉਣ ਵਾਲਿਆਂ ਦਾ ਨਹੀਂ, ਸਗੋਂ ਮਿਹਨਤ ਕਰਨ ਵਾਲਿਆਂ ਦਾ ਲਿਖਿਆ ਜਾਂਦਾ ਹੈ। ”

ਹਰ ਸਵੇਰ ਸੂਰਜ ਸਾਨੂੰ ਇੱਕ ਸੰਦੇਸ਼ ਦਿੰਦਾ ਹੈ – ਹਨੇਰਾ ਕਿੰਨਾ ਵੀ ਡੂੰਘਾ ਕਿਉਂ ਨਾ ਹੋਵੇ, ਇੱਕ ਨਵੀਂ ਕਿਰਨ ਉਸਨੂੰ ਦੂਰ ਕਰ ਸਕਦੀ ਹੈ। ਉਸੇ ਤਰ੍ਹਾਂ ਤੁਹਾਡੀ ਇੱਕ ਸਹੀ ਸੋਚ, ਇੱਕ ਸਹੀ ਫੈਸਲਾ ਅਤੇ ਇੱਕ ਦਿਨ ਦੀ ਸੱਚੀ ਮਿਹਨਤ ਤੁਹਾਡੀ ਪੂਰੀ ਜ਼ਿੰਦਗੀ ਬਦਲ ਸਕਦੀ ਹੈ।

ਜਦੋਂ ਬੀਜ ਮਿੱਟੀ ਦੇ ਹਨੇਰੇ ਵਿੱਚ ਦੱਬਿਆ ਜਾਂਦਾ ਹੈ, ਉਹ ਇਹ ਨਹੀਂ ਸੋਚਦਾ ਕਿ ਮੇਰੀ ਜ਼ਿੰਦਗੀ ਖ਼ਤਮ ਹੋ ਗਈ। ਉਹ ਚੁੱਪਚਾਪ ਮਜ਼ਬੂਤ ਜੜ੍ਹਾਂ ਬਣਾਉਂਦਾ ਹੈ ਅਤੇ ਇੱਕ ਦਿਨ ਵੱਡਾ ਦਰੱਖ਼ਤ ਬਣ ਕੇ ਦੁਨੀਆਂ ਨੂੰ ਛਾਂ ਦਿੰਦਾ ਹੈ।

ਇਸੇ ਤਰ੍ਹਾਂ ਤੁਹਾਡੀ ਅੱਜ ਦੀ ਮਿਹਨਤ ਸ਼ਾਇਦ ਕਿਸੇ ਨੂੰ ਨਾ ਦਿਸੇ, ਪਰ ਕੱਲ੍ਹ ਤੁਹਾਡੀ ਸਫ਼ਲਤਾ ਦੁਨੀਆਂ ਨੂੰ ਜ਼ਰੂਰ ਨਜ਼ਰ ਆਵੇਗੀ।

ਯਾਦ ਰੱਖੋ.....ਜਿੱਤਣ ਵਾਲੇ ਕਦੇ ਹਾਰ ਨਹੀਂ ਮੰਨਦੇ ਅਤੇ ਹਾਰ ਮੰਨਣ ਵਾਲੇ ਕਦੇ ਜਿੱਤਦੇ ਨਹੀਂ।

ਜੇ ਤੁਹਾਡੇ ਨੰਬਰ ਘੱਟ ਆ ਜਾਣ, ਤੁਸੀਂ ਅਸਫ਼ਲ ਹੁੰਦੇ ਹੋ ਤਾਂ ਨਿਰਾਸ਼ ਨਾ ਹੋਵੋ, ਆਪਣੇ ਸੁਪਨੇ ਛੋਟੇ ਨਾ ਕਰੋ..ਜੇ ਕੋਈ ਤੁਹਾਡਾ ਮਜ਼ਾਕ ਉਡਾਏ, ਤਾਂ ਉਸਨੂੰ ਆਪਣੀ ਕਮਜ਼ੋਰੀ ਨਹੀਂ, ਆਪਣੀ ਪ੍ਰੇਰਣਾ ਬਣਾਓ।

“ਹਾਰਨਾ ਗ਼ਲਤ ਨਹੀਂ, ਹਾਰ ਮੰਨ ਲੈਣਾ ਗ਼ਲਤ ਹੈ। ”

ਜੇ ਤੁਸੀਂ ਅੱਜ ਡਿੱਗੇ ਹੋ, ਤਾਂ ਕੱਲ੍ਹ ਹੋਰ ਮਜ਼ਬੂਤੀ ਨਾਲ ਉੱਠੋ ਕਿਉਂਕਿ ਤੂਫ਼ਾਨ ਹਮੇਸ਼ਾ ਰੁੱਖ ਦੀਆਂ ਜੜ੍ਹਾਂ ਨੂੰ ਹੋਰ ਮਜ਼ਬੂਤ ਕਰ ਜਾਂਦੇ ਹਨ।

ਅੱਜ ਜੋ ਕਿਤਾਬ ਤੁਹਾਨੂੰ ਔਖੀ ਲੱਗਦੀ ਹੈ, ਓਹੀ ਕਿਤਾਬ ਕੱਲ੍ਹ ਤੁਹਾਡੀ ਸਫਲਤਾ ਦੀ ਕਹਾਣੀ ਲਿਖੇਗੀ। ਅੱਜ ਦਾ ਪਸੀਨਾ ਹੀ ਕੱਲ੍ਹ ਦੀ ਜਿੱਤ ਦਾ ਤਾਜ ਬਣਦਾ ਹੈ।

ਅੱਜ ਜੋ ਵਿਦਿਆਰਥੀ ਸਮੇਂ ਦੀ ਕਦਰ ਕਰਦਾ ਹੈ, ਓਹੀ ਕੱਲ੍ਹ ਸਮਾਜ ਦੀ ਕਦਰ ਬਣਦਾ ਹੈ।

ਅੱਜ ਜੋ ਕਿਤਾਬਾਂ ਨਾਲ ਦੋਸਤੀ ਕਰਦਾ ਹੈ,ਕੱਲ੍ਹ ਦੁਨੀਆਂ ਉਸ ਨਾਲ ਦੋਸਤੀ ਕਰਦੀ ਹੈ।

ਕਦੇ ਵੀ ਆਪਣੇ ਆਪ ਨੂੰ ਕਮਜ਼ੋਰ ਨਾ ਸਮਝੋ, ਤੁਹਾਡੇ ਅੰਦਰ ਉਹ ਤਾਕਤ ਹੈ ਜੋ ਪਹਾੜਾਂ ਨੂੰ ਵੀ ਝੁਕਾ ਸਕਦੀ ਹੈ।

ਯਾਦ ਰੱਖਿਓ.....

ਹਾਰ ਸਿਰਫ਼ ਇੱਕ ਘਟਨਾ ਹੈ, ਤੁਹਾਡੀ ਪਛਾਣ ਨਹੀਂ।

ਅਸਫ਼ਲਤਾ ਇੱਕ ਪਾਠ ਹੈ, ਅੰਤ ਨਹੀਂ।

ਮੁਸ਼ਕਲਾਂ ਇੱਕ ਇਮਤਿਹਾਨ ਹਨ, ਰੁਕਣ ਦਾ ਕਾਰਣ ਨਹੀਂ।

ਅੰਤ ਵਿੱਚ ਮੈਂ ਤੁਹਾਨੂੰ ਇੱਕ ਸਵਾਲ ਪੁੱਛਣਾ ਚਾਹੁੰਦੀ ਹਾਂ...

ਜਦੋਂ ਕੁੱਝ ਸਾਲਾਂ ਬਾਅਦ ਲੋਕ ਤੁਹਾਡਾ ਨਾਮ ਲੈਣਗੇ, ਤਾਂ ਕੀ ਉਹ ਸਿਰਫ਼ ਤੁਹਾਨੂੰ ਯਾਦ ਕਰਨਗੇ ਜਾਂ ਤੁਹਾਡੀ ਸਫ਼ਲਤਾ ਦੀ ਮਿਸਾਲ ਦੇਣਗੇ?

ਫ਼ੈਸਲਾ ਅੱਜ ਤੁਹਾਡੇ ਹੱਥ ਵਿੱਚ ਹੈ।

“ਕਾਮਯਾਬੀ ਦੀ ਲਿਫ਼ਟ ਕਦੇ ਨਹੀਂ ਚੱਲਦੀ ,ਓਥੇ ਪਹੁੰਚਣ ਲਈ ਮਿਹਨਤ ਦੀਆਂ ਪੌੜੀਆਂ ਹੀ ਚੜ੍ਹਣੀਆਂ ਪੈਂਦੀਆਂ ਹਨ। ”

-0-

ਚੰਗੀਆਂ ਆਦਤਾਂ ਪਾਓ

ਸਵੇਟ ਮਾਰਡਨ

ਆਦਤ ਦੇ ਵਿਸ਼ੇ ਵਿੱਚ ਅਨੇਕ ਵਿਦਵਾਨਾਂ ਨੇ ਇੱਕ ਮੱਤ ਨਾਲ ਇਹ ਜ਼ਰੂਰ ਕਿਹਾ ਹੈ ਕਿ ਜੋ ਮਨੁੱਖ ਜੀਵਨ ਵਿੱਚ ਚੰਗੀਆਂ ਆਦਤਾਂ ਪਾ ਲੈਂਦਾ ਹੈ, ਉਹ ਹਮੇਸ਼ਾਂ ਸੁੱਖ ਅਤੇ ਸ਼ਾਂਤੀ ਪਾਉਂਦਾ ਹੈ। ਆਦਤ ਦੀਆਂ ਪਰਿਭਾਵਸ਼ਾਵਾਂ ਬੇਸ਼ੱਕ ਹੀ ਅਲੱਗ-ਅਲੱਗ ਢੰਗ ਨਾਲ ਵਿਚਾਰਕਾਂ ਦੀਆਂ ਹੋਣ, ਸਭ ਦਾ ਨਿਚੋੜ ਇੱਕ ਹੀ ਹੈ, ਸਭ ਦੇ ਸਿੱਟੇ ਇੱਕ ਜਿਹੇ ਹਨ। ਸਭ ਅੰਦਰ ਇਹ ਭਾਵ ਤਾਂ ਛੁਪਿਆ ਹੀ ਹੈ ਕਿ ਮਨੁੱਖ ਦਾ ਸੁਭਾਅ ਹੀ ਉਸ ਦੀਆਂ ਆਦਤਾਂ ਹਨ।

ਇੱਕ ਵਿਦਵਾਨ ਨੇ ਕਿਹਾ ਹੈ-

"ਦੀ ਕੇਰੇਕਟਰ ਇਜ਼ ਦਾ ਬੰਡਲ ਆਫ਼ ਗੁਡ ਹੈਬਿਟਸ।" ਯਾਨੀ ਚਰਿੱਤਰ ਅੱਛੀਆਂ ਆਦਤਾਂ ਦਾ ਕੁੰਜ ਹੈ।

ਇਸ ਕਥਨ ਵਿੱਚ ਸੱਚਾਈ ਹੈ। ਚਰਿੱਤਰ ਕਦੇ ਵੀ ਸਰੇਸ਼ਠ ਨਹੀਂ ਬਣ ਸਕਦਾ, ਜੇ ਆਦਤਾਂ ਚੰਗੀਆਂ ਨਾ ਹੋਣ। ਜਿਸ ਵਿਅਕਤੀ ਦੀਆਂ ਆਦਤਾਂ ਚੰਗੀਆਂ ਹਨ, ਉਹ ਜੀਵਨ ਵਿੱਚ ਬਹੁਤ ਘੱਟ ਅਸਫਲ ਹੁੰਦਾ ਹੈ। ਜੇ ਕਦੇ ਅਸਫਲ ਹੁੰਦਾ ਹੈ ਤਾਂ ਜ਼ਰੂਰ ਕੋਈ ਕਮੀ ਹੈ। ਸਫਲਤਾ ਦੇ ਲਈ ਇਹ ਵੀ ਜ਼ਰੂਰੀ ਹੈ ਕਿ ਤੁਹਾਡੀਆਂ ਆਦਤਾਂ ਚੰਗੀਆਂ ਹੋਣ।

ਤੁਸੀਂ ਜੇ ਸੋਚ ਸਮਝ ਕੇ ਚੰਗੀਆਂ ਆਦਤਾਂ ਪਾਉਂਦੇ ਹੋ ਤਾਂ ਉਹ ਤੁਹਾਡੀ ਦੂਸਰੀ ਪ੍ਰਕ੍ਰਿਤੀ ਬਣ ਜਾਂਦੀ ਹੈ। ਉਹ ਆਦਤ ਆਪਣੀ ਲੋਹ-ਲੜੀ ਵਿੱਚ ਬੰਨ੍ਹ ਕੇ ਪ੍ਰਤੀ ਦਿਨ ਤੁਹਾਡਾ ਮਾਰਗ-ਦਰਸ਼ਨ ਕਰਦੀ ਹੈ। ਚੰਗੀਆਂ ਆਦਤਾਂ ਦਾ ਬੀਜ ਬਚਪਨ ਵਿੱਚ ਬੀਜਿਆ ਜਾਂਦਾ ਹੈ। ਨੰਨ੍ਹੇ ਬੱਚਿਆਂ ਨੂੰ ਚੰਗੀਆਂ ਆਦਤਾਂ ਸਿਖਾ ਦੇਣੀਆਂ ਚਾਹੀਦੀਆਂ ਹਨ। ਤੁਸੀਂ ਜੇ ਚਾਹੁੰਦੇ ਹੋ ਕਿ ਤੁਹਾਡੀ ਸੰਤਾਨ ਯੋਗ ਬਣੇ ਤਾਂ ਉਸਦੇ ਪੈਦਾ ਹੋਣ ਤੇ ਹੀ ਉਸਦੀ ਸਿੱਖਿਆ ਸ਼ੁਰੂ ਕਰ ਦੇਵੋ। ਉਸਨੂੰ ਉਦੋਂ ਤੋਂ ਹੀ ਚੰਗੀ ਆਦਤ ਪਾਉਣੀ ਸ਼ੁਰੂ ਕਰ ਦਿਓ।

ਅਕਸਰ ਤੁਸੀਂ ਦੇਖਿਆ ਹੋਵੇਗਾ ਕਿ ਬੱਚੇ ਬਿਸਤਰ ਤੇ ਪਿਸ਼ਾਬ ਕਰ ਦਿੰਦੇ ਹਨ। ਜੇ ਇਹ ਕ੍ਰਮ ਚੱਲਦਾ ਰਹਿੰਦਾ ਹੈ, ਤਾਂ ਇਹ ਬੱਚੇ ਦੀ ਆਦਤ ਬਣ ਜਾਂਦੀ ਹੈ। ਜੋ ਮਾਵਾਂ ਬੱਚੇ ਨੂੰ ਸ਼ੁਰੂ ਤੋਂ ਹੀ ਬਿਸਤਰ ਤੋਂ ਹੇਠਾਂ ਪਿਸ਼ਾਬ ਕਰਵਾਉਂਦੀਆਂ ਹਨ ਤਾਂ ਬੱਚੇ ਨੂੰ ਗਲਤ ਆਦਤ ਨਹੀਂ ਪੈਂਦੀ। ਫੇਰ ਉਹ ਹਾਜਤ ਹੋਣ ਤੇ ਰੋਵੇਗਾ ਜਾਂ ਉਠਣ ਦਾ ਯਤਨ ਕਰਕੇ ਸੰਕੇਤ ਦੇਵੇਗਾ।

ਛੋਟੇ ਛੋਟੇ ਬੱਚੇ ਜਦੋਂ ਬੋਲਣ, ਚੱਲਣ-ਫਿਰਨ ਲਗਦੇ ਹਨ ਤਾਂ ਉਨ੍ਹਾਂ ਨੂੰ ਬਹੁਤ ਸਾਰੀਆਂ ਗੱਲਾਂ ਸਿਖਾਉਣ ਦੇ ਨਾਲ ਨਾਲ ਝੂਠ ਬੋਲਣਾ ਵੀ ਮਾਵਾਂ ਸਿਖਾ ਦਿੰਦੀਆਂ ਹਨ। ਬੱਚਾ ਜਦੋਂ ਝੂਠ ਬੋਲਣਾ ਸਿੱਖ ਜਾਂਦਾ ਹੈ ਤਾਂ ਬੋਲਣ ਹੀ ਲਗਦਾ ਹੈ ਅਤੇ ਇਹ ਉਸਦੀ ਆਦਤ ਬਣ ਜਾਂਦੀ ਹੈ। ਕੁੱਝ ਵੱਡਾ ਹੋਣ ਤੇ ਜਦੋਂ ਉਹ ਮਾਤਾ ਪਿਤਾ ਨਾਲ ਵੀ ਝੂਠ ਬੋਲਦਾ ਹੈ ਤਾਂ ਉਹ ਉਸਨੂੰ ਧਮਕਾਉਂਦੇ ਡਾਂਟਦੇ ਹਨ, ਜਦ ਕਿ ਜ਼ਿੰਮੇਵਾਰ ਉਹ ਹੀ ਹਨ।

ਸੋ ਬੱਚਿਆਂ ਨੂੰ ਗਲਤ ਸਿੱਖਿਆ ਨਾ ਦਿਓ। ਜੋ ਤੁਸੀਂ ਸਿਖਾ ਦਿੰਦੇ ਹੋ ਉਹ ਹੀ ਉਨ੍ਹਾਂ ਦੀਆਂ ਆਦਤਾਂ ਬਣਦੀਆਂ ਹਨ, ਉਨ੍ਹਾਂ ਨਾਲ ਹੀ ਉਨ੍ਹਾਂ ਦਾ ਚਰਿੱਤਰ ਬਣਦਾ ਹੈ।

ਮਨੁੱਖ ਨੇ ਜੋ ਗੱਲਾਂ ਬਾਲ-ਅਵਸਥਾ ਵਿੱਚ ਸਿੱਖੀਆਂ ਹਨ, ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਆਦਤ ਦੇ ਰੂਪ ਵਿੱਚ ਆ ਗਈਆਂ ਹਨ। ਉਹ ਚਾਹੇ ਤਾਂ ਵੀ ਕਠਿਨਾਈ ਨਾਲ ਹੀ ਉਨ੍ਹਾਂ ਨੂੰ ਬਦਲ ਜਾਂ ਛੱਡ ਸਕਦਾ ਹੈ। ਤੁਹਾਨੂੰ ਸਿਗਰੇਟ ਪੀਣ ਦੀ ਆਦਤ ਪੈ ਗਈ ਹੈ ਜਾਂ ਤੁਸੀਂ ਸ਼ਰਾਬ ਪੀਣ ਦੀ ਆਦਤ ਤੋਂ ਬੇਵਸ ਹੋ। ਛੱਡਣਾ ਚਾਹੁੰਦੇ ਹੋ ਪ੍ਰੰਤੂ ਛੱਡ ਨਹੀਂ ਪਾ ਰਹੇ ਹੋ, ਤੁਸੀਂ ਕਦੇ ਸੋਚਦੇ ਹੋ ਅੱਜ ਪੀਂਦਾ ਹਾਂ ਕੱਲ੍ਹ ਤੋਂ ਛੱਡ ਦਿਆਂਗਾ, ਉਹ ਕਲ੍ਹ ਨਹੀਂ ਆਵੇਗੀ।

ਤੁਸੀਂ ਦੋ ਤਰੀਕਿਆਂ ਨਾਲ ਆਦਤ ਨੂੰ ਛੱਡ ਸਕਦੇ ਹੋ। ਪਹਿਲਾ ਤਾਂ ਇਹ ਕਿ ਤੁਸੀਂ ਜਿਸ ਆਦਤ ਨੂੰ ਛੱਡਣਾ ਚਾਹੁੰਦੇ ਹੋ ਇੱਕਦਮ, ਇਸੇ ਸਮੇਂ ਛੱਡ ਦਿਓ। ਸ਼ਰਾਬ ਜਾਂ ਸਿਗਰੇਟ ਛੱਡਣਾ ਚਾਹੁੰਦੇ ਹੋ ਤਾਂ ਇਹ ਨਾ ਸੋਚੋ ਕਿ ਕਲ੍ਹ ਛੱਡਾਂਗੇ ਬਲਕਿ ਇਹ ਸੋਚੋ ਕਿ ਅੱਜ ਤੋਂ, ਇਸ ਸਮੇਂ ਤੋਂ ਛੱਡ ਦਿਆਂਗੇ। ਸਿਗਰੇਟ ਅੱਜ ਤਾਂ ਪੀਣੀ ਹੀ ਨਹੀਂ ਹੈ, ਕਲ੍ਹ ਦੀ ਕਲ੍ਹ ਦੇਖਾਂਗੇ, ਅੱਜ ਸ਼ਰਾਬ ਨਹੀਂ ਛੂਹਾਂਗੇ, ਕਲ੍ਹ ਨੂੰ ਦੇਖਿਆ ਜਾਵੇਗਾ। ਕਲ੍ਹ ਆਵੇਗੀ ਤਾਂ ਵੀ ਤੁਸੀਂ ਇਹੀ ਸੋਚੋ ਕਿ ਅੱਜ ਵੀ ਨਹੀਂ ਪੀਣੀ ਹੈ ..... ਕਲ੍ਹ ਦੇਖਿਆ ਜਾਵੇਗਾ। ਬਸ, ਹਰ ਕਲ੍ਹ ਜਦੋਂ ਅੱਜ ਬਣ ਜਾਵੇ ਤਾਂ ਅੱਜ ਛੱਡ ਹੀ ਦੇਵੋਗੇ। ਨਾ ਪੀਣ ਦੀ ਆਦਤ ਪੈ ਜਾਵੇਗੀ, ਤੁਸੀਂ ਸ਼ਰਾਬ ਜਾਂ ਸਿਗਰੇਟ ਛੱਡਣ ਵਿੱਚ ਸਫਲ ਹੋ ਜਾਵੋਗੇ।

ਤੁਸੀਂ ਬਹੁਤ ਸਾਰੇ ਸ਼ੌਕ ਰੱਖਦੇ ਹੋ। ਸਿਨੇਮਾ ਦੇਖਦੇ ਹੋ, ਘੁੰਮਣ ਜਾਂਦੇ ਹੋ, ਗਾਉਂਦੇ ਹੋ, ਸਵੇਰੇ ਖੇਲ੍ਹਣ ਜਾਂਦੇ ਹੋ ਜਾਂ ਕਸਰਤ ਕਰਦੇ ਹੋ, ਇਹ ਸ਼ੌਕ ਹੀ ਆਦਤ ਬਣ ਜਾਂਦੇ ਹਨ। ਅਭਿਆਸ ਕਰਦੇ ਹਰ ਕੰਮ ਆਦਤ ਬਣ ਸਕਦਾ ਹੈ।

ਘੱਟ ਉਮਰ ਵਿੱਚ ਚੰਗੀਆਂ ਆਦਤਾਂ ਦਾ ਪਾਉਣਾ ਸੌਖਾ ਹੈ। ਬੁਰੀਆਂ ਆਦਤਾਂ ਵੀ ਘੱਟ ਉਮਰ ਵਿੱਚ ਬਹੁਤ ਜਲਦੀ ਪੈਂਦੀਆਂ ਹਨ, ਸੋ ਉਮਰ ਦੇ ਮੁਢਲੇ ਵੀਹ ਬਾਈ ਵਰ੍ਹਿਆਂ ਵਿੱਚ ਬੜੀ ਸਾਵਧਾਨੀ ਦੀ ਜ਼ਰੂਰਤ ਹੈ। ਤੁਸੀਂ ਕਿਸ਼ੋਰ ਅਵਸਥਾ ਵਿੱਚ ਅੱਛੀ ਆਦਤ ਪਾ ਲਵੋਗੇ ਤਾਂ ਜਵਾਨੀ ਅਤੇ ਬੁਢਾਪਾ ਬੜਾ ਚੰਗਾ ਗੁਜ਼ਰੇਗਾ। ਜੀਵਨ ਦੀ ਬੁਨਿਆਦ ਅਤੇ ਆਧਾਰਸ਼ਿਲਾ ਬਚਪਨ ਅਤੇ ਕਿਸ਼ੋਰ ਅਵਸਥਾ ਹੈ। ਕਿਸ਼ੋਰ ਤੋਂ ਜਵਾਨ ਹੋਣ ਤੱਕ ਜੋ ਆਦਤਾਂ ਪੈ ਜਾਣਗੀਆਂ, ਉਹ ਉਮਰ ਭਰ ਰਹਿਣਗੀਆਂ।

ਅੱਛੀਆਂ ਆਦਤਾਂ ਪਾਉਣ ਦੇ ਲਈ ਆਤਮ-ਸੰਜਮ ਅਤੇ ਦ੍ਰਿੜ੍ਹ ਸੰਕਲਪ ਦੀ ਜ਼ਰੂਰਤ ਪੈਂਦੀ ਹੈ ਜਦ ਕਿ ਗੰਦੀਆਂ ਜਾਂ ਬੁਰੀਆਂ ਆਦਤਾਂ ਆਪਣੇ ਆਪ ਪੈ ਜਾਂਦੀਆਂ ਹਨ। ਜਿਵੇਂ ਖੇਤਾਂ ਵਿੱਚ ਖਰਪਤਵਾਰ ਉੱਗ ਆਉਂਦੇ ਹਨ। ਇਹ ਬੁਰੀਆਂ ਆਦਤਾਂ ਵੀ ਨੇਕੀ ਦੀ ਜਿਣਸ ਨੂੰ ਵਧਣ ਫੁਲਣ ਨਹੀਂ ਦਿੰਦੀਆਂ। ਅੱਛੀਆਂ ਆਦਤਾਂ ਦਾ ਬੀਜ ਬੀਜੋ, ਦੇਖ-ਰੇਖ ਕਰੋ ਅਤੇ ਚੰਗੇ ਚਰਿੱਤਰ ਦੀ ਫਸਲ ਉਗਾਓ, ਚੰਗੇ ਨਤੀਜੇ ਪਾਓ, ਸਫਲਤਾ ਦੇਖੋ।

ਆਦਤ ਨਾਲ ਯੋਗਤਾ ਅਤੇ ਸਰਲਤਾ ਵਿਕਸਿਤ ਹੁੰਦੀ ਹੈ।

ਦੂਰਦਰਸ਼ਿਤਾ ਦੀ ਆਦਤ ਪੈ ਗਈ ਤਾਂ ਤੁਸੀਂ ਬਹੁਤ ਸਾਰੇ ਉਹ ਕੰਮ ਨਹੀਂ ਕਰੋਗੇ, ਜਿਨ੍ਹਾਂ ਦੇ ਪਰਿਣਾਮ ਅੱਗੇ ਚੱਲ ਕੇ ਗਲਤ ਨਿਕਲਦੇ ਹਨ, ਅਪਰਾਧਾਂ ਤੋਂ ਬਚੋਗੇ, ਸਹੀ ਨਿਰਣਾ ਲੈ ਸਕੋਗੇ।

ਉੱਚਾ ਉਠਣਾ ਜਿੰਨਾ ਕਠਿਨ ਹੈ, ਨੀਚੇ ਗਿਰਨਾ ਉਨ੍ਹਾਂ ਹੀ ਆਸਾਨ ਹੈ। ਨਦੀ ਵਿੱਚ ਪਾਣੀ ਦੇ ਵਹਾਓ ਦੇ ਉਲਟ ਤੈਰਨ ਵਿੱਚ ਜਿੰਨੀ ਸ਼ਕਤੀ ਲਗਾਉਣੀ ਪੈਂਦੀ ਹੈ, ਉਨ੍ਹੀ ਹੀ ਆਸਾਨੀ ਪਾਣੀ ਦੇ ਨਾਲ ਨਾਲ ਵਹਿੰਦੇ ਚਲੇ ਜਾਣ ਵਿੱਚ ਹੈ।

ਚੰਗੀਆਂ ਆਦਤਾਂ ਪਾਉਣਾ ਪਾਣੀ ਦੇ ਵਿਰੁੱਧ ਤੈਰਨਾ ਹੈ। ਬੁਰੀਆਂ

ਆਦਤਾਂ ਤਾਂ ਪੈਂਦੀਆਂ ਚਲੀਆਂ ਜਾਂਦੀਆਂ ਹਨ। ਉਹ ਤਾਂ ਵਹਾਓ ਦੇ ਨਾਲ ਵਹਿਣ ਦੇ ਵਾਂਗ ਹੈ। ਬੁਰੀ ਸੰਗਤ ਤੋਂ ਪ੍ਰਭਾਵਿਤ ਹੋਣਾ, ਮਦਿਰਾਪਾਨ ਅਤੇ ਭੈੜੇ ਕਰਮਾਂ ਨੂੰ, ਆਦਤਾਂ ਨੂੰ ਵਧਾ ਲੈਣਾ ਆਸਾਨ ਹੈ। ਜੈਸੀ ਸੰਗਤ ਵਿੱਚ ਬੈਠੋਗੇ, ਉਸ ਦਾ ਰਸ ਦੇਖੋਗੇ ਤਾਂ ਉਸੀ ਮਾਰਗ ਤੇ ਚੱਲ ਪਵੋਗੇ। ਬੜੀ ਆਸਾਨੀ ਨਾਲ ਉਹ ਆਦਤਾਂ ਪੈਂਦੀਆਂ ਚਲੀਆਂ ਜਾਣਗੀਆਂ, ਕਹਿਣ ਦਾ ਮਤਲਬ ਇਹ ਹੈ ਕਿ ਬੁਰਾ ਆਦਮੀ ਬਣਨਾ ਆਸਾਨ ਹੈ ਅਤੇ ਚੰਗਾ ਬਣਨ ਦੇ ਲਈ ਚੰਗੀਆਂ ਆਦਤਾਂ ਦਾ ਵਿਕਾਸ ਕਰਨਾ ਪੈਂਦਾ ਹੈ ਜੋ ਮੁਸ਼ਕਿਲ ਹੁੰਦਾ ਹੈ। ਇਹ ਕਠਿਨ ਮਾਰਗ ਸਫਲਤਾ ਦਾ ਮਾਰਗ ਹੈ। ਇਸੇ ਨੂੰ ਅਪਨਾਉਣਾ ਚਾਹੀਦਾ ਹੈ।

ਕੋਈ ਪੌਦਾ ਟੇਢਾ ਹੋ ਕੇ ਵਧ ਰਿਹਾ ਹੈ, ਉਸਨੂੰ ਤੁਸੀਂ ਇੱਕਦਮ ਸਿੱਧਾ ਨਹੀਂ ਕਰ ਸਕਦੇ। ਤੁਸੀਂ ਉਸਨੂੰ ਖਿੱਚ ਕੇ ਸਿੱਧਾ ਕਰ ਦੇਵੋ ਤਾਂ ਉਹ ਫੇਰ ਤੋਂ ਟੇਢਾ ਹੋ ਜਾਵੇਗਾ। ਤੁਸੀਂ ਜੀਵਨ ਵਿੱਚ ਸਫਲਤਾ ਪਾਉਣਾ ਚਾਹੁੰਦੇ ਹੋ ਤਾਂ ਸਦਾ ਅੱਛੀਆਂ ਆਦਤਾਂ ਪਾਉਣ ਅਤੇ ਉਨ੍ਹਾਂ ਤੇ ਦ੍ਰਿੜ੍ਹ ਰਹਿਣ ਦਾ ਯਤਨ ਕਰੋ।

ਅੱਛੀਆਂ ਆਦਤਾਂ ਬਹੁਤ ਸਾਰੀਆਂ ਹਨ–

(ੳ) ਵਕਤ ਦੀ ਪਾਬੰਦੀ

ਤੁਸੀਂ ਆਪਣੇ ਸਮੇਂ ਨੂੰ ਕਦੇ ਵਿਅਰਥ ਨਾ ਗੁਆਉ, ਨਾ ਕਦੇ ਢਿੱਲ ਦਿਓ। ਜੋ ਕੰਮ ਜਿਸ ਸਮੇਂ ਕਰਨਾ ਹੈ ਉਸੇ ਸਮੇਂ ਕਰੋ। ਤੁਹਾਡੇ ਜੀਵਨ ਵਿੱਚ



ਬਹੁਤ ਸਾਰੇ ਮੌਕੇ ਆਉਂਦੇ ਹਨ ਜਿਨ੍ਹਾਂ ਤੋਂ ਤੁਸੀਂ ਚੁੱਕ ਜਾਂਦੇ ਹੋ, ਕਿਉਂਕਿ ਤੁਸੀਂ ਸਮੇਂ ਦੇ ਪਾਬੰਦ ਨਹੀਂ ਹੋ। ਮੌਕਾ ਜਾਣ ਤੇ ਤੁਸੀਂ ਜੀਵਨ ਭਰ ਪਛਤਾਉਂਦੇ ਹੋ, ਉਹ ਮੌਕੇ ਦੁਬਾਰਾ ਨਹੀਂ ਆਉਂਦੇ।

ਕਿਸੇ ਵਿਦਵਾਨ ਨੇ ਕਿਹਾ ਹੈ ਕਿ ਤੁਹਾਡੀ ਦਿਨਚਰਯਾ ਘੜੀ ਦੀ ਸੂਈ ਦੇ ਨਾਲ ਚਲਣੀ ਚਾਹੀਦੀ ਹੈ। ਆਪਣੇ ਚੌਵੀ ਘੰਟਿਆਂ ਨੂੰ ਵੰਡ ਕੇ ਰੱਖੋ, ਕਿਉਂਕਿ ਇੱਕ ਮਿੰਟ ਵੀ ਵਿਅਰਥ ਚਲਾ ਗਿਆ ਤਾਂ ਉਹ ਚਲਾ ਹੀ ਗਿਆ, ਦੁਬਾਰਾ ਨਹੀਂ ਆਵੇਗਾ।

ਤਿੰਨ ਚੀਜ਼ਾਂ ਜਾਣ ਦੇ ਬਾਅਦ ਵਾਪਿਸ ਨਹੀਂ ਪਰਤਦੀਆਂ ਹਨ–

1. ਕਮਾਨ ਤੋਂ ਛੁਟਿਆ ਤੀਰ
2. ਬੀਤਿਆ ਹੋਇਆ ਸਮਾਂ
3. ਮੂੰਹੋਂ ਨਿਕਲੀ ਹੋਈ ਗੱਲ

ਬੀਤਿਆ ਹੋਇਆ ਸਮਾਂ ਵਾਪਿਸ ਨਹੀਂ ਆਵੇਗਾ, ਇਹ ਕਦੇ ਨਾ ਭੁੱਲੋ। ਅਵਸਰ ਜਾਂ ਸਮਾਂ ਬੜੀ ਚਿਕਨੀ ਚੀਜ਼ ਹੈ, ਸਾਹਮਣੇ ਆਉਂਦੇ ਹੀ ਪਕੜ ਲਵੋ। ਗੁਜ਼ਰ ਗਿਆ ਤਾਂ ਪਿੱਛੋਂ ਤੋਂ ਨਹੀਂ ਪਕੜ ਸਕੋਗੇ, ਹੱਥਾਂ ਵਿੱਚੋਂ ਫਿਸਲ ਜਾਵੇਗਾ। ਆਪਣਾ ਇੱਕ ਪਲ ਵੀ ਵਿਅਰਥ ਨਾ ਗਵਾਓ।

ਤੁਹਾਡਾ ਇੱਕ ਇੱਕ ਪਲ ਬੜਾ ਕੀਮਤੀ ਹੈ। ਇਸ ਵੇਸ਼ਕੀਮਤੀ ਰਤਨ ਨੂੰ ਲੁਟਾ ਬੈਠੇ ਤਾਂ ਕੰਗਾਲੀ ਹੱਥ ਲੱਗੇਗੀ। ਧਨਵਾਨ ਬਣਨ ਜਾਂ ਮਹਾਨ ਬਣਨ ਦੇ ਲਈ ਇਹ ਸਭ ਤੋਂ ਪ੍ਰਮੁੱਖ ਆਦਤ ਹੈ ਕਿ ਤੁਸੀਂ ਸਮੇਂ ਦੇ ਪਾਬੰਦ ਰਹੋ।

(ਅ) ਉਚਿਤ–ਅਨੁਚਿਤ ਨੂੰ ਪਰਖਣ ਦੀ ਆਦਤ

ਜੀਵਨ ਵਿੱਚ ਸਫਲਤਾਵਾਂ ਹਾਸਿਲ ਕਰਨੀਆਂ ਹਨ ਤਾਂ ਤੁਹਾਨੂੰ ਉਚਿਤ ਅਨੁਚਿਤ ਦਾ ਗਿਆਨ ਹੋਣਾ ਚਾਹੀਦਾ ਹੈ। ਕੀ ਉਚਿਤ ਹੈ ਅਤੇ ਕੀ ਅਨੁਚਿਤ, ਇਸ ਗੱਲ ਦਾ ਨਿਰਣਾ ਕਰਨ ਦੀ ਸ਼ਕਤੀ ਹੋਣੀ ਚਾਹੀਦੀ ਹੈ। ਕਿਸੇ ਸਮੇਂ ਕੀ ਉਚਿਤ ਹੈ ਅਤੇ ਕੀ ਅਨੁਚਿਤ ਹੈ, ਇਹ ਵੀ ਪਰਖ ਅਤੇ ਸਮਝ ਤੁਹਾਡੇ ਅੰਦਰ ਹੋਣੀ ਚਾਹੀਦੀ ਹੈ ਕਿ ਕਿਸੇ ਕੰਮ ਨੂੰ ਕਰਨ ਦਾ ਉਚਿਤ ਢੰਗ ਕੀ ਹੈ। ਇਹ ਗਿਆਨ ਹੋਣਾ ਵੀ ਅਤਿ ਜ਼ਰੂਰੀ ਹੈ।

ਉਚਿਤ ਅਨੁਚਿਤ ਨੂੰ ਪਰਖਣ ਜਾਂ ਜਾਂਚਣ ਦਾ ਅਭਿਆਸ ਕਰੋ। ਅਜਿਹੀ ਹੀ ਆਦਤ ਪੈ ਜਾਵੇਗੀ। ਫੇਰ ਤੁਹਾਨੂੰ ਉਚਿਤ ਅਤੇ ਅਨੁਚਿਤ ਦਾ ਨਿਰਣਾ ਲੈਣ ਵਿੱਚ ਜ਼ਰਾ ਵੀ ਦੇਰ ਨਹੀਂ ਲੱਗੇਗੀ। ਨਿਰਣਾ ਸ਼ਕਤੀ ਦਾ ਵਿਕਾਸ ਹੋ ਜਾਵੇਗਾ, ਤੁਸੀਂ ਤਤਕਾਲ ਅਤੇ ਉਚਿਤ ਨਿਰਣਾ ਲੈ ਸਕੋਗੇ। ਇਹ ਆਦਤ ਤੁਹਾਨੂੰ ਉੱਚਾ ਉਠਾਏਗੀ। ਤੁਸੀਂ ਇਸ ਆਦਤ ਨੂੰ ਪਾ ਲਵੋਗੇ, ਤੁਹਾਡੇ ਸਾਰੇ ਕੰਮ ਸਫਲਤਾਪੂਰਬਕ ਹੋਣਗੇ।

(ੲ) ਕੁਸ਼ਲਤਾ ਅਤੇ ਵਿਹਾਰ ਕੁਸ਼ਲਤਾ

ਕੁੱਝ ਲੋਕ ਬੜੇ ਵਿਦਵਾਨ ਹੁੰਦੇ ਹਨ। ਉਨ੍ਹਾਂ ਨਾਲ ਤੁਸੀਂ ਗੱਲ ਕਰਨ 'ਤੇ ਪਾਓਗੇ ਕਿ ਉਨ੍ਹਾਂ ਨੂੰ ਵੱਡੇ ਵੱਡੇ ਧਾਰਮਿਕ ਗ੍ਰੰਥਾਂ ਦੇ ਪਾਠ ਕੰਠ ਹਨ।



ਗੀਤਾ, ਕੁਰਾਨ, ਬਾਈਬਲ ਜਾਂ ਸ਼ਾਸਤਰਾਂ ਨੂੰ ਉਹ ਪੜ੍ਹ ਚੁੱਕੇ ਹਨ। ਜਿਸ ਧਰਮ ਦੇ ਉਹ ਮੰਨਣ ਵਾਲੇ ਹਨ, ਉਸ ਧਰਮ ਦੀਆਂ ਸਾਰੀਆਂ ਗੱਲਾਂ ਉਨ੍ਹਾਂ ਨੇ ਪੜ੍ਹੀਆਂ ਹਨ ਅਤੇ ਜ਼ਬਾਨੀ ਯਾਦ ਹਨ। ਪ੍ਰੰਤੂ ਵਿਹਾਰ ਕੁਸ਼ਲਤਾ ਦੀ ਥੁੜ੍ਹ ਵਿੱਚ ਉਹ ਸਮਾਜ ਵਿੱਚ ਕਈ ਵਾਰ ਨਿੰਦਨੀਯ ਹੋ ਜਾਂਦੇ ਹਨ। ਉਨ੍ਹਾਂ ਤੋਂ ਭੁੱਲਾਂ ਹੋ ਜਾਂਦੀਆਂ ਹਨ। ਉਨ੍ਹਾਂ ਦਾ ਲਕਸ਼ ਉਨ੍ਹਾਂ ਨੂੰ ਨਹੀਂ ਮਿਲਦਾ। ਉਹ ਇੰਨਾ ਗਿਆਨ ਰੱਖਦੇ ਹੋਏ ਵੀ ਨਹੀਂ ਜਾਣਦੇ ਕਿ ਕਿਹੜੀ ਗੱਲ ਕਦੋਂ ਕਹਿਣੀ ਚਾਹੀਦੀ ਹੈ ਅਤੇ ਕਦੋਂ ਨਹੀਂ ਕਹਿਣੀ ਚਾਹੀਦੀ। ਉਹ ਨਹੀਂ ਜਾਣਦੇ ਕਿ ਕਿਸੇ ਵਿਅਕਤੀ ਨਾਲ ਕਿਸ ਢੰਗ ਨਾਲ ਗੱਲਾਂ ਜਾਂ ਵਿਹਾਰ ਕਰਨਾ ਚਾਹੀਦਾ ਹੈ।

ਇਹ ਜ਼ਰੂਰੀ ਨਹੀਂ ਕਿ ਇੱਕ ਪ੍ਰਤਿਭਾਸ਼ਾਲੀ ਚਿਤਰਕਾਰ ਆਪਣੀ ਕਲਾ ਦੇ ਬਲ ਉੱਤੇ ਸੰਸਾਰ-ਭਰ ਵਿੱਚ ਪ੍ਰਸਿੱਧ ਹੋ ਜਾਵੇ। ਚੰਗੇ ਪ੍ਰਤਿਭਾਸ਼ਾਲੀ ਕਵੀ ਪਿੰਡਾਂ ਦੀ ਧੂੜ ਵਿੱਚ ਪਏ ਰਹਿੰਦੇ ਹਨ ਅਤੇ ਇੱਕ ਦਿਨ ਮਰ ਜਾਂਦੇ ਹਨ।

ਜੋ ਮਹਾਨ ਗਾਇਕ ਬਣ ਸਕਦੇ ਸਨ, ਅਜਿਹੇ ਪਤਾ ਨਹੀਂ ਕਿੰਨੇ ਸੁਰੀਲੇ ਗਲੇ ਵਾਲੇ ਲੋਕ ਅਨਜਾਣੇ ਰਹਿ ਜਾਂਦੇ ਹਨ।

ਅਭਿਨਯ ਵਿੱਚ ਜੋ ਚਮਕ ਸਕਦੇ ਹਨ, ਐਸੇ ਸੈਂਕੜੇ-ਹਜ਼ਾਰਾਂ ਨਹੀਂ,

ਲੱਖਾਂ ਕਲਾਕਾਰ ਸੰਸਾਰ ਵਿੱਚ ਅਨਜਾਣੇ ਪਏ ਹਨ।

ਕਿਉਂ ਅਜਿਹਾ ਕਿਉਂ?

ਕਾਰਣ ਅਨੇਕ ਹਨ। ਜਿਨ੍ਹਾਂ ਵਿੱਚੋਂ ਪ੍ਰਮੁੱਖ ਇਹੀ ਹੈ ਕਿ ਉਨ੍ਹਾਂ ਵਿੱਚ ਆਪਣੀ ਪ੍ਰਤਿਭਾ ਨੂੰ ਪਹਿਚਾਣ ਕੇ, ਉਸਦਾ ਵਿਕਾਸ ਕਰਨ ਦੇ ਲਈ ਕੀ ਕੀ ਕਰਨਾ ਚਾਹੀਦਾ ਹੈ, ਇਹ ਗਿਆਨ ਨਹੀਂ ਹੈ, ਉਨ੍ਹਾਂ ਵਿੱਚ ਵਿਹਾਰ ਕੁਸ਼ਲਤਾ ਨਹੀਂ। ਵਿਹਾਰ ਕੁਸ਼ਲਤਾ ਅਤੇ ਕਾਰਜ ਕੁਸ਼ਲਤਾ ਦੇ ਬਲ ਉੱਤੇ ਇੱਕ ਸਾਧਾਰਨ ਲੇਖਕ ਜਾਂ ਕਵੀ ਰੇਡਿਓ, ਟੀ.ਵੀ. ਅਤੇ ਫਿਲਮਾਂ ਵਿੱਚ ਜਾਂਦਾ ਹੈ ਅਤੇ ਇੱਕ ਪ੍ਰਤਿਭਾਸ਼ਾਲੀ ਸਾਹਿਤਕਾਰ ਅਨਜਾਣਾ ਰਹਿ ਜਾਂਦਾ ਹੈ। ਵਿਹਾਰ ਕੁਸ਼ਲਤਾ ਉਸ ਵਿੱਚ ਨਹੀਂ ਹੈ। ਉਹ ਕਿਤੇ ਗੱਲਾਂ ਨਹੀਂ ਕਰ ਸਕਦਾ। ਅੱਗੇ ਵਧਣ ਦੇ ਲਈ ਰਸਤੇ ਨਹੀਂ ਬਣਾ ਸਕਦਾ। ਅਵਸਰ ਨੂੰ ਨਹੀਂ ਪਹਿਚਾਣ ਸਕਦਾ।

ਜੀਵਨ ਕਲਾ ਹੈ। ਜੀਣ ਦੀ ਕਲਾ ਵਿੱਚ ਕੁਸ਼ਲ ਵਿਅਕਤੀ ਹੀ ਤਾਂ ਸਫਲਤਾਵਾਂ ਦੀ ਚਾਬੀ ਜੇਬ ਵਿੱਚ ਰੱਖਦੇ ਹਨ।

(ਸ) ਕਦੇ ਨਿਸ਼ਕ੍ਰਿਯ ਨਾ ਰਹਿਣ ਦੀ ਆਦਤ

ਨਿਸ਼ਕ੍ਰਿਯ ਕਦੇ ਨਾ ਰਹੋ। ਐਸੀ ਆਦਤ ਰੱਖੋ ਕਿ ਤੁਸੀਂ ਕੁੱਝ ਨਾ ਕੁੱਝ ਕਰਦੇ ਰਹੋ। ਤੁਹਾਡੇ ਜੀਵਨ ਵਿੱਚ ਗਤੀਸ਼ੀਲਤਾ ਹੋਣੀ ਚਾਹੀਦੀ ਹੈ। ਕੋਈ ਵੀ ਕੰਮ ਭਲੀ-ਭਾਂਤੀ ਤਾਂ ਹੀ ਹੋ ਸਕਦਾ ਹੈ ਜਦੋਂ ਤੁਸੀਂ ਗਤੀਸ਼ੀਲ ਹੋਵੋ-ਕ੍ਰਿਆਸ਼ੀਲ ਹੋਵੋ।

ਨਿਸ਼ਕ੍ਰਿਯ ਬੈਠੇ ਰਹੋਗੇ ਤਾਂ ਕੋਈ ਕੰਮ ਹੋ ਨਹੀਂ ਹੋ ਸਕਦਾ।

ਕੁੱਝ ਲੋਕ ਕਿਸਮਤ ਤੇ ਭਰੋਸਾ ਕਰੀ ਰਹਿੰਦੇ ਹਨ ਅਤੇ ਬਹੁਤ ਘੱਟ ਕੰਮ ਕਰਦੇ ਹਨ। ਉਹ 'ਅਜਗਰ ਕਰੇ ਨਾ ਚਾਕਰੀ, ਪੰਛੀ ਕਰੇ ਨਾ ਕਾਮ' ਨੂੰ ਤਾਂ ਯਾਦ ਰੱਖਦੇ ਹਨ ਲੇਕਿਨ 'ਸੰਘਰਸ਼ ਹੀ ਜੀਵਨ ਹੈ', ਜਾਂ 'ਵਰਕ ਇਜ਼ ਵਰਸ਼ਿਪ' ਅਰਥਾਤ ਮਿਹਨਤ ਜਾਂ ਕਰਮ ਹੀ ਪੂਜਾ ਹੈ, ਯਾਦ ਨਹੀਂ ਰੱਖਦੇ। ਵਾਸਤਵ ਵਿੱਚ ਕਰਮ ਹੀ ਸੱਚੀ ਪੂਜਾ ਹੈ। ਮਿਹਨਤ ਨਾਲ ਹੀ ਕੰਮ ਸਫਲ ਹੁੰਦੇ ਹਨ। ਬਿਨਾਂ ਮਿਹਨਤ ਦੇ ਕੋਈ ਵੀ ਰਸਤਾ ਨਹੀਂ ਹੈ। ਸਫਤਲਾ ਦੀ ਕੁੰਜੀ ਮਿਹਨਤ ਹੈ। ਸੋ ਨਿਸ਼ਕ੍ਰਿਯ ਕਦੇ ਨਾ ਰਹੋ। ਕੰਮ ਕਰਨ ਦੀ, ਮਿਹਨਤ ਦੀ ਤੁਸੀਂ ਆਪਣੀ ਆਦਤ ਬਣਾਓ।

(ਹ) ਮੋਨ

ਮੋਨ ਖੁਦ ਵਿੱਚ ਇੱਕ ਸ਼ਕਤੀਸ਼ਾਲੀ ਕਥਨ ਹੁੰਦਾ ਹੈ। ਜੋ ਲੋਕ ਮੋਨ ਜ਼ਿਆਦਾ ਰਹਿੰਦੇ ਹਨ, ਘੱਟ ਬੋਲਦੇ ਹਨ, ਉਨ੍ਹਾਂ ਦੇ ਕਥਨ ਪ੍ਰਭਾਵਸ਼ਾਲੀ ਹੁੰਦੇ ਹਨ। ਉਨ੍ਹਾਂ ਦੀ ਗੱਲ ਵਿੱਚ ਵਜ਼ਨ ਹੁੰਦਾ ਹੈ। ਉਹ ਜਦ ਬੋਲਦੇ ਹਨ ਤਾਂ ਵਿਚਾਰ ਕਰਨ ਦੇ ਬਾਅਦ ਬੋਲਦੇ ਹਨ। ਇਸ ਲਈ ਉਸ ਵਿੱਚ ਸਚਾਈ ਹੁੰਦੀ ਹੈ, ਗੰਭੀਰਤਾ ਹੁੰਦੀ ਹੈ, ਇੱਕ ਠੋਸ ਗੱਲ ਹੁੰਦੀ ਹੈ ਜੋ ਜ਼ਿਆਦਾ ਬੋਲਣ ਵਾਲਿਆਂ, ਬਕ ਬਕ ਕਰਦੇ ਰਹਿਣ ਵਾਲਿਆਂ ਦੀਆਂ ਗੱਲਾਂ ਵਿੱਚ ਨਹੀਂ ਹੁੰਦੀ।

ਜੋ ਮੋਨ ਦਾ ਅਭਿਆਸ ਕਰਦੇ ਹਨ, ਘੱਟ ਬੋਲਣ ਦੀ ਆਦਤ ਪਾ ਲੈਂਦੇ ਹਨ, ਸੋਚ ਵਿਚਾਰ ਕਰਕੇ ਗੱਲ ਕਹਿਣ ਦੀ ਆਦਤ ਪਾ ਲੈਂਦੇ ਹਨ ਉਹ ਜੀਵਨ ਵਿੱਚ ਸਫਲ ਹੁੰਦੇ ਹਨ। ਉਨ੍ਹਾਂ ਨੂੰ ਫੇਰ ਉਚਿਤ ਸਮੇਂ ਤੇ ਉਚਿਤ ਗੱਲ ਕਹਿਣ ਦੀ ਆਦਤ ਪੈ ਜਾਂਦੀ ਹੈ। ਘੱਟ ਬੋਲੋਗੇ ਤਾਂ ਘੱਟ ਗਲਤ ਗੱਲਾਂ ਕਰੋਗੇ।

ਘੱਟ ਬੋਲਣਾ ਵੀ ਸਫਲਤਾ ਦਾ ਰਹੱਸ ਹੈ।

(ਕ) ਸਵੇਰੇ ਉਠਣਾ-

ਸਵੇਰੇ ਜਲਦੀ ਉਠਣ ਵਾਲਿਆਂ ਵਿੱਚ ਹੀ ਜ਼ਿਆਦਾਤਰ ਲੋਕ ਸਫਲ ਹੁੰਦੇ ਹਨ। ਜਿੰਨੇ ਵੀ ਮਹਾਂ-ਪੁਰਸ਼ ਹੋਏ ਹਨ ਉਹ ਸਭ ਸਵੇਰੇ ਉਠਦੇ ਸੀ।



ਇੱਕ ਵੀ ਮਨੁੱਖ ਸੰਸਾਰ ਵਿੱਚ ਐਸਾ ਨਹੀਂ ਹੋਇਆ ਹੈ ਜੋ ਕਿ ਆਲਸੀ ਅਤੇ ਕਾਹਿਲ ਹੁੰਦੇ ਹੋਏ ਸਫਲ ਆਦਮੀ ਬਣਿਆ ਹੋਵੇ। ਕਿਸੇ ਵੀ ਵੱਡੇ ਆਦਮੀ ਦੀ ਜੀਵਨੀ ਅਤੇ ਦਿਨਚਰਯਾ ਦੇ ਬਾਰੇ ਵਿੱਚ ਜਾਣਨ ਤੇ ਤੁਸੀਂ ਦੇਖੋਗੇ ਕਿ ਉਨ੍ਹਾਂ ਨੂੰ ਬਹੁਤ ਸਵੇਰੇ ਉਠਣ ਦੀ ਆਦਤ ਸੀ।

ਦੇਰ ਨਾਲ ਉਠਣ ਵਾਲੇ ਲੋਕ ਆਲਸੀ ਹੁੰਦੇ ਹਨ। ਆਲਸੀ ਲੋਕ ਆਰਾਮ ਤਲਬ, ਅਸਵਸਥ ਵੀ ਹੋ ਸਕਦੇ ਹਨ। ਅਸਵਸਥ ਲੋਕ ਕਦੇ ਸਰੀਰਕ, ਮਾਨਸਿਕ ਜਾਂ ਆਤਮਕ ਰੂਪ ਨਾਲ ਸ਼ਕਤੀਸ਼ਾਲੀ ਨਹੀਂ ਹੋ ਸਕਦੇ। ਜਦੋਂ ਸ਼ਕਤੀਆਂ ਕਮਜ਼ੋਰ ਹੁੰਦੀਆਂ ਹਨ ਤਾਂ ਸਫਲਤਾ ਦੂਰ ਰਹਿੰਦੀ ਹੈ।

ਇਸ ਲਈ ਸਵੇਰੇ ਉਠਣ ਦੀ ਆਦਤ ਤਾਂ ਉਸ ਨੂੰ ਪਾ ਹੀ ਲੈਣੀ ਚਾਹੀਦੀ ਹੈ, ਜਿਸ ਨੇ ਜੀਵਨ ਵਿੱਚ ਕੁੱਝ ਬਣਨਾ ਹੈ। ਸਫ਼ਲਤਾ ਪਾਉਣੀ ਹੈ, ਅੱਗੇ ਵਧਣਾ ਹੈ, ਉਚਾਈਆਂ ਤੇ ਉਠਣਾ ਹੈ। ਸਵੇਰੇ ਉਠਣ ਨਾਲ ਕਿੰਨੇ ਲਾਭ ਹਨ, ਇਸ ਗੱਲ ਨੂੰ ਕੌਣ ਨਹੀਂ ਜਾਣਦਾ। ਸਮੇਂ ਦੀ ਬੱਚਤ ਦੇ ਨਾਲ-ਨਾਲ ਇਹ ਗੱਲ ਤਾਂ ਖੁਦ ਸਿੱਧ ਹੈ ਕਿ ਸਵੇਰੇ ਉਠਣਾ ਸਵਾਸਥ ਦੇ ਲਈ ਕਿੰਨਾ ਲਾਭਦਾਇਕ ਹੈ। ਸ਼ੀਤਲ, ਮੰਦ ਹਵਾ ਕੁਦਰਤ ਦੀ ਸੁੰਦਰਤਾ ਨੂੰ ਨਿਖਾਰਦੀ ਹੈ। ਤਾਜ਼ਾ ਹਵਾ ਜਦੋਂ ਤੁਹਾਡੇ ਫੇਫੜਿਆਂ ਵਿੱਚ ਜਾਵੇਗੀ, ਦਿਮਾਗ ਵਿੱਚ ਤਾਜ਼ਗੀ ਭਰ ਦੇਵੇਗੀ। ਖੁੱਲ੍ਹੀ ਤਾਜ਼ਾ ਹਵਾ ਵਿੱਚ ਤੁਸੀਂ ਸਵੇਰੇ-ਸਵੇਰੇ ਕਸਰਤ ਅਤੇ ਈਸ਼ਵਰ ਦਾ ਧਿਆਨ ਕਰੋ, ਤਾਂ ਤੁਸੀਂ ਆਪਣੇ ਅੰਦਰ ਅਦਭੁਤ ਪਰਿਵਰਤਨ ਪਾਓਗੇ। ਤੁਸੀਂ ਇਹ ਪ੍ਰਤੱਖ ਦੇਖੋਗੇ ਕਿ ਤੁਸੀਂ ਸਫਲਤਾਵਾਂ ਵੱਲ ਤੇਜ਼ੀ ਨਾਲ ਵਧ ਰਹੇ ਹੋ। ਇਸ ਲਈ ਸਵੇਰੇ ਉਠਣ ਦੀ ਆਦਤ ਪਾਓ।

-0-

ਲੇਖਕਾਂ ਨੂੰ ਬੇਨਤੀ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।

ਰਚਨਾਵਾਂ ਭੇਜਣ ਲਈ ਪਤਾ:
ਗੁਰਮਤਿ ਵਿਰਸਾ
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
M: 79733-70542 Email: gurmatvirsa@gmail.com

ਕਾਵਿ ਕਿਆਰੀ

ਕਲਗੀਆਂ ਵਾਲਾ

ਮੰਗਤ ਸਿੰਘ ਰਾਹੀ # 9888291607



ਗੜੀ ਚਮਕੌਰ ਵਿੱਚ ਜਦ ਰਹਿ ਗਏ,
ਪਿਤਾ ਦਸ਼ਮੇਸ਼ ਤੇ ਕੁਝ ਸਿੰਘ ਹੀ ਬਾਕੀ।
ਕਿਹਾ ਸਿੰਘਾਂ ਨੇ ਸਾਹਿਬਾ ਨੂੰ
ਕਿ ਦੁਸ਼ਮਣ ਦੀ ਫੌਜ ਹੈ ਕਾਫੀ।
ਪਾਤਸ਼ਾਹ ਆਪ ਤਾਂ ਸਜਾ ਲਓਗੇ।
ਹੋਰ ਫੌਜ ਸਿੰਘਾਂ ਦੀ ਬਾਹਰ ਜਾ ਕੇ।
ਵਿਚਾਰ ਹੈ ਕਿ ਨਿਕਲ ਜਾਓ ਹੁਣ
ਬੇਨਤੀ ਕੀਤੀ ਸਭ ਨੇ ਤਰਲੇ ਲਾ ਕੇ।
ਬੋਲੇ ਪਾਤਸ਼ਾਹ, ਡਰਪੋਕ ਨਹੀਂ ਹੈ ਗੋਬਿੰਦ ਸਿੰਘ।
ਮਰਾਂਗਾ ਜਾਂ ਮਾਰਾਂਗਾ ਵੈਰੀਆਂ ਨੂੰ ਮੈਦਾਨ ਵਿੱਚ।
'ਕੱਠੇ ਹੋ ਕੇ ਪੰਜ ਸਿੰਘ, ਬੋਲੇ, ਫਾਰਮੂਲਾ ਆਪ ਦਾ।
ਆਪ ਤੇ ਹੀ ਲਾਗੂ ਕਰਦੇ ਹਾਂ, ਪੰਜ ਸਿੰਘ ਪੰਥ ਬਣ ਕੇ।
ਪੰਥ ਹੁਕਮ ਦਿੰਦਾ ਹੈ ਗੋਬਿੰਦ ਸਿੰਘ ਨੂੰ,
ਕਿ ਉਹ ਹੁਣੇ ਚਲਾ ਜਾਏ ਗੜੀ ਛੋੜ ਕੇ।
ਬੋਲੇ ਪਾਤਸ਼ਾਹ, ਪੰਥ ਦਾ ਹੁਕਮ ਸਿਰ ਮੱਥੇ,
ਬੁਲਾਇਆ ਸੰਗਤ ਸਿੰਘ ਨੂੰ ਜੋ ਖੜਾ ਸੀ ਜੋੜਿਆਂ ਵਿੱਚ,
ਕਹਿੰਦੇ ਹਨ ਕਿ ਸੰਗਤ ਸਿੰਘ ਦੀ ਸ਼ਕਲ
ਮਿਲਦੀ ਹੈ ਦਸਵੇਂ ਪਾਤਸ਼ਾਹ ਨਾਲ।
ਪਰ ਸੰਗਤ ਸਿੰਘ ਦੀ ਹੀ ਕਿਉਂ
ਹਰ ਸਿੱਖ ਦੀ ਸ਼ਕਲ ਹੈ ਪਿਤਾ ਦਸ਼ਮੇਸ਼ ਦੀ।
ਬੋਲੇ, ਇਹ ਕਲਗੀ ਮੈਨੂੰ ਸੰਗਤ ਨੇ ਬਖਸ਼ੀ ਸੀ।
ਸੋ ਸੰਗਤ ਦੀ ਬਖਸ਼ੇ ਕਲਗੀ ਅੱਜ
ਮੈਂ ਸੰਗਤ ਨੂੰ ਹੀ ਦੇ ਕੇ ਜਾ ਰਿਹਾ।
ਤਾਂ ਕਿ ਕੋਈ ਇਹ ਨਾ ਕਹੇ ਪਿੱਛੋਂ
ਕਿ ਇਤਨੀ ਕੀਮਤੀ ਕਲਗੀ ਗੋਬਿੰਦ ਸਿੰਘ
ਆਪਣੇ ਨਾਲ ਲੈ ਗਿਆ
ਕਿਹਾ ਸਿੱਖਾਂ ਨੇ ਸੱਚੇ ਪਾਤਸ਼ਾਹ
ਤੇਰੇ ਸਿਰ ਤੇ ਕਲਗੀ ਹੋਵੇ ਜਾਂ ਨਾ ਹੋਵੇ
'ਰਾਹੀ' ਜਦ ਤੱਕ ਇੱਕ ਵੀ ਸਿੱਖ ਦੁਨੀਆਂ ਵਿੱਚ ਰਹੇਗਾ
ਤੈਨੂੰ ਸਦਾ ਕਲਗੀਆਂ ਵਾਲਾ ਹੀ ਕਹੇਗਾ।
ਸਦਾ ਕਲਗੀਆਂ ਵਾਲਾ ਹੀ ਕਹੇਗਾ।

-0-

ਸਮੇਂ ਦੀ ਪਾਬੰਦੀ

ਰਵਿੰਦਰ ਸਿੰਘ ਕੁੰਦਰਾ ਕੋਵੈਂਟਰੀ (ਯੂ.ਕੇ.)



ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਨਹੀਂ ਸਮੇਂ ਉੱਤੇ ਜਾਣਾ, ਕਰਨਾ ਸਦਾ ਹੀ ਬਹਾਨਾ,
ਕਰੇ ਇਤਰਾਜ਼ ਜਦੋਂ ਕੋਈ, ਅੱਗੋਂ ਠੁੱਠ ਹੀ ਦਿਖਾਣਾ,
ਹੱਦ ਢੀਠਤਾ ਦੀ ਲੰਘ, ਹਾਸੀ ਹੱਸਣੀ ਨਿਸੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮਾਂ ਹੋਵੇ ਭਾਵੇਂ ਖੁਸ਼ੀ ਦਾ, ਤੇ ਭਾਵੇਂ ਹੋਵੇ ਗ਼ਮੀ,
ਜਿਹੜਾ ਲੇਟ ਹੋ ਕੇ ਘੜੇ, ਸਦਾ ਘਾੜਤ ਹੀ ਨਵੀਂ,
ਐਸੇ ਸੱਜਣਾ ਨੂੰ ਸਦਾ, ਕਿਹਾ ਜਾਂਵਦਾ ਪਾਖੰਡੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਚੜ੍ਹ ਸਟੇਜਾਂ ਉੱਤੇ ਜਦੋਂ, ਢੀਠ ਮਾਈਕ ਫੜ ਲੈਂਦੇ,
ਗੱਲ ਝੱਟ ਨਹੀਂ ਮੁਕਾਉਂਦੇ, ਸਗੋਂ ਚੌੜੇ ਹੁੰਦੇ ਰਹਿੰਦੇ,
ਲੱਖ ਮਿੰਨਤਾਂ ਵੀ ਕਰੋ, ਭੁੱਲ ਜਾਣ ਹਰ ਪਾਬੰਦੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।

-0-

SAVE THIS RESOURCE, BY DROP



Water is a gift of nature but scarce in supply. The annual availability of water in India is 1,869 billion cubic metres (BCM). Of this, only 1,123 BCM is usable because of topographical constraints — the share of groundwater and surface water is 433 BCM and 690 BCM, respectively. The net groundwater availability is 398 BCM as natural discharge accounts for 35 BCM.



Groundwater is considered ever available, a regular source for agricultural, industrial and domestic needs. It is found in permeable rocks and the soil beneath the surface, known as aquifers. The depth from the surface at which groundwater is found is called the water table. This water table can be as shallow as a foot below the ground or a few 100 metres deep. Heavy rain causes the water table to rise and conversely continuous extraction can cause the level to fall. In some countries, the water level is so deep that either it is impossible to extract or it becomes so costly that it is not a viable proposition. That is why it is said that in certain Arab countries, water is even costlier than petrol.

The water store under the ground is filled by rainfall, which contributes 68 per cent, and the rest by other sources such as the seepage of water from rivers, canals, water conservation structures, ponds etc.

The real value of a commodity is realised when one is devoid of it. People in water-scarce areas know the significance of this gift of nature. While visiting Karachi and Hyderabad in Pakistan some time ago, I learnt that half of the population of the Sindh province was living in these two cities. The main reason was the easy availability of water as compared to other places. I came to know that the cost of purifying seawater to make it drinkable was much more than the price of milk, but even then the water lacked natural minerals (a few Arab countries are purifying water out of compulsion). I contrasted the situation with that in my home state, Punjab, where abundant water flowed in the rivers, canals and water channels and was pumped by tubewells and wells for various requirements.

Dwindling supply

In the 1960s, it sounded strange that water was being sold in bottles at railway stations. Now this natural resource has become a common item of trade and the drinking water industry is making rapid strides across the country. The installation of water purifiers in cities and villages is rising by leaps and bounds. When many countries were facing scarcity of water, India had enough for its agricultural, industrial and household requirements. There was a variation in respect of its availability in different states, but overall the situation was satisfactory. Amid the exponential growth of population, the supply of water sources has been limited, catering to just 4 per cent compared to 17.6 per cent of the world's population. The scarcity of water has emerged as a big problem. The demand is four times more than the supply and it continues to grow.

In 1991, the per capita availability of water in India was 2,309 cubic metres, but it fell to 1,902 in 2001. It further dropped to 1,545 cubic metres in 2011, putting India on the list of water-stressed countries. At the current rate of population growth, the per capita availability of water would reduce to 1,401 cubic metres in 2025 and to 1,191 cubic metres by 2050, leading to enormous other problems and impediments to further development. According to experts, countries having per capita availability of less than 1,700 cubic metres are listed among the water-stressed nations. This trend would have a serious impact on the mainstay of Indian economy, agriculture, apart from the industry.

About 70 per cent of this water is used for agriculture, 22 per cent for industry and only 8 per cent for household requirements. In agricultural irrigation, 60 per cent is drawn from underground. As the pressure of production is rising, more and more groundwater is being pumped out. Though India was always an agricultural country, it was not self-sufficient for its food requirements. The big push to agriculture was provided by the Green Revolution. The mantra was to use more and more chemicals, including fertilisers, to obtain greater yield. But the application of chemicals had the prerequisite of adequate irrigation water. Apart from the flowing water, the major thrust was on extracting groundwater. More and more tubewells were

installed. In most of the states, electricity was made free for farming, leading to the reckless use of power as well as water.

Staggering results were obtained on the yield front and India turned into a food-exporting country from a food-importing one. But a heavy price was paid in terms of depletion of the water level. It has dropped to such a low level that it has not remained drinkable .The chemicals are penetrating air, soil and water. The contamination of the soil is worsening because of the surge in the application of chemicals year after year.

According to Niti Ayog, 20 Indian cities will run out of groundwater by 2022 and 600 million people are facing high to extreme water stress. According to a WaterAid report, 163 million Indians have no access to clean water. As per a report of the World Bank, 27 per cent of the communicable diseases in India are linked to unsafe water.

India has adequate water sources either on the surface or in the form of groundwater storage. The aquifers found in the Gangetic and Indus plains in northern India have significant storage capacity and are valuable sources of freshwater supply. However, due to excessive groundwater extraction and a low recharge rate, the aquifers are at risk of irreversible overexploitation. On the other hand, in the northwestern regions where groundwater has depleted to more than 10 metres deep in most of the districts, sophisticated equipment is required to extract water; this involves very high cost.

India is primarily an agricultural country. Irrigation water is the most significant input to obtain higher yield in agriculture. Apart from the use of fertilisers and other chemicals and manures, adequate irrigation is imperative even for hoeing of crops.

In the five-year plans and now under NITI Aayog, special focus was laid on enhancing the irrigated area. As a result, in the past four decades, 84 per cent of irrigation was added to the net irrigated area, where the main source of this irrigation was groundwater. The main reason for overexploitation of groundwater was its easy availability, resulting in the depletion of the water table, particularly in the northern states of Punjab, Haryana, Uttar Pradesh, Delhi and Rajasthan. A higher percentage of water is extracted compared to the percentage of recharge. Even if water is extracted up to 100 per cent of its recharge, it would not cause any problem. In Punjab, it was 172 per cent; 137 per cent in Rajasthan and Delhi; and 133 per cent in Haryana. This perpetual imbalance is emerging as a big crisis. There are only 3 per cent districts in India where the extraction of water was more than 100 per cent in 2001. But by 2011, the percentage of such districts rose to 15 per cent.

Multi-pronged approach needed

Niti Aayog should accord priority to this problem and a policy to overcome scarcity must be formulated. Though there is no control on natural factors, there is much that is within the ambit of society with the patronage of the government. There are two main issues: first, how to enhance the groundwater level; and second, how to avail chemical-free water. The government, universities and experts have been recommending crop diversification. There is a big scope for replacing water-guzzling crops like paddy with high-value crops that need less irrigation. Already India is producing food items from natural and organic farming, which is yielding encouraging results by the application of organic inputs and manures. The government should dispel misconceptions regarding these farming methods.

A department of water conservation similar to the department of soil conservation must be established in all states. Rainwater harvesting should be adopted as a mission by the water conservation department. The instruments for harvesting rainwater should be installed in buildings. The department should collect water at low-lying places for recharging in the ground by installing borewells.

Electricity should not be made free so that the person using power as well as water may realise that these are valuable resources which must not be wasted.

Initially, canals and bullock-operated wells were the main source of irrigation. Some of the southern states were using water for irrigation from ponds. But the surface water of rivers is extremely rich in nutrients required to enhance the fertility of the soil. Since 1960, the tubewells started replacing the wells and their number has been rising at a high rate in most of the Indian states. As electricity was subsidised in a number of states, this led to an explosion of tubewells which pumped out water day and night. In Punjab, there were only 9,000 tubewells before 1960; the number has swelled to over 14 lakh at present. The electricity subsidy led to a misuse of water and electricity. That is why because of this overextraction, the water in a number of blocks has not remained drinkable. Considering the gravity of the situation, the Union Ministry of Water Resources is working towards conservation and management of water in the country through a prudent policy. Various programmes are being implemented by its wings such as the Central Water Commission, Central Ground Water Board, Central Ground Water Authority and the Central Pollution Control Board. Even the district collector in every state has been entrusted with looking after water management.

-0-

संत-सिपाही तारा सिंघ जी 'वां' -गुरमत विरसा ब्यूरो

मुगल हुकूमत में पंजाब के अन्दर जमीन्दारी की रीती प्रचल्ति थी। गांव के चौधरी लोगों पर बहुत अत्याचार करते थे। नौशहिरा गांव का चौधरी साहिब राय था। वह बहुत अहंकारी और अत्याचारी था। वह अपनी घोड़ियों को सिक्खों के खेतों में चरने के लिए खुली छोड़ देता था। एक दिन सिक्खों ने चौधरी को कहा, "चौधरी जी, अपनी घोडियों को बांध कर रखें।" आगे चौधरी ने जवाब दिया, "मैं तुम्हारे केशें को रस्से बना कर घोड़ियों को बांधूँगा।" चौधरी की यह बात सिक्खों का सीना चीर गई। सिक्ख केसों के प्रति ऐसे शब्द कैसे सुन सकते थे। उन्होने यह बात नज़दीकी गांव भुसे के



स. अमर सिंघ और स. बघेल सिंह को जा बताई।

स. अमर सिंघ और स. बघेल सिंघ ने चौधरी साहिब राय की घोड़िया निकाल ली और महाराजा आला सिंघ पटियाला को जाकर बेच दी। सारी माया भाई तारा सिंघ 'वां' के लंगर में डाल दी।

भाई तारा सिंघ बहुत भजनीक (भजन करने वाले) थे। गांव के बाहर उन्होने अपनी ज़मीन पर गुरद्वारा बनाया हुआ था जहां पर बाहर से आने वाले गुरसिक्ख आराम करते और लंगर छकते थे। भाई तारा सिंघ जहां बाणी का सिमरन करते थे, वहीं एक अच्छे बहादुर जरनैल भी थे। बाबा बंदा सिंघ बहादुर के समय कई युद्ध भी लड़ चुके थे।

उधर जब चौधरी को मालूम हुआ कि घोड़ियों को स. बघेल सिंघ ने निकाला है तो उसने बघेल सिंघ का पता लगाया। स. बघेल सिंघ भाई तारा सिंघ के डेरे में थे। चौधरी ने अपने कुछ आदमी लेकर भाई तारा सिंघ के डेरे पर हल्ला बोल दिया। अहंकार में चूर, वह फिजूल बकने लगा। सिक्खी शान के विरोध में भी बुरे शब्द बोले। भाई तारा सिंघ जी के रोकने पर भी जब ना रूका तो सिंघों ने चौधरी को खूब धोया, क्रोध में आग बबूला चौधरी पट्टी के फौजदार के पास जाकर अपना रोना रोया।

पट्टी का फौजदार जाफर बेग था। उसने 200 सवार साथ लेकर भाई तारा सिंघ के डेरे पर हमला कर दिया। स. बघेल सिंघ जंगल–पानी (शौचालय) के लिए सुबह बाहर निकले थे। आगे से जाफर बेग की सेना के साथ टाकरा हो गया। स. बघेल सिंघ ने गरज कर कहा, "रूको मूर्खो! कहां जा रहे हो, पहले सिंघों के साथ दो हाथ करते जाएं।" सिंघ ने ऊँची आवाज में "बोले सो निहाल" का जैकारा बुलाया और बंदूक के साथ फायर करने शुरू कर दिये। आगे दुश्मन ने भी गोलियों से जवाब दिया। गोलियों का आवाज़ सुनकर डेरे में मौजूद सिंघ भी स. बघेल सिंघ की सहायता के लिए पहुँच गये। घौर युद्ध हुआ। सिंघों के मुकाबले दुश्मन की संख्या यद्यपि बहुत अधिक थी, परन्तु फिर भी सिंघों की तलवार के आगे व टिक न सके।

इस मुकाबले में स. बघेल सिंघ जी शहीद हो गये। दूसरी तरफ फौजदार जाफर बेग के दो भतीजे और लगभग दस हिन्दू व मुसलमान मारे गये। फौजदार ने भाग कर अपनी जान बचायी।

जाफर बेग ने लाहौर के सुबेदार ज़करिया खां पहले ही सिंघों का शत्रु था। मोमन खां को आदेश दिया कि सेना लेकर तारा सिंघ पर हल्ला बोले और उस को जीवित पकड़ कर लाये या शीश उतार कर पेश करे। मोमन खां ने दो हजार की सेना लेकर उसी समय हल्ला बोल दिया।

एक सिंघ ने आकर, भाई तारा सिंघ जी को यह खबर बताई। यद्यपि सिंघ संख्या में लगभग 50 थे। परन्तु लड़ने के लिए तैयार हो गये। सिंघ क्षमा मांगना नहीं जानते और ना ही बड़े से बड़े शत्रु से डरते हैं। मोमन खां के साथ मार्ग में अन्य चौधरी भी समिलित हो गये। मोमन खां ने सुबह सुबह डेरे पर आक्रमण कर दिया। भागे सिंघ पहले से ही मोर्चा संभाल कर बैठे थे। सिंघों की गोलियों से अग्रणी सेनायें ज़मीन पर गिर गई।

भयंकर युद्ध हुआ। मोमन खां ने तक्की बेग को भेजा।

तक्की बेग को आगे बढ़ता देखकर भाई तारा सिंघ ने ऐसा निशाना लगाया कि तक्की बेग के में से खून के फुबारे छूट गये। वह शीघ्रता से पीछे लौटा। आगे मोमन खां ने तक्की बेग को मज़ाक किया, "खां जी पान खा रहे हो?" तक्की बेग ने जवाब दिया, "स. तारा सिंघ आगे पान के बीड़े बांट रहा है। आगे जा कर आप भी ले आयें।"

फिर मोमन खां ने अपने जरनैल मुरीद खां को भेजा, जो तारा सिंघ जी से सीधा मुकाबला करना चाहता था परन्तु मार्ग के बीच सिंघों से बचकर कैसे निकलता। दुश्मन को अपने जत्थेदार की तरफ बढ़ता देखकर सरदार भीम सिंघ घोड़े को छोड़कर सामने आ टकराया। उसने शेर जैसे ललकारा, "मुरीद खां संभल! तेरा काल आ गया है।" भीम सिंघ ने पहले दो वार करके मुरीद खां के महावत को मारा। महावत को

भाई तारा सिंघ बहुत भजनीक (भजन करने वाले) थे। गांव के बाहर उन्होने अपनी ज़मीन पर गुरद्वारा बनाया हुआ था जहां पर बाहर से आने वाले गुरसिक्ख आराम करते और लंगर छकते थे। भाई तारा सिंघ जहां बाणी का सिमरन करते थे, वहीं एक अच्छे बहादुर जरनैल भी थे। बाबा बंदा सिंघ बहादुर के समय कई युद्ध भी लड़ चुके थे। उधर जब चौधरी को मालूम हुआ कि घोड़ियों को स. बघेल सिंघ ने निकाला है तो उसने बघेल सिंघ का पता लगाया। स. बघेल सिंघ भाई तारा सिंघ के डेरे में थे। चौधरी ने अपने कुछ आदमी लेकर भाई तारा सिंघ के डेरे पर हल्ला बोल दिया। अहंकार में चूर, वह फिजूल बकने लगा। सिक्खी शान के विरोध में भी बुरे शब्द बोले। भाई तारा सिंघ जी के रोकने पर भी जब ना रूका तो सिंघों ने चौधरी को खूब धोया, क्रोध में आग बबूला चौधरी पट्टी के फौजदार के पास जाकर अपना रोना रोया।

चीरती हुई तलवार हाथी के कान को काट गई और बड़ा दांत मध्य से टूट गया। पीड़ा से ग्रस्त हाथी पीछे की तरफ भाग खड़ा हुआ। भीम सिंघ बहुत फुर्तीला युवक था। वह हाथी की पूंछ को पकड़कर, ऊपर चढ़ गया और तलवार से मुरीद खां का शीश जा काटा। अब मोमन खां ने पूरी सेना को सिंघों पर आक्रमण करने को बोला, तलवारें चलने लगीं। सरदार तारा सिंघ जी अनेकों को मुत्यु के घाट उतार कर शहीदी को प्राप्त गये। यह घटना संन् 1726 ईः की है।

शिक्षाः केशों की बेअदबी (अपमान) गुरसिक्ख बर्दाशत नहीं करता। दुश्मन को सबक सिखाने के लिए संख्या के झमेले में नहीं पड़ता।

सिखी सिद्धांत



मंगत सिंघ राही
 # 98882-91607

इक ओअंकारः— परमात्मा एक है। वह हर समय, हर स्थान पर, हर दिशा में, हर युग में, हर जीव में एक—रस व्यापक है।

सति नामुः— परमात्मा सदा सत्य है, उसकी होंद, अस्तित्व सदैव है, वह जीवन रूप है।

करता पुरखुः— वह सब कुछ बनाने वाला है। वह बनाकर अपनी रचना में आप बस रहा है। हर जीव में करने/रचने की शक्ति उसी की है।

निरभउः— उसे किसी का भय नहीं, क्योंकि वह एक ही है, दूसरा कोई है ही नहीं। अतः वह न डरता है, ना डरता है।

निरवैरूः— क्योंकि वह एक ही है, दूसरा कोई है ही नहीं, सो उसका वैर किससे हो। अतः उसका किसी से वैर नहीं।

अकाल मूरतिः— वह समय से परे है। उसे बचपन, जवानी, बुढ़ापा, मृत्यु नहीं आती। कभी घटता बढ़ता नहीं है।

अजूनीः— वह जन्म नहीं लेता। वह जूनीओं में नहीं आता। वह अवतार धारण नहीं करता।

सैभंः— उसका प्रकाश अपने आप से है। उसे किसी ने बनाया नहीं है। उसे किसी के सहारे की आवश्यकता नहीं है।

गुर प्रसादिः— ऐसा प्रभु गुरु/ज्ञान की कृपा से इन गुणों के द्वारा जाना/प्राप्त किया जा सकता है।

जेकर मैगज़ीन ना मिले तां ...

सारे प्रचारक वीरां नूं बेनती है कि 'गुरमति विरसा' दी बुकिंग करदिआं रिकारड आपणे कोल ज़रुर रॅखे। 'गुरमति विरसा' ना मिलण दी सुरत विच इस नंबर 79733-70542 'ते वॅटसअप मैसज़ कर सकदे हो इस तों इलावा चिॅट नंबर जां रसीद नंबर दा वेरवा दॅसो तां जो मैगज़ीन दुबारा भेजिआ जा सके। बुकिंग समें टैलीफोन नंबर साफ सुथरे, मोटे अॅखरां विच पता लिखे जी।

वॅलों : अदारा 'गुरमति विरसा'

ਰੇਤਲੀ ਧਰਤੀ 'ਚ ਦੱਬਿਆ ਛੋਟਾ ਦਾਣਾ, ਕਿਸਾਨ ਦੀ ਆਰਥਿਕਤਾ ਲਈ ਸੋਨਾ

– ਹਰਨੇਕ ਸਿੰਘ ਜੈਨਪੁਰੀ

ਪੰਜਾਬ 'ਚ ਮੂੰਗਫਲੀ ਦੀ ਖੇਤੀ ਦਾ ਸੁਨਹਿਰੀ ਦੌਰ ਖ਼ਾਸ ਕਰਕੇ 1970 ਅਤੇ 1980 ਦੇ ਦਹਾਕਿਆਂ ਵਿੱਚ ਵੇਖਣ ਨੂੰ ਮਿਲਿਆ। ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਨਵਾਂਸ਼ਹਿਰ ਅਤੇ ਗੁਰਦਾਸਪੁਰ ਦੇ ਕਈ ਇਲਾਕਿਆਂ ਵਿਚ ਇਹ ਮੁੱਖ ਨਕਦੀ ਫ਼ਸਲ ਸੀ। ਦੁਆਬੇ ਦੀ ਹਲਕੀ ਅਤੇ ਰੇਤਲੀ ਜ਼ਮੀਨ ਮੂੰਗਫਲੀ ਲਈ ਬਹੁਤ ਉਚਿਤ ਮੰਨੀ ਜਾਂਦੀ ਸੀ। ਉਸ ਵੇਲੇ ਕਿਸਾਨ ਮੱਕੀ ਤੇ ਮੂੰਗਫਲੀ ਦੇ ਫ਼ਸਲੀ ਚੱਕਰ ਨਾਲ ਚੰਗੀ ਆਮਦਨ ਕਮਾ ਲੈਂਦੇ ਸਨ। ਪਿੰਡਾਂ ਵਿਚ ਛੋਟੇ ਪੱਧਰ 'ਤੇ ਤੇਲ ਕੱਢਣ ਵਾਲੀਆਂ ਘਾਣੀਆਂ ਤੇ ਭੁੰਨੀ ਮੂੰਗਫਲੀ ਦੇ ਵਪਾਰ ਨਾਲ ਵੀ ਵੱਡੀ ਗਿਣਤੀ ਲੋਕਾਂ ਨੂੰ ਰੁਜ਼ਗਾਰ ਮਿਲਦਾ ਸੀ। ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦੀ ਖੇਤੀ ਹੌਲੀ-ਹੌਲੀ ਕਣਕ ਤੇ ਝੋਨੇ ਦੇ ਚੱਕਰ ਵਿਚ ਫਸਦੀ ਚਲੀ ਗਈ। ਸਰਕਾਰੀ ਖ਼ਰੀਦ ਦੀ ਗਾਰੰਟੀ, ਮੰਡੀ ਪ੍ਰਣਾਲੀ ਅਤੇ ਘੱਟ ਜੋਖ਼ਮ ਵਾਲੀ ਆਮਦਨ ਕਾਰਨ ਕਿਸਾਨਾਂ ਨੇ ਰਵਾਇਤੀ ਫ਼ਸਲਾਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ। ਮੂੰਗਫਲੀ ਵੀ ਇਸ ਬਦਲਾਅ ਦੀ ਭੇਟ ਚੜ੍ਹ ਗਈ। ਖੇਤੀ ਮਾਹਿਰਾਂ ਅਨੁਸਾਰ ਮੂੰਗਫਲੀ ਦੀ ਖੇਤੀ ਘੱਟ ਹੋਣ ਦੇ ਪਿੱਛੇ ਸਭ ਤੋਂ ਵੱਡੇ ਕਾਰਨ ਮੰਡੀਕਰਨ ਦੀ ਕਮੀ, ਮਸ਼ੀਨੀਕਰਨ ਦੀ ਘੱਟ ਸਹੂਲਤ ਤੇ ਉਚਿਤ ਭਾਅ ਨਾ ਮਿਲਣਾ ਰਹੇ। ਜਿੱਥੇ ਇੱਕ ਪਾਸੇ ਝੋਨਾ ਹਰ ਸਾਲ ਪੱਕੀ ਖਰੀਦ ਦੇ ਭਰੋਸੇ ਨਾਲ ਖੜ੍ਹਾ ਸੀ, ਉੱਥੇ ਮੂੰਗਫਲੀ ਦਾ ਕਿਸਾਨ ਬਾਜ਼ਾਰ ਦੀ ਮਾਰ ਨਾਲ ਇਕੱਲਾ ਰਹਿ ਗਿਆ।



ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ 'ਚ ਕਰਦੀ ਮਦਦ

ਅੱਜ ਹਾਲਾਤ ਮੁੜ ਬਦਲ ਰਹੇ ਹਨ। ਪੰਜਾਬ 'ਚ ਜ਼ਮੀਨ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਡਿੱਗ ਚੁੱਕਿਆ ਹੈ। ਕਈ ਬਲਾਕ 'ਡਾਰਕ ਜ਼ੋਨ' ਵਿਚ ਸ਼ਾਮਿਲ ਹੋ ਚੁੱਕੇ ਹਨ। ਅਜਿਹੇ ਵਿਚ ਖੇਤੀ ਵਿਗਿਆਨੀ ਲਗਾਤਾਰ ਘੱਟ ਪਾਣੀ ਵਾਲੀਆਂ ਬਦਲਵੀਂ ਫਸਲਾਂ ਵੱਲ ਜਾਣ ਦੀ ਸਲਾਹ ਦੇ ਰਹੇ ਹਨ ਅਤੇ ਮੂੰਗਫਲੀ ਇਸ ਸੂਚੀ 'ਚ ਮਹੱਤਵਪੂਰਨ ਥਾਂ ਰੱਖਦੀ ਹੈ। ਮੂੰਗਫਲੀ ਨੂੰ ਝੋਨੇ ਦੇ ਮੁਕਾਬਲੇ ਕਾਫ਼ੀ ਘੱਟ ਪਾਣੀ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਇਹ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ 'ਚ ਵੀ ਮਦਦ ਕਰਦੀ ਹੈ ਕਿਉਂਕਿ ਇਹ ਦਾਲਹਨੀ ਪ੍ਰਕਿਰਤੀ ਵਾਲੀ ਫ਼ਸਲ ਹੈ, ਜੋ ਮਿੱਟੀ ਵਿਚ ਨਾਈਟਰੋਜਨ ਫਿਕਸ ਕਰਨ ਦੀ ਸਮਰੱਥਾ ਰੱਖਦੀ ਹੈ।

ਸਮੇਂ ਦੀ ਵੱਡੀ ਲੋੜ

ਇਸ ਵੇਲੇ ਪੰਜਾਬ ਦੇ ਕਿਸਾਨਾਂ ਦੀ ਫ਼ਸਲੀ ਵਿਭਿੰਨਤਾ, ਪਾਣੀ ਦੀ ਬੱਚਤ ਅਤੇ ਵਧੇਰੇ ਮੁਨਾਫ਼ੇ ਵਾਲੀਆਂ ਫ਼ਸਲਾਂ ਵੱਲ ਧਿਆਨ ਦੇਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਬਣ ਚੁੱਕੀ ਹੈ। ਧਰਤੀ ਹੇਠਲੇ ਡਿੱਗ ਰਹੇ ਪਾਣੀ ਅਤੇ ਲਗਾਤਾਰ ਵੱਧ ਰਹੇ ਖ਼ਰਚਿਆਂ ਨੇ ਖੇਤੀ ਮਾਹਿਰਾਂ ਅਤੇ ਕਿਸਾਨਾਂ ਦੋਵਾਂ ਨੂੰ ਚਿੰਤਤ ਕੀਤਾ ਹੋਇਆ ਹੈ। ਅਜਿਹੇ ਹਾਲਾਤਾਂ ਵਿਚ ਬਹਾਰ ਰੁੱਤ ਦੀ ਮੂੰਗਫ਼ਲੀ ਅਜਿਹੀ ਬਦਲਵੀ ਫ਼ਸਲ ਵਜੋਂ ਸਾਹਮਣੇ ਆ ਰਹੀ ਹੈ, ਜੋ ਨਾ ਸਿਰਫ਼ ਘੱਟ ਪਾਣੀ ਨਾਲ ਤਿਆਰ ਹੋ ਜਾਂਦੀ ਹੈ ਸਗੋਂ ਕਿਸਾਨ ਨੂੰ ਬਸੰਤ ਰੁੱਤ ਦੀ ਮੱਕੀ ਨਾਲੋਂ ਵਧੇਰੇ ਆਮਦਨ ਵੀ ਦੇ ਸਕਦੀ ਹੈ। ਕਦੇ ਪੰਜਾਬ ਦੀਆਂ ਰੇਤਲੀਆਂ ਅਤੇ ਦਰਮਿਆਨੀ ਜ਼ਮੀਨਾਂ ਵਿਚ ਮੂੰਗਫਲੀ ਦੀ ਕਾਸ਼ਤ ਵੱਡੇ ਪੱਧਰ 'ਤੇ ਹੁੰਦੀ ਸੀ। ਹਰੀ ਕ੍ਰਾਂਤੀ ਤੋਂ ਪਹਿਲਾਂ ਸਾਲ 1967-68 ਦੌਰਾਨ ਪੰਜਾਬ ਵਿਚ ਲਗਪਗ 2.22 ਲੱਖ ਹੈਕਟੇਅਰ ਰਕਬੇ ਹੇਠ ਮੂੰਗਫਲੀ ਦੀ ਕਾਸ਼ਤ ਕੀਤੀ ਜਾਂਦੀ ਸੀ ਪਰ ਹਰੀ ਕ੍ਰਾਂਤੀ ਤੋਂ ਬਾਅਦ ਅਨਾਜ ਉਤਪਾਦਨ ਵੱਲ ਜ਼ੋਰ ਵਧਣ ਕਾਰਨ ਇਹ ਰਕਬਾ ਲਗਾਤਾਰ ਘਟਦਾ ਗਿਆ। ਕਪੂਰਥਲਾ ਜ਼ਿਲ੍ਹੇ ਵਿਚ ਵੀ ਇਕ ਸਮਾਂ ਅਜਿਹਾ ਸੀ, ਜਦੋਂ 12 ਹਜ਼ਾਰ ਹੈਕਟੇਅਰ ਤੋਂ ਵੱਧ ਰਕਬੇ ਵਿਚ ਮੂੰਗਫ਼ਲੀ ਦੀ ਬਿਜਾਈ ਹੁੰਦੀ ਸੀ ਪਰ ਮੋਟਰਾਂ ਦੇ ਕੁਨੈਕਸ਼ਨ, ਮਸ਼ੀਨਰੀ ਦੀ ਉਪਲੱਬਧਤਾ ਅਤੇ ਅਨਾਜੀ ਫ਼ਸਲਾਂ ਵੱਲ ਵਧਦੇ ਰੁਝਾਨ ਨੇ ਇਸ ਫ਼ਸਲ ਨੂੰ ਹੌਲੀ-ਹੌਲੀ ਪਿੱਛੇ ਧੱਕ ਦਿੱਤਾ।

ਹੁਣ ਹਾਲਾਤ ਬਦਲ ਰਹੇ ਹਨ। ਪੰਜਾਬ ਵਿਚ ਬਹਾਰ ਰੁੱਤ ਦੀ ਮੱਕੀ ਦਾ ਰਕਬਾ 2.5 ਤੋਂ 3 ਲੱਖ ਹੈਕਟੇਅਰ ਤੱਕ ਪਹੁੰਚਣਾ ਖੇਤੀ ਮਾਹਿਰਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਘੱਟ ਸਮੇਂ ਵਿਚ ਤਿਆਰ ਹੋਣ ਵਾਲੀਆਂ ਝੋਨੇ ਦੀਆਂ ਕਿਸਮਾਂ ਕਾਰਨ ਕਿਸਾਨ ਬਚੇ ਸਮੇਂ ਵਿਚ ਬਹਾਰ ਰੁੱਤ ਦੀ ਮੱਕੀ ਵੱਲ ਵਧੇ ਹਨ, ਜਿਸ ਨਾਲ ਪਾਣੀ ਦੀ ਖਪਤ ਹੋਰ ਵਧੀ ਹੈ। ਕਪੂਰਥਲਾ ਜ਼ਿਲ੍ਹੇ ਵਿਚ ਹੀ ਸਾਲ 2025 ਦੌਰਾਨ 16,200 ਹੈਕਟੇਅਰ ਰਕਬੇ ਵਿੱਚ ਬਸੰਤ ਰੁੱਤ ਦੀ ਮੱਕੀ ਦੀ ਕਾਸ਼ਤ ਕੀਤੀ ਗਈ। ਅਜਿਹੇ ਵਿੱਚ ਖੇਤੀ ਵਿਗਿਆਨੀ ਮੱਕੀ ਹੇਠੋਂ ਕੁਝ ਰਕਬਾ ਘਟਾ ਕੇ ਬਹਾਰ ਰੁੱਤ ਦੀ ਮੂੰਗਫਲੀ ਵੱਲ ਵਧਣ ਦੀ ਸਿਫਾਰਸ਼ ਕਰ ਰਹੇ ਹਨ। ਪੋਸ਼ਣ ਪੱਖੋਂ ਵੀ ਮੂੰਗਫਲੀ ਨੂੰ ਗ਼ਰੀਬਾਂ ਦਾ ਬਦਾਮ ਕਿਹਾ ਜਾਂਦਾ ਹੈ। ਪ੍ਰੋਟੀਨ, ਸਿਹਤਮੰਦ ਤੇਲ, ਫਾਈਬਰ ਅਤੇ ਖਣਿਜ ਤੱਤਾਂ ਨਾਲ ਭਰਪੂਰ ਮੂੰਗਫਲੀ ਭੋਜਨ ਸੁਰੱਖਿਆ ਲਈ ਮਹੱਤਵਪੂਰਨ ਮੰਨੀ ਜਾਂਦੀ ਹੈ। ਭੁੰਨੀ ਮੂੰਗਫਲੀ ਤੋਂ ਲੈ ਕੇ ਪੀਨਟ ਬਟਰ, ਤੇਲ, ਮਠਿਆਈਆਂ ਅਤੇ ਸਨੈਕ ਉਦਯੋਗ ਤੱਕ ਇਸ ਦੀ ਮੰਗ ਲਗਾਤਾਰ ਵੱਧ ਰਹੀ ਹੈ। ਬਦਲਦੇ ਖਾਣ-ਪੀਣ ਦੇ ਰੁਝਾਨ ਅਤੇ ਫਿਟਨੈਸ ਸੱਭਿਆਚਾਰ ਨੇ ਵੀ ਮੂੰਗਫਲੀ ਦੇ ਉਤਪਾਦਾਂ ਨੂੰ ਨਵਾਂ ਬਾਜ਼ਾਰ ਦਿੱਤਾ ਹੈ।

ਖੇਤਾਂ 'ਚ ਕਰ ਸਕਦੀ ਵਾਪਸੀ

ਖੇਤੀ ਮਾਹਿਰ ਮੰਨਦੇ ਹਨ ਕਿ ਜੇ ਪੰਜਾਬ ਵਿਚ ਮੂੰਗਫਲੀ ਲਈ ਨਿਸ਼ਚਿਤ ਮੰਡੀ ਪ੍ਰਣਾਲੀ, ਪ੍ਰੋਸੈਸਿੰਗ ਯੂਨਿਟ ਅਤੇ ਘੱਟੋ-ਘੱਟ ਸਮਰਥਨ ਮੁੱਲ ਵਰਗਾ ਭਰੋਸਾ ਮਿਲੇ ਤਾਂ ਇਹ ਫਸਲ ਮੁੜ ਵੱਡੇ ਪੱਧਰ 'ਤੇ ਖੇਤਾਂ ਵਿਚ ਵਾਪਸੀ ਕਰ ਸਕਦੀ ਹੈ। ਕਈ ਕਿਸਾਨ ਹੁਣ ਬਸੰਤ ਰੁੱਤ ਦੀ ਮੂੰਗਫਲੀ ਨੂੰ ਮੱਕੀ ਤੇ ਝੋਨੇ ਦੇ ਬਦਲ ਵਜੋਂ ਅਜ਼ਮਾਉਣ ਲੱਗੇ ਹਨ। ਖ਼ਾਸ ਕਰਕੇ ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਦੇ ਕੁਝ ਇਲਾਕਿਆਂ ਵਿਚ ਨਵੀਆਂ ਕਿਸਮਾਂ ਅਤੇ ਆਧੁਨਿਕ ਤਕਨੀਕ ਨਾਲ ਇਸ ਦੀ ਖੇਤੀ ਮੁੜ ਪੈਰ ਪਸਾਰ ਰਹੀ ਹੈ। ਭਵਿੱਖ ਦੀ ਖੇਤੀ ਸਿਰਫ਼ ਵੱਧ ਪੈਦਾਵਾਰ ਦੀ ਨਹੀਂ ਸਗੋਂ ਘੱਟ ਲਾਗਤ, ਘੱਟ ਪਾਣੀ ਤੇ ਵੱਧ ਮੁਨਾਫ਼ੇ ਦੀ ਹੋਵੇਗੀ। ਇਸ ਦੌੜ ਵਿਚ ਮੂੰਗਫਲੀ ਵਰਗੀ ਫਸਲ ਪੰਜਾਬ ਲਈ ਨਵਾਂ ਰਸਤਾ ਖੋਲ੍ਹ ਸਕਦੀ ਹੈ। ਇਕ ਸਮਾਂ ਸੀ, ਜਦੋਂ ਮੂੰਗਫਲੀ ਪੰਜਾਬ ਦੀ ਪਛਾਣ ਸੀ ਤੇ ਹੁਣ ਫਿਰ ਸ਼ਾਇਦ ਸਮਾਂ ਉਸੇ ਮੋੜ ਵੱਲ ਵਾਪਸ ਆ ਰਿਹਾ ਹੈ, ਜਿੱਥੇ ਰੇਤਲੀ ਧਰਤੀ ਵਿਚ ਦੱਬਿਆ ਇਹ ਛੋਟਾ ਦਾਣਾ ਕਿਸਾਨ ਦੀ ਆਰਥਿਕਤਾ ਲਈ ਸੋਨਾ ਸਾਬਿਤ ਹੋ ਸਕਦਾ ਹੈ।

ਡਾਕਟਰਾਂ ਦਾ ਡਾਕਟਰ ਸੇਬ

ਆਕਾਸ਼ ਅਗਰਵਾਲ



ਇਮਤਿਹਾਨਾਂ ਦਾ ਤਣਾਅ ਹੋਵੇ ਜਾਂ ਮਾਸਿਕ ਧਰਮ ਦੀ ਪਰੇਸ਼ਾਨੀ, ਪੇਟ ਦੀ ਗੜਬੜੀ ਹੋਵੇ ਜਾਂ ਦਿਮਾਗੀ ਮੁਸ਼ਕਿਲ, ਕਿਵੇਂ ਦਾ ਵੀ ਰੋਗ ਹੋਵੇ, ਸੇਬ ਤੁਰੰਤ ਰਾਹਤ ਦਾ ਬੇਜੋੜ ਉਪਾਅ ਹੈ। ਅਸਲ ਵਿਚ ਸੇਬ ਕੁਦਰਤ ਦਾ ਇਕ ਅਨੋਖਾ ਫਲ ਹੈ, ਜਿਸ ਦਾ ਨਿਯਮਤ ਰੂਪ ਨਾਲ ਸੇਵਨ ਕਰਨ ਨਾਲ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਸੇਬ ਵਿਚ ਲੋਹਾ ਅਤੇ ਫਾਸਫੋਰਸ ਹੋਰ ਫਲਾਂ ਦੇ ਮੁਕਾਬਲੇ ਜ਼ਿਆਦਾ ਪਾਇਆ ਜਾਂਦਾ ਹੈ, ਇਸ ਲਈ ਇਹ ਅਤਿਅੰਤ ਪੌਸ਼ਕ ਅਤੇ ਸ਼ਕਤੀਵਰਧਕ ਵੀ ਹੈ। ਆਇਰਨ ਜਿਥੇ ਖੂਨ ਦੇ ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ, ਉਥੇ ਫਾਸਫੋਰਸ ਪੇਟ ਦੀ ਭਰਪੂਰ ਸਫ਼ਾਈ ਕਰਕੇ ਕਬਜ਼ ਵਰਗੇ ਹੋਰ ਰੋਗਾਂ ਤੋਂ ਨਿਜਾਤ ਦਿਵਾਉਂਦਾ ਹੈ। ਖੋਜਾਂ ਤੋਂ ਸੇਬ ਦੇ ਅਨੇਕਾਂ ਫਾਇਦੇ ਸਾਹਮਣੇ ਆਏ ਹਨ, ਜੋ ਇਸ ਤਰ੍ਹਾਂ ਹਨ:

ਹੈਲਸਿੰਕੀ ਨੈਸ਼ਨਲ ਪਬਲਿਕ ਹੈਲਥ ਇੰਸਟੀਚਿਊਟ ਦੇ ਪਾਲ ਨੈਕਟ ਅਨੁਸਾਰ ਸੇਬ ਵਿਚ ਫੈਨੋਲਿਕ ਐਸਿਡ ਪਾਇਆ ਜਾਂਦਾ ਹੈ, ਜੋ ਮਰਦ ਅਤੇ ਔਰਤਾਂ ਨਿਯਮਤ ਸੇਬ ਖਾਂਦੇ ਹਨ, ਉਨ੍ਹਾਂ ਨੂੰ ਰੋਜ਼ ਇਕ ਸੇਬ ਨਾ ਖਾਣ ਵਾਲਿਆਂ ਦੇ ਮੁਕਾਬਲੇ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਘੱਟ ਰਹਿੰਦੀ ਹੈ।

ਮੈਡੀਕਲ ਜਾਂਚਾਂ ਤੋਂ ਸਾਬਤ ਹੋਇਆ ਹੈ ਕਿ ਹਰ ਰੋਜ਼ ਇਕ ਕੱਪ ਸੇਬ ਦੇ ਰਸ ਦਾ ਸੇਵਨ ਨਾ ਕੇਵਲ ਨੀਂਦ ਦੀ ਬਿਮਾਰੀ ਨੂੰ ਦੂਰ ਕਰਦਾ ਹੈ, ਬਲਕਿ ਦਿਨ ਦੀ ਸ਼ੁਰੂਆਤ ਨੂੰ ਸਿਹਤਮੰਦ ਅਤੇ ਪ੍ਰਭਾਵਸ਼ਾਲੀ ਵੀ ਬਣਾਉਂਦਾ ਹੈ।

ਸੇਬ ਵਿਚ ਘੱਟ ਮਾਤਰਾ ਵਿਚ 'ਪੈਕਿਟਨ' ਨਾਮੀ ਇਕ ਘੁਲਣਸ਼ੀਲ ਰੇਸ਼ੇਦਾਰ ਤੱਤ ਵੀ ਪਾਇਆ ਜਾਂਦਾ ਹੈ। ਇਹ ਖੂਨ ਵਿਚ ਕੋਲੇਸਟ੍ਰੋਲ ਦੀ ਮਾਤਰਾ ਨੂੰ ਕਾਬੂ ਰੱਖਦਾ ਹੈ।

ਸੇਬ ਦਾ ਰਸ ਦਿਲ ਨੂੰ ਸ਼ਕਤੀ ਪ੍ਰਦਾਂ ਕਰਦਾ ਹੈ। ਅੱਖਾਂ ਦੀ ਰੌਸ਼ਨੀ ਵਧਾਉਂਦਾ ਹੈ। ਇਹ ਸਰੀਰ ਦੇ ਗ਼ੈਰ ਜ਼ਰੂਰੀ ਤੱਤਾਂ ਨੂੰ ਬਾਹਰ ਕੱਢਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਜੇਕਰ ਤੁਹਾਨੂੰ ਮਾਈਗ੍ਰੇਨ (ਅੱਧਾ ਸਿਰ ਦਰਦ) ਹੈ ਤਾਂ 21 ਦਿਨ ਤੱਕ ਸੇਬ ਨੂੰ ਸਵਾਦ ਅਨੁਸਾਰ ਨਮਕ ਦੇ ਨਾਲ ਖਾਣ ਨਾਲ ਲਾਭ ਹੁੰਦਾ ਹੈ।

ਸੇਬ ਦਾ ਸੇਵਨ ਹਮੇਸ਼ਾਂ ਭੋਜਨ ਤੋਂ ਪਹਿਲਾਂ ਹੀ ਕਰਨਾ ਚਾਹੀਦਾ। ਇਸ ਨਾਲ ਕਬਜ਼ ਦਾ ਖਾਤਮਾ ਹੁੰਦਾ ਹੈ। ਦਿਮਾਗ ਨੂੰ ਤਰਾਵਟ ਮਿਲਦੀ ਹੈ। ਭੋਜਨ ਦੇ ਬਾਅਦ ਸੇਬ ਦਾ ਸੇਵਨ ਕਬਜ਼ਕਾਰਕ ਦੱਸਿਆ ਗਿਆ ਹੈ।

ਸੇਬ ਵਿਚ ਮੌਜੂਦ ਏਨੇ ਸਾਰੇ ਰੋਗ-ਨਿਵਾਰਕ ਗੁਣਾਂ ਦੇ ਕਾਰਨ ਹੀ ਇਸ ਨੂੰ ਡਾਕਟਰਾਂ ਦਾ ਡਾਕਟਰ ਕਹਿਣਾ ਗ਼ਲਤ ਨਹੀਂ ਹੋਵੇਗਾ। ਅਸਲ ਵਿਚ ਇਸ ਦੇ ਨਿਯਮਤ ਸੇਵਨ ਨਾਲ ਤੁਸੀਂ ਲੰਬੇ ਸਮੇਂ ਤੱਕ ਖੁਦ ਨੂੰ ਸਿਹਤਮੰਦ ਰੱਖ ਸਕਦੇ ਹੋ।

-0-

➡ ਮੰਗ ਵਧਣ ਦੀ ਸੰਭਾਵਨਾ

ਕ੍ਰਿਸ਼ੀ ਵਿਗਿਆਨ ਕੇਂਦਰ ਕਪੂਰਥਲਾ ਦੇ ਡਾਇਰੈਕਟਰ ਡਾ. ਹਰਿੰਦਰ ਸਿੰਘ ਦਾ ਕਹਿਣਾ ਹੈ ਕਿ ਮੂੰਗਫਲੀ ਨੂੰ ਤੇਲ ਬੀਜਾਂ ਦਾ ਰਾਜਾ ਕਿਹਾ ਜਾਂਦਾ ਹੈ। ਇਸ ਦੇ ਬੀਜ ਵਿੱਚ ਲਗਪਗ 45 ਫ਼ੀਸਦੀ ਤੇਲ ਅਤੇ 26 ਫੀਸਦੀ ਪ੍ਰੋਟੀਨ ਹੁੰਦਾ ਹੈ। ਇਹ ਨਾ ਸਿਰਫ਼ ਪੌਸ਼ਟਿਕ ਹੈ ਸਗੋਂ ਪਸ਼ੂਆਂ ਦੀ ਖ਼ੁਰਾਕ ਲਈ ਵੀ ਇਸ ਦਾ ਉੱਪਰੀ ਹਿੱਸਾ ਬਹੁਤ ਲਾਭਕਾਰੀ ਮੰਨਿਆ ਜਾਂਦਾ ਹੈ। ਭਾਰਤ ਵੱਲੋਂ ਸਾਲ 2023-24 ਵਿੱਚ 6.80 ਲੱਖ ਮੀਟ੍ਰਿਕ ਟਨ ਤੋਂ ਵੱਧ ਮੂੰਗਫ਼ਲੀ ਦਾ ਨਿਰਯਾਤ ਕੀਤਾ ਗਿਆ, ਜਿਸ ਦੀ ਕੀਮਤ 7135 ਕਰੋੜ ਰੁਪਏ ਰਹੀ। ਇਹ ਅੰਕੜੇ ਦਰਸਾਉਂਦੇ ਹਨ ਕਿ ਆਉਣ ਵਾਲੇ ਸਮੇਂ ਵਿਚ ਇਸ ਫ਼ਸਲ ਦੀ ਮੰਗ ਅਤੇ ਸੰਭਾਵਨਾ ਦੋਵੇਂ ਵਧਣ ਵਾਲੀਆਂ ਹਨ।

ਕੇ.ਵੀ.ਕੇ ਕਪੂਰਥਲਾ ਦੇ ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਡਾ. ਮਨਦੀਪ ਸਿੰਘ ਦੱਸਦੇ ਹਨ ਕਿ ਵਿਰਾਸਤੀ ਜ਼ਿਲ੍ਹੇ 'ਚ ਪਿਛਲੇ ਸਮੇ ਦੌਰਾਨ ਮੂੰਗਫਲੀ ਦੀ ਫ਼ਸਲ ਬਿਲਕੁਲ ਅਲੋਪ ਹੋ ਚੁੱਕੀ ਸੀ ਲੇਕਿਨ ਪਿਛਲੇ ਸਾਲ 2025 'ਚ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਜ਼ਿਲ੍ਹੇ 'ਚ ਡੈਮੋ ਸ਼ੁਰੂ ਕੀਤੀ ਗਈ ਸੀ ਤੇ ਨੌਂ ਕਨਾਲ 'ਚ ਮੂੰਗਫਲੀ ਦੀ ਕਾਸ਼ਤ ਸ਼ੁਰੂ ਕਰਵਾਈ ਗਈ ਸੀ ਪਰ ਇਸ ਸਾਲ ਇਹ ਰਕਬਾ ਵੱਧ ਕੇ 70 ਏਕੜ ਤੱਕ ਪਹੁੰਚ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਕੇਵੀਕੇ ਵੱਲੋਂ ਕਿਸਾਨਾਂ ਨੂੰ ਬੀਜ ਤੇ ਬਿਜਾਈ ਲਈ ਮਸ਼ੀਨ ਮੁਹੱਈਆ ਕਰਵਾਈ ਗਈ ਸੀ। ਉਨ੍ਹਾਂ ਦੇ ਕੇਂਦਰ ਵੱਲੋਂ ਬਹਾਰ ਰੁੱਤ ਦੀ ਮੂੰਗਫਲੀ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਪਿੰਡਾਂ ਵਿਚ ਜੇ-87 ਕਿਸਮ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਪਿੰਡ ਕਮਾਲਪੁਰ ਵਿਚ ਖੇਤ ਦਿਵਸ ਪ੍ਰਦਰਸ਼ਨੀਆਂ ਦੌਰਾਨ ਕਿਸਾਨਾਂ ਨੂੰ ਇਹ ਮਹਿਸੂਸ ਹੋਇਆ ਕਿ ਘੱਟ ਪਾਣੀ ਅਤੇ ਘੱਟ ਖ਼ਰਚ ਨਾਲ ਵੀ ਮੂੰਗਫਲੀ ਤੋਂ ਵਧੀਆ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਪਿੰਡ ਕਮਾਲਪੁਰ ਦੇ ਕਿਸਾਨ ਮਾਸਟਰ ਜਰਨੈਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ 14 ਫਰਵਰੀ 2025 ਨੂੰ ਜੇ-87 ਕਿਸਮ ਦੀ ਬਿਜਾਈ ਕੀਤੀ ਅਤੇ ਪ੍ਰਤੀ ਏਕੜ 15 ਕੁਇੰਟਲ ਤੱਕ ਝਾੜ ਪ੍ਰਾਪਤ ਕੀਤਾ। ਉਨ੍ਹਾਂ ਅਨੁਸਾਰ ਮੂੰਗਫਲੀ ਵਾਤਾਵਰਣ ਮਿੱਤਰ ਫ਼ਸਲ ਹੈ, ਜੋ ਪਾਣੀ ਦੀ ਬੱਚਤ ਦੇ ਨਾਲ ਮਿੱਟੀ ਦੀ ਸਿਹਤ ਨੂੰ ਵੀ ਸੁਧਾਰਦੀ ਹੈ।

ਇਸੇ ਤਰ੍ਹਾਂ ਪਿੰਡ ਸਿਆਲ ਦੇ ਸਰਪੰਚ ਸਰਦੂਲ ਸਿੰਘ ਨੇ ਵੀ ਮੱਕੀ ਦਾ ਰਕਬਾ ਘਟਾ ਕੇ ਮੂੰਗਫਲੀ ਵਧਾਉਣ ਦੀ ਗੱਲ ਕਹੀ। ਉਨ੍ਹਾਂ ਦੱਸਿਆ ਕਿ ਇਸ ਫ਼ਸਲ ਵਿਚ ਕੀੜੇ-ਮਕੌੜਿਆਂ ਤੇ ਬਿਮਾਰੀਆਂ ਦਾ ਹਮਲਾ ਵੀ ਬਹੁਤ ਘੱਟ ਰਿਹਾ। ਜੇ ਆਰਥਿਕ ਪੱਖੋਂ ਤੁਲਨਾ ਕੀਤੀ ਜਾਵੇ ਤਾਂ ਬਹਾਰ ਰੁੱਤ ਦੀ ਮੱਕੀ ਨਾਲੋਂ ਮੂੰਗਫਲੀ ਕਈ ਪੱਖੋਂ ਵਧੇਰੇ ਲਾਭਕਾਰੀ ਸਾਬਿਤ ਹੋ ਰਹੀ ਹੈ। ਜਿੱਥੇ ਮੱਕੀ ਨੂੰ 15 ਤੋਂ 20 ਸਿੰਚਾਈਆਂ ਦੀ ਲੋੜ ਪੈਂਦੀ ਹੈ, ਉੱਥੇ ਮੂੰਗਫਲੀ ਸਿਰਫ਼ 4 ਤੋਂ 6 ਪਾਣੀਆਂ ਨਾਲ ਤਿਆਰ ਹੋ ਜਾਂਦੀ ਹੈ। ਮੱਕੀ ਦਾ ਖ਼ਰਚਾ 18 ਤੋਂ 22 ਹਜ਼ਾਰ ਰੁਪਏ ਪ੍ਰਤੀ ਏਕੜ ਤੱਕ ਪਹੁੰਚ ਜਾਂਦਾ ਹੈ, ਜਦੋਂਕਿ ਮੂੰਗਫਲੀ 'ਤੇ ਲਗਪਗ 13 ਤੋਂ 15 ਹਜ਼ਾਰ ਰੁਪਏ ਦਾ ਹੀ ਖ਼ਰਚ ਆਉਂਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੂੰਗਫਲੀ ਤੋਂ ਪ੍ਰਤੀ ਏਕੜ 77 ਹਜ਼ਾਰ ਤੋਂ 89 ਹਜ਼ਾਰ ਰੁਪਏ ਤੱਕ ਦੀ ਬੱਚਤ ਸੰਭਵ ਹੈ, ਜੋ ਮੱਕੀ ਨਾਲੋਂ ਕਾਫ਼ੀ ਵਧੇਰੇ ਹੈ।

ਫ਼ਸਲੀ ਵਿਭਿੰਨਤਾ ਨੂੰ ਅਪਣਾਉਣਾ ਲਾਜ਼ਮੀ

ਖੇਤੀ ਮਾਹਿਰ ਤੇ ਕੇਵੀਕੇ ਦੇ ਡਾਇਰੈਕਟਰ ਡਾ. ਹਰਿੰਦਰ ਸਿੰਘ ਦਾ ਮੰਨਣਾ ਹੈ ਕਿ ਜੇ ਪੰਜਾਬ ਨੂੰ ਪਾਣੀ ਦੇ ਸੰਕਟ ਤੋਂ ਬਚਾਉਣਾ ਹੈ ਅਤੇ ਕਿਸਾਨ ਦੀ ਆਮਦਨ ਵਧਾਉਣੀ ਹੈ ਤਾਂ ਫ਼ਸਲੀ ਵਿਭਿੰਨਤਾ ਨੂੰ ਅਪਣਾਉਣਾ ਲਾਜ਼ਮੀ ਹੈ। ਬਹਾਰ ਰੁੱਤ ਦੀ ਮੂੰਗਫਲੀ ਨਾ ਸਿਰਫ਼ ਹਲਕੀਆਂ ਤੇ ਦਰਮਿਆਨੀ ਜ਼ਮੀਨਾਂ ਲਈ ਬਿਹਤਰ ਚੋਣ ਹੈ ਸਗੋਂ ਇਹ ਪੰਜਾਬ ਦੀ ਖੇਤੀ ਨੂੰ ਟਿਕਾਊ ਅਤੇ ਵਾਤਾਵਰਣ ਅਨੁਕੂਲ ਬਣਾਉਣ ਵੱਲ ਵੀ ਅਹਿਮ ਕਦਮ ਸਾਬਿਤ ਹੋ ਸਕਦੀ ਹੈ। -0-

ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 600/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



ਲਾੜੀ ਦੀ ਲੋੜ

ਫਾਰਮ ਨੰ. 303

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

ਫਾਰਮ ਨੰ. 373: ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

ਫਾਰਮ ਨੰ. 375: Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

ਫਾਰਮ ਨੰ. 376: ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

ਫਾਰਮ ਨੰ. 377: ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

ਫਾਰਮ ਨੰ. 378: Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

ਫਾਰਮ ਨੰ. 379: ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

ਫਾਰਮ ਨੰ. 380: ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

ਫਾਰਮ ਨੰ. 381: ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

ਫਾਰਮ ਨੰ. 383: ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

ਫਾਰਮ ਨੰ. 384: ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

ਫਾਰਮ ਨੰ. 385: ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

ਫਾਰਮ ਨੰ. 386: ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

ਫਾਰਮ ਨੰ. 387: ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

ਫਾਰਮ ਨੰ. 388: ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

ਫਾਰਮ ਨੰ. 389: ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

ਫਾਰਮ ਨੰ. 390: ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

ਫਾਰਮ ਨੰ. 391: ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

ਫਾਰਮ ਨੰ. 391: ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

ਫਾਰਮ ਨੰ. 392: ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

ਫਾਰਮ ਨੰ. 395: ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

ਫਾਰਮ ਨੰ. 396: ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

ਫਾਰਮ ਨੰ. 398: ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

ਫਾਰਮ ਨੰ. 399: ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017 -0-

ਲਾੜੇ ਦੀ ਲੋੜ

ਫਾਰਮ ਨੰ. 364: ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

ਫਾਰਮ ਨੰ. 394: ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

ਫਾਰਮ ਨੰ. 397: ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

ਜੁਲਾਈ ਮਹੀਨੇ ਦੀਆਂ ਸਰਗਰਮੀਆਂ

ਮਾਝਾ:-

1. ਤਰਨਤਾਰਨ (94654-93275)- ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਰ ਐਤਵਾਰ ਨੂੰ ਪਿੰਡ ਰੂੜੇ ਆਸਲ, ਪਲਾਸੌਰ ਅਤੇ ਪਲਾਸੌਰ ਕਲੋਨੀਆਂ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਪਿੰਡ ਪਲਾਸੌਰ ਅਤੇ ਰੂੜੇਆਸਲ ਵਿਖੇ ਪੰਜ ਰੋਜਾ ਗੁਰਮਤਿ ਕੈਂਪ ਲਗਾਇਆ ਗਿਆ।

2. ਮਾਲੂਵਾਲ (98885-20250)- ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇੱਕ ਸਕੂਲ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

3. ਪਰਿੰਗੜੀ (95923-67125, 98718-09216)- ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

4. ਭੈਲ ਢਾਏ ਵਾਲਾ (ਤਰਨਤਾਰਨ) (73476-95174)- ਕੇਂਦਰ ਦੇ ਪ੍ਰਚਾਰਕ ਭਾਈ ਹਰਦੀਪ ਸਿੰਘ ਵਲੋਂ ਹਰ ਰੋਜ਼ ਸਵੇਰੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। 1 ਸਾਵਣ ਨੂੰ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਹਰ ਰੋਜ਼ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

ਮਾਲਵਾ:-

5. ਗਰੇਸ ਪਬਲਿਕ ਸਕੂਲ (98149-25551)- ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਜਪੁ ਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ ਅਤੇ ਬਸੰਤ ਕੀ ਵਾਰ ਕੰਠ ਕਰਵਾਈ ਜਾਂਦੀ ਹੈ। ਗੁਰਮਤਿ ਦੀ ਵਿਦਿਆ ਦੇ ਨਾਲ ਨਾਲ ਸਕੂਲ ਵਿੱਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਸ਼ਹੀਦ ਭਾਈ ਮਨੀ ਸਿੰਘ ਜੀ, ਸ਼ਹੀਦ ਭਾਈ ਤਾਰੂ ਸਿੰਘ ਜੀ, ਮੀਰੀ-ਪੀਰੀ ਦਿਵਸ ਛੇਵੇਂ ਪਾਤਸ਼ਾਹ ਆਦਿ ਧਾਰਮਿਕ ਦਿਹਾੜੇ ਸੰਬੰਧੀ ਬੱਚਿਆਂ ਨਾਲ ਲੈਕਚਰ ਕੀਤੇ ਗਏ। ਸਕੂਲ ਵਿੱਚ ਬੱਚਿਆਂ ਨੂੰ ਸਹਿਜ ਪਾਠ ਨਾਲ ਵੀ ਜੋੜਿਆ ਜਾਂਦਾ ਹੈ। 16 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ। 127 ਬੱਚੇ ਸਹਿਜ ਪਾਠ ਕਰ ਰਹੇ ਹਨ।

6. ਗਲੋਟੀ (84279-18013)- ਕੇਂਦਰ ਦੇ ਪ੍ਰਚਾਰਕ ਭਾਈ ਰਣਵੀਰ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਸਵੇਰੇ ਤੇ ਸ਼ਾਮ ਨੂੰ ਗੁਰਬਾਣੀ ਵਿਚਾਰ ਕੀਤੀ ਜਾਂਦੀ ਹੈ। ਅੰਤਿਮ ਅਰਦਾਸ ਮੌਕੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ।

7. ਪਟਿਆਲਾ (88378-04927)- ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਹਰ ਰੋਜ਼ ਕੇਂਦਰ ਦੇ ਵਿਦਿਆਰਥੀਆਂ ਵਲੋਂ ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਨਿਭਾਈ ਜਾਂਦੀ ਹੈ। ਦਸਤਾਰ ਸਜਾਉਣ ਦੀ ਸਿਖਲਾਈ ਅਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਸਮੇਂ ਨਵੇਂ ਬੱਚੇ ਅਤੇ ਬੀਬੀਆਂ ਦੀ ਨਿਤਨੇਮ ਸੰਥਿਆ ਕਲਾਸ ਸ਼ੁਰੂ ਕੀਤੀ ਗਈ।

8. ਪਟਿਆਲਾ (87289-34413)- ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਵਿਖੇ ਸ਼ਾਮ ਦੇ ਦੀਵਾਨਾਂ ਦੀ ਹਾਜਰੀ (ਸੇਵਾ) ਕਲਾਸ ਦੇ ਵਿਦਿਆਰਥੀਆਂ ਵਲੋਂ ਨਿਭਾਈ ਜਾਂਦੀ ਹੈ। ਰੋਜ਼ਾਨਾ ਕਲਾਸ ਦੇ ਵਿੱਚ ਦਸਤਾਰ ਸਿਖਲਾਈ, ਬਾਣੀ ਸੰਥਿਆ, ਨੈਤਿਕ ਕਲਾਸਾਂ ਲਗਾਈਆਂ ਜਾਂਦੀਆਂ ਹਨ। 25 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 5 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ।

9. ਲਤਾਲਾ (98556-27927)- ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਵੱਖ-ਵੱਖ ਸਕੂਲਾਂ ਵਿੱਚ ਇਤਿਹਾਸਕ ਲੈਕਚਰ ਦੁਆਰਾ ਸਾਂਝ ਪਾਈ ਗਈ। ਪਿੰਡ ਸਿਧਵਾਂ ਕਲਾਂ ਵਿਖੇ ਸਾਲਾਨਾ ਜੋੜ ਮੇਲੇ ਦੌਰਾਨ ਗੁਰਮਤਿ ਕਲਾਸ ਸਿੱਧਵਾਂ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ, ਧਾਰਮਿਕ ਲਿਟਰੇਚਰ ਵੰਡਿਆ ਗਿਆ, ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਪਿੰਡ ਮਾਜਰੀ ਵਿਖੇ ਹਫਤਾਵਾਰੀ ਕਲਾਸ ਦੌਰਾਨ ਮਾਪਿਆਂ ਨਾਲ ਮੀਟਿੰਗ ਕੀਤੀ ਗਈ, ਧਾਰਮਿਕ ਲਿਟਰੇਚਰ ਵੰਡਿਆ ਗਿਆ। 15 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

ਦੁਆਬਾ:-

10. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)- ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ 3 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਹਫਤਾਵਾਰੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਗਈ। ਸ਼ਨੀਵਾਰ ਅਤੇ ਐਤਵਾਰ ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

11. ਚੱਕ ਕਲਾਂ (75088-51496)- ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 3 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸਕੂਲ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਪਿੰਡ ਦੇ ਦੋ ਗੁਰਦੁਆਰਿਆਂ ਵਿੱਚ ਗੁਰਮਤਿ ਕਲਾਸ ਦੇ ਨਾਲ-ਨਾਲ ਕੀਰਤਨ ਦੀ ਕਲਾਸ ਤੇ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। ਕੇਂਦਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜਰੀ ਭਰਦੇ ਹਨ। ਹਰ ਰੋਜ ਵੱਡੀ ਸੰਗਤ ਦੀ ਗੁਰਮਤਿ ਕਲਾਸ ਵੀ ਲਗਾਈ ਜਾਂਦੀ ਹੈ, ਜਿਸ ਵਿੱਚ ਆਸਾ ਦੀ ਵਾਰ ਦੀ ਸੰਥਿਆ ਦੇ ਨਾਲ-ਨਾਲ ਵੀਚਾਰ ਵੀ ਕੀਤੀ ਜਾਂਦੀ ਹੈ। ਇਸ ਮਹੀਨੇ 2 ਪਿੰਡਾਂ ਵਿੱਚ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਬਣੀ ਫਿਲਮ ਵੀ ਵਿਖਾਈ ਗਈ।

12. ਦੇਵੀਦਾਸ (89687-22872)- ਕੇਂਦਰ ਦੇ ਪ੍ਰਚਾਰਕ ਭਾਈ ਜਸਕਰਨ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ

ਸਵੇਰ ਵੇਲੇ ਨਿਤਨੇਮ ਅਤੇ ਸ਼ਾਮ ਨੂੰ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਫਤੇ ਵਿੱਚ 3 ਦਿਨ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾ ਕੇ ਗੁਰਬਾਣੀ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

13. ਡਰੋਲੀ ਖੁਰਦ (98774-95935)- ਕੇਂਦਰ ਦੇ ਪ੍ਰਚਾਰਕ ਭਾਈ ਪ੍ਰਭਪ੍ਰੀਤ ਸਿੰਘ ਵਲੋਂ ਪਿੰਡ ਡਰੋਲੀ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀਆਂ ਗੁਰਬਾਣੀ ਸ਼ੁਧ ਉਚਾਰਣ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

14. ਇੰਦਣਾ ਕਲਾਸਕੇ (79731-15345)- ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ-ਵਿਚਾਰ ਕੀਤੀ ਜਾਂਦੀ ਹੈ। ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

15. ਕਾਲੇਵਾਲ ਲੱਲੀਆਂ (95177-54531)- ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ ਰੋਜ਼ਾਨਾ ਸਵੇਰੇ ਨਿਤਨੇਮ ਉਪਰੰਤ ਲੜੀਵਾਰ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

16. ਚੱਕ ਸਿੰਘਾ (98553-99892)- ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਅਤੇ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

ਪੰਜਾਬ ਤੋਂ ਬਾਹਰ ਦੇ ਕੇਂਦਰ-

17. ਸਿੰਬਲ ਕੈਂਪ (ਜੰਮੂ) (90865-31984)- ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

18. ਜਮਸ਼ੇਦਪੁਰ (ਟਾਟਾ ਨਗਰ)- ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

19. ਦੁਰਗ (ਛੱਤੀਸਗੜ੍ਹ) (98821-42424)- ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ।

20. ਗਾਂਧੀਧਾਮ (ਗੁਜਰਾਤ) - ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਸਭਰਾ ਜੀ ਵਲੋਂ ਪ੍ਰਚਾਰ ਦੀ ਸੇਵਾ ਨਿਭਾਈ ਜਾਂਦੀ ਹੈ। ਕੇਂਦਰ ਵਿਖੇ ਗੁਰਮਤਿ ਕੈਂਪ ਲਗਾਏ ਗਏ ਹਨ।

21. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)- ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

ਪੈਦਲ ਚੱਲੋ ਅਤੇ ਤੰਦਰੁਸਤ ਰਹੋ



ਪੈਦਲ ਚੱਲਣਾ ਇਕ ਚੰਗੀ ਕਸਰਤ ਹੈ, ਜਿਸ ਨਾਲ ਸਰੀਰ ਚੁਸਤ ਅਤੇ ਤੰਦਰੁਸਤ ਰਹਿੰਦਾ ਹੈ। ਹਾਲ ਹੀ ਵਿਚ ਇਕ ਐਰੋਬਿਕਸ ਖੋਜ ਦੇ ਅਨੁਸਾਰ ਜੇਕਰ ਤੁਹਾਡਾ ਸਰੀਰ ਚੁਸਤ ਨਹੀਂ ਹੈ ਤਾਂ ਉਹ ਵੀ ਤੁਹਾਡੇ ਲਈ ਓਨਾ ਹੀ ਖ਼ਤਰਨਾਕ ਹੋ ਸਕਦਾ ਹੈ, ਜਿੰਨਾ ਕਿ ਸਿਗਰਟਨੋਸ਼ੀ ਜਾਂ ਵਧੇਰੇ ਕੋਲੈਸਟਰੋਲ। ਇਸ ਖੋਜ ਦੇ ਅਨੁਸਾਰ ਜੇਕਰ ਤੁਸੀਂ ਸਰੀਰਕ ਮਿਹਨਤ ਕਰਦੇ ਹੋ ਤਾਂ ਤੁਹਾਨੂੰ ਦਿਲ ਦੀਆਂ ਬਿਮਾਰੀਆਂ, ਕੈਂਸਰ ਅਤੇ ਹੋਰ ਕਈ ਬਿਮਾਰੀਆਂ ਦੇ ਹੋਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ। ਜੇਕਰ ਤੁਸੀਂ ਨਿਯਮਿਤ ਇਕ ਘੰਟਾ ਸਵੇਰੇ ਜਾਂ ਰਾਤ ਨੂੰ ਸੈਰ ਕਰਦੇ ਹੋ ਤਾਂ ਤੁਹਾਨੂੰ ਹੇਠ ਲਿਖੇ ਫਾਇਦੇ ਹੋ ਸਕਦੇ ਹਨ:

ਮਾਸਪੇਸ਼ੀਆਂ ਅਤੇ ਜੋੜਾਂ ਵਿਚ ਅਕੜਾਹਟ ਵਿਚ ਢਿੱਲਾਪਨ ਆਉਂਦਾ ਹੈ, ਜੇਕਰ ਤੁਸੀਂ ਨਿਯਮਿਤ ਸਰੀਰਕ ਮਿਹਨਤ ਨਹੀਂ ਕਰਦੇ। ਮਾਸਪੇਸ਼ੀਆਂ ਵਿਚ ਮਜ਼ਬੂਤੀ ਲਿਆਉਣ ਲਈ ਪੈਦਲ ਚੱਲਣਾ ਸਭ ਤੋਂ ਚੰਗੀ ਕਸਰਤ ਹੈ।

ਪੈਦਲ ਚੱਲਣ ਨਾਲ ਤੁਹਾਡੇ ਸਰੀਰ ਵਿਚ ਲਚਕੀਲਾਪਣ ਬਣਿਆ ਰਹਿੰਦਾ ਹੈ। ਉਮਰ ਵਧਣ ਦੇ ਨਾਲ-ਨਾਲ ਜੇਕਰ ਤੁਸੀਂ ਆਪਣੀਆਂ ਮਾਸਪੇਸ਼ੀਆਂ ਵਿਚ ਮਜ਼ਬੂਤੀ ਅਤੇ ਲਚਕੀਲਾਪਣ ਚਾਹੁੰਦੇ ਹੋ ਤਾਂ ਤੁਸੀਂ ਵੱਧ ਤੋਂ ਵੱਧ ਪੈਦਲ ਚੱਲੋ। ਇਸ ਨਾਲ ਤੁਹਾਡਾ ਸਰੀਰ ਤੰਦਰੁਸਤ ਬਣਿਆ ਰਹਿੰਦਾ ਹੈ ਅਤੇ ਜੋੜਾਂ ਦਾ ਦਰਦ ਆਦਿ ਸਮੱਸਿਆਵਾਂ ਦਾ ਸਾਹਮਣਾ ਵੀ ਘੱਟ ਕਰਨਾ ਪੈਂਦਾ ਹੈ।

ਪੈਦਲ ਚੱਲਣ ਨਾਲ ਤੁਹਾਡਾ ਦਿਲ ਵੀ ਸੁਚਾਰੂ ਰੂਪ ਨਾਲ ਕੰਮ ਕਰਦਾ ਹੈ। ਤੁਹਾਡੀਆਂ ਹੱਡੀਆਂ ਦੀ ਸਮਰੱਥਾ ਵੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨੀ ਕਸਰਤ ਕਰਦੇ ਹੋ। ਜੇਕਰ ਤੁਸੀਂ ਨਿਯਮਿਤ ਪੈਦਲ ਚਲਦੇ ਹੋ ਤਾਂ ਹੱਡੀਆਂ ਦੇ ਟੁੱਟਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ।

ਉਮਰ ਵਧਣ ਦੇ ਨਾਲ-ਨਾਲ ਜੇਕਰ ਸਰੀਰ ਵਿਚ ਹੋਣ ਵਾਲੀਆਂ ਕਿਰਿਆਵਾਂ ਦੀ ਦਰ ਵਿਚ ਕਮੀ ਹੋ ਜਾਂਦੀ ਹੈ ਅਤੇ ਸਰੀਰਕ ਕਸਰਤ ਵੀ ਘੱਟ ਹੁੰਦੀ ਹੈ, ਇਸ ਲਈ ਵਾਧੂ ਕੈਲੋਰੀ ਖਰਚ ਨਹੀਂ ਹੁੰਦੀ ਅਤੇ ਮੋਟਾਪਾ, ਬਲੱਡ ਪ੍ਰੈਸ਼ਰ ਆਦਿ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਇਸ ਲਈ ਕਸਰਤ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ ਅਤੇ ਪੈਦਲ ਚੱਲਣ ਤੋਂ ਕੋਈ ਚੰਗੀ ਕਸਰਤ ਨਹੀਂ ਹੋ ਸਕਦੀ।

-0-

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਗੁਰਦੁਆਰਾ ਸ਼ਹੀਦਾਂ ਕਬੀਰ ਨਗਰ ਲੁਧਿਆਣਾ ਵਿਖੇ ਸ. ਗੁਰਚਰਨ ਸਿੰਘ ਬੰਬੇ ਵਾਲਿਆਂ ਅਤੇ ਗੁਰਦੁਆਰਾ ਕਮੇਟੀ ਦੇ ਸਹਿਯੋਗ ਸਦਕਾ ਕੈਪਟਨ ਅਵਤਾਰ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਗੁਰਮਤਿ ਮੁਕਾਬਲੇ ਦੀ ਝਲਕਾਂ



RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

ਮਿਤੀ 20 ਅਗਸਤ 2026 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਸਮੂਹ ਮਿਸ਼ਨਰੀ ਕਾਲਜਾਂ ਦੀ ਹੋਈ ਵਿਚਾਰ ਗੋਸ਼ਟੀ ਦੀਆਂ ਝਲਕਾਂ ਤਸਵੀਰਾਂ ਦੀ ਜ਼ੁਬਾਨੀ।







